












PUNJABSTAR.COM
# ਪੰਜਾਬ ਸਟਾਰ
Phone: 905-673-7666 , Fax: 1-289-206-8611
09 ਅਪ੍ਰੈਲ ਤੋਂ 15 ਅਪ੍ਰੈਲ, 2026
Email :- editor@punjabstar.com, Vo. 20. Issue:1232


## ਅਮਰੀਕਾ-ਇਰਾਨ ਵਿਚਾਲੇ ਦੋ ਹਫ਼ਤਿਆਂ ਲਈ ਟਲੀ ਜੰਗ!

### ਦੋਵੇਂ ਦੇਸ਼ ਜੰਗਬੰਦੀ ਲਈ ਹੋਏ ਰਾਜ਼ੀ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਅਮਰੀਕਾ ਅਤੇ ਇਰਾਨ ਵਿਚਾਲੇ ਜੰਗ 2 ਹਫ਼ਤਿਆਂ ਲਈ ਰੁਕ ਗਈ ਹੈ। ਦੋਵੇਂ ਦੇਸ਼ 2 ਹਫ਼ਤਿਆਂ ਦੇ ਸੀਜ਼ਫਾਇਰ (ਜੰਗਬੰਦੀ) ਲਈ ਸਹਿਮਤ ਹੋ ਗਏ ਹਨ। ਕੁਝ ਘੰਟੇ ਪਹਿਲਾਂ ਇਹ ਧਮਕੀ ਦੇਣ ਤੋਂ ਬਾਅਦ ਕਿ "ਅੱਜ ਰਾਤ ਇੱਕ ਪੂਰੀ ਸਭਿਅਤਾ ਖ਼ਤਮ ਹੋ ਜਾਵੇਗੀ", ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਇਰਾਨ ਨਾਲ ਦੋ ਹਫ਼ਤਿਆਂ ਦੀ ਜੰਗਬੰਦੀ ਕਰ ਲਈ ਹੈ।

ਇਸ ਤੋਂ ਪਹਿਲਾਂ ਉਹ ਇਰਾਨ ਦੇ ਬਿਜਲੀ ਘਰਾਂ ਅਤੇ ਪੁਲਾਂ 'ਤੇ ਹਮਲੇ ਦੀ ਧਮਕੀ ਦੇ ਰਹੇ ਸਨ, ਪਰ ਹੁਣ ਉਨ੍ਹਾਂ ਨੇ ਉਸ ਖ਼ਤਰੇ ਤੋਂ ਪਿੱਛੇ ਹਟਣ ਦਾ ਫ਼ੈਸਲਾ ਕੀਤਾ ਹੈ। *ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਐਡਵਾਂਸ ਪੋਲਿੰਗ ਦੌਰਾਨ ਪਈਆਂ 38000 ਵੋਟਾਂ

### ਤਿੰਨ ਪਾਰਲੀਮਾਨੀ ਹਲਕਿਆਂ ਵਿਚ ਜ਼ਿਮਨੀ ਚੋਣ

ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿਚ ਤਿੰਨ ਪਾਰਲੀਮਾਨੀ ਹਲਕਿਆਂ ਦੀ ਜ਼ਿਮਨੀ ਚੋਣ ਦੌਰਾਨ 38 ਹਜ਼ਾਰ ਲੋਕਾਂ ਨੇ ਵੱਖ ਵੱਖ ਰੁਝੇਵਿਆਂ ਦੇ ਚਲਦਿਆਂ 13 ਅਪ੍ਰੈਲ ਤੋਂ ਪਹਿਲਾਂ ਹੀ ਵੋਟ ਪਾਉਣ ਨੂੰ ਤਰਜੀਹ ਦਿਤੀ। ਮੁੱਖ ਚੋਣ ਅਫ਼ਸਰ ਸਟੀਫ਼ਨ ਪੈਰੋ ਨੇ ਦੱਸਿਆ ਕਿ ਸਕਾਰਬ੍ਰੋਅ ਸਾਊਥ ਵੈਸਟ, ਯੂਨੀਵਰਸਿਟੀ-ਰੋਜ਼ਡੇਲ ਅਤੇ ਕਿਊਬੈਕ ਦੀ ਟੈਰੇਬੌਨ ਸੀਟ 'ਤੇ ਚਾਰ ਦਿਨ ਐਡਵਾਂਸ ਪੋਲਿੰਗ ਜਾਰੀ ਰਹੀ। ਸਭ ਤੋਂ ਵੱਧ 18,200 ਵੋਟਾਂ ਟੈਰੇਬੌਨ ਸੀਟ 'ਤੇ ਪਈਆਂ ਜਦਕਿ ਸਕਾਰਬ੍ਰੋਅ ਸਾਊਥ-ਵੈਸਟ ਸੀਟ 'ਤੇ 10,300 ਅਤੇ ਯੂਨੀਵਰਸਿਟੀ-ਰੋਜ਼ਡੇਲ ਸੀਟ 'ਤੇ 9,400 ਵੋਟਰ ਪੋਲਿੰਗ ਸਟੇਸ਼ਨਾਂ 'ਤੇ ਪੁੱਜੇ। ਇਲੈਕਸ਼ਨਜ਼ ਕੈਨੇਡਾ ਦਾ ਕਹਿਣਾ ਹੈ ਐਡਵਾਂਸ ਪੋਲਿੰਗ ਦੌਰਾਨ ਪਈਆਂ ਵੋਟਾਂ ਦੀ ਗਿਣਤੀ ਜ਼ਿਆਦਾ ਹੋ ਸਕਦੀ ਹੈ ਕਿਉਂਕਿ ਕੁਝ ਵੋਟਾਂ ਗਿਣੀਆਂ ਜਾਣੀਆਂ ਬਾਕੀ ਹਨ।

ਦੱਸ ਦੇਈਏ ਕਿ ਤਿੰਨ ਹਲਕਿਆਂ *ਬਾਕੀ ਸਫ਼ਾ 2 'ਤੇ

# ਲੇਬਨਾਨ 'ਚ ਇਜ਼ਰਾਈਲੀ ਹਮਲਿਆਂ 'ਚ ਇੱਕ ਦਿਨ ਵਿੱਚ 254 ਮੌਤਾਂ

## ਰਾਸ਼ਟਰੀ ਸੋਗ ਦਾ ਕੀਤਾ ਐਲਾਨ

### ਇਰਾਨ ਨੇ ਕਿਹਾ ਕਿ ਜੰਗਬੰਦੀ ਅਤੇ ਯੁੱਧ ਇਕੱਠੇ ਨਹੀਂ ਚੱਲ ਸਕਦੇ



ਲੇਬਨਾਨ (ਪੰਜਾਬ ਸਟਾਰ ਬਿਊਰੋ)
ਲੇਬਨਾਨ ਵਿੱਚ ਇਜ਼ਰਾਈਲੀ ਹਮਲਿਆਂ ਵਿੱਚ ਇੱਕ ਦਿਨ ਵਿੱਚ 254 ਲੋਕ ਮਾਰੇ ਗਏ ਹਨ, ਅਤੇ 1,165 ਤੋਂ ਵੱਧ ਜ਼ਖ਼ਮੀ ਹੋਏ ਹਨ। ਇਸ ਤੋਂ ਬਾਅਦ, ਦੇਸ਼ ਵਿੱਚ ਇੱਕ ਰਾਸ਼ਟਰੀ ਸੋਗ ਦਿਵਸ ਦਾ ਐਲਾਨ ਕੀਤਾ ਗਿਆ ਹੈ। ਲੇਬਨਾਨ ਦੇ ਪ੍ਰਧਾਨ ਮੰਤਰੀ ਨਵਾਫ਼ ਸਲਾਮ ਨੇ ਕਿਹਾ ਕਿ ਉਹ ਇਜ਼ਰਾਈਲੀ ਹਮਲਿਆਂ ਨੂੰ ਰੋਕਣ *ਬਾਕੀ ਸਫ਼ਾ 2 'ਤੇ

### ਲਿਬਨਾਨ 'ਤੇ ਇਜ਼ਰਾਈਲ ਦੇ ਹਮਲੇ ਜਾਰੀ ਰਹਿਣ ਕਾਰਨ

## ਇਰਾਨ ਵੱਲੋਂ ਹੋਰਮੁਜ਼ ਜਲ ਮਾਰਗ ਬੰਦ ਕਰਨ ਦਾ ਐਲਾਨ





(ਪੰਜਾਬ ਸਟਾਰ ਬਿਊਰੋ) ਇਰਾਨੀ ਸਰਕਾਰੀ ਮੀਡੀਆ ਅਤੇ ਨਿਊਜ਼ ਏਜੰਸੀ ਏਪੀ (AP) ਦੀਆਂ ਰਿਪੋਰਟਾਂ ਅਨੁਸਾਰ ਇਰਾਨ ਨੇ ਲਿਬਨਾਨ 'ਤੇ ਇਜ਼ਰਾਈਲ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਦੇ ਵਿਰੋਧ ਵਿੱਚ ਹੋਰਮੁਜ਼ ਜਲ ਮਾਰਗ ਨੂੰ ਪੂਰੀ ਤਰ੍ਹਾਂ ਬੰਦ ਕਰਨ ਦਾ ਫੈਸਲਾ ਕੀਤਾ ਹੈ। ਇਰਾਨ ਨੇ ਇਹ ਕਦਮ ਇਜ਼ਰਾਈਲੀ ਫੌਜੀ ਕਾਰਵਾਈਆਂ ਦਾ ਜਵਾਬ ਦੇਣ ਅਤੇ ਖੇਤਰੀ ਦਬਾਅ ਬਣਾਉਣ ਲਈ ਚੁੱਕਿਆ ਹੈ। ਇਸ ਮਹੱਤਵਪੂਰਨ ਸਮੁੰਦਰੀ ਰਸਤੇ ਦੇ ਬੰਦ ਹੋਣ ਨਾਲ ਦੁਨੀਆ ਭਰ ਦੇ ਤੇਲ ਸਪਲਾਈ ਅਤੇ ਸਮੁੰਦਰੀ ਵਪਾਰ 'ਤੇ ਬਹੁਤ ਗੰਭੀਰ ਅਸਰ ਪੈਣ ਦੀ ਸੰਭਾਵਨਾ ਹੈ ਕਿਉਂਕਿ ਦੁਨੀਆ ਦੇ ਤੇਲ ਵਪਾਰ ਦਾ ਇੱਕ ਬਹੁਤ ਵੱਡਾ ਹਿੱਸਾ ਇਸੇ ਰਸਤੇ ਰਾਹੀਂ ਗੁਜ਼ਰਦਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਸਪੱਸ਼ਟ ਕੀਤਾ ਹੈ ਕਿ ਇਰਾਨ ਨਾਲ ਹੋਏ ਦੋ ਹਫ਼ਤਿਆਂ ਦੇ ਜੰਗਬੰਦੀ ਸਮਝੌਤੇ ਵਿੱਚ ਲਿਬਨਾਨ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਇੱਕ ਇੰਟਰਵਿਊ ਦੌਰਾਨ ਟਰੰਪ ਨੇ ਕਿਹਾ ਕਿ ਹਿਜ਼ਬੁੱਲ੍ਹਾ ਦੀਆਂ ਗਤੀਵਿਧੀਆਂ ਕਾਰਨ ਲਿਬਨਾਨ ਇਸ ਡੀਲ ਦਾ ਹਿੱਸਾ ਨਹੀਂ ਹੈ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਇਸ ਮਸਲੇ ਨੂੰ ਵੀ ਬਾਅਦ ਵਿੱਚ ਹੱਲ ਕਰ ਲਿਆ ਜਾਵੇਗਾ ਪਰ ਫਿਲਹਾਲ ਜੰਗਬੰਦੀ ਦੀਆਂ ਸ਼ਰਤਾਂ ਉੱਥੇ ਲਾਗੂ ਨਹੀਂ ਹੁੰਦੀਆਂ। ਟਰੰਪ ਦੇ ਇਸ ਬਿਆਨ ਨੇ ਸਪਸ਼ਟ ਕਰ ਦਿੱਤਾ ਹੈ ਕਿ ਇਰਾਨ ਨਾਲ ਸ਼ਾਂਤੀ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਲਿਬਨਾਨ ਵਿੱਚ ਹਾਲਾਤ ਹਾਲੇ ਵੀ ਤਣਾਅਪੂਰਨ ਬਣੇ ਰਹਿਣਗੇ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੁਨੀਆ ਭਰ ਦੇ ਦੇਸ਼ਾਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜਿਹੜਾ ਵੀ ਦੇਸ਼ ਇਰਾਨ ਨੂੰ ਹਥਿਆਰਾਂ ਦੀ ਸਪਲਾਈ ਕਰੇਗਾ, ਅਮਰੀਕਾ ਉਸ 'ਤੇ ਤੁਰੰਤ ਪ੍ਰਭਾਵ ਨਾਲ 50 ਫੀਸਦੀ ਟੈਰਿਫ ਲਗਾ ਦੇਵੇਗਾ। ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਇਹ ਫੈਸਲਾ ਬਿਨਾਂ ਕਿਸੇ ਦੇਰੀ ਦੇ ਲਾਗੂ ਕੀਤਾ ਜਾਵੇਗਾ ਅਤੇ ਇਸ ਮਾਮਲੇ ਵਿੱਚ ਕਿਸੇ ਵੀ ਦੇਸ਼ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਰਿਆਇਤ ਜਾਂ ਛੋਟ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਦਾ ਮੰਨਣਾ ਹੈ ਕਿ ਇਰਾਨ ਦੀ ਫੌਜੀ ਤਾਕਤ ਨੂੰ ਰੋਕਣ ਲਈ ਉਨ੍ਹਾਂ ਦੇ *ਬਾਕੀ ਸਫ਼ਾ 2 'ਤੇ

# ਅਮਰੀਕਾ 'ਚ 970 ਪੰਜਾਬੀਆਂ ਨੂੰ ਡਿਪੋਰਟ ਕਰਨ ਦੇ ਹੁਕਮ

### * 2.62 ਲੱਖ ਪ੍ਰਵਾਸੀ ਅਦਾਲਤਾਂ 'ਚ ਹਾਰੇ
### * 1230 ਪੰਜਾਬੀ ਆਰਜ਼ੀ ਤੌਰ 'ਤੇ ਰਹਿ ਸਕਣਗੇ ਅਮਰੀਕਾ





ਹਿਊਸਟਨ, (ਪੰਜਾਬ ਸਟਾਰ ਬਿਊਰੋ): ਅਮਰੀਕਾ ਦੀਆਂ ਇੰਮੀਗ੍ਰੇਸ਼ਨ ਅਦਾਲਤਾਂ ਨੇ ਅਕਤੂਬਰ ਤੋਂ ਫ਼ਰਵਰੀ ਤੱਕ 2 ਲੱਖ 62 ਹਜ਼ਾਰ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਦਿਤੇ ਜਦਕਿ ਟਰੰਪ ਦੇ ਮੁਲਕ ਵਿਚ ਪਨਾਹ ਮੰਗਣ ਵਾਲਿਆਂ ਵਿਚੋਂ ਸਿਰਫ਼ 45 ਫ਼ੀ ਸਦੀ ਨੂੰ ਆਰਜ਼ੀ ਤੌਰ 'ਤੇ ਰਹਿਣ ਦੀ ਇਜਾਜ਼ਤ ਦਿਤੀ ਗਈ। ਡਿਪੋਰਟੇਸ਼ਨ ਦੇ ਹੁਕਮਾਂ ਦਾ ਸਾਹਮਣਾ ਕਰਨ ਵਾਲਿਆਂ ਵਿਚ ਤਕਰੀਬਨ 970 ਪੰਜਾਬੀ ਦੱਸੇ ਜਾ ਰਹੇ ਹਨ ਜਦਕਿ ਕੁਝ ਖੁਸ਼ਕਿਸਮਤ ਪੰਜਾਬੀ ਨੌਜਵਾਨਾਂ ਨੂੰ ਅਸਾਇਲਮ ਕਲੇਮ ਦਾ ਨਿਪਟਾਰਾ ਹੋਣ ਤੱਕ ਅਮਰੀਕਾ ਵਿਚ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਮਿਲ ਗਈ। ਦੂਜੇ ਪਾਸੇ ਟਰੰਪ ਸਰਕਾਰ ਵੱਲੋਂ ਲੱਖਾਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਅਤੇ ਮੈਕਸੀਕੋ ਦੇ ਬਾਰਡਰ 'ਤੇ ਉਚੀਆਂ ਉਚੀਆਂ ਦੀਵਾਰਾਂ ਖੜ੍ਹੀਆਂ ਕਰਨ ਦੇ ਬਾਵਜੂਦ ਫ਼ਰਵਰੀ ਦੌਰਾਨ 9,621 ਪ੍ਰਵਾਸੀਆਂ ਨੂੰ ਬਾਰਡਰ 'ਤੇ ਰੋਕਿਆ ਗਿਆ। ਇਸ ਵੇਲੇ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਦੀ ਹਿਰਾਸਤ ਵਿਚ 73 ਹਜ਼ਾਰ ਪ੍ਰਵਾਸੀ ਮੌਜੂਦ ਹੋਣ ਦੀ ਰਿਪੋਰਟ ਹੈ ਅਤੇ ਡਿਪੋਰਟ ਕੀਤੇ ਜਾ ਰਹੇ ਪ੍ਰਵਾਸੀਆਂ ਵਿਚ ਸਭ ਤੋਂ ਉਚਾ ਅੰਕੜਾ ਮੈਕਸੀਕਨ ਨਾਗਰਿਕਾਂ ਦਾ ਬਣਦਾ ਹੈ।

ਅਮਰੀਕਾ ਵਿਚ ਰਹਿਣ ਦਾ ਹੱਕ ਗੁਆ ਚੁੱਕੇ ਪ੍ਰਵਾਸੀਆਂ ਵਿਚੋਂ ਸਿਰਫ਼ 33 ਫ਼ੀ ਸਦੀ ਕੋਲ ਆਪਣਾ ਪੱਖ ਰੱਖਣ ਲਈ ਵਕੀਲ ਮੌਜੂਦ ਸੀ ਅਤੇ ਸੰਭਾਵਤ ਤੌਰ 'ਤੇ ਇਸੇ ਕਰ ਕੇ ਵੱਡੀ ਗਿਣਤੀ ਵਿਚ ਲੋਕ ਇੰਮੀਗ੍ਰੇਸ਼ਨ ਜੱਜ ਨੂੰ ਅਮਰੀਕਾ ਆਉਣ ਦਾ ਮਕਸਦ ਸਮਝਾਉਣ ਵਿਚ ਅਸਫ਼ਲ ਰਹੇ। ਆਈਸ ਵਾਲੇ ਭਾਵੇਂ ਅਪਰਾਧੀਆਂ ਦੀ ਫੜੋ-ਫੜੀ 'ਤੇ ਜ਼ੋਰ ਦੇ ਰਹੇ ਹਨ ਪਰ ਇੰਮੀਗ੍ਰੇਸ਼ਨ ਡਿਟੈਨਸ਼ਨ ਸੈਂਟਰਾਂ ਵਿਚ ਮੌਜੂਦ ਪ੍ਰਵਾਸੀਆਂ ਵਿਚੋਂ ਅੱਧਿਆਂ ਵਿਰੁੱਧ ਕੋਈ ਅਪਰਾਧਕ ਮਾਮਲਾ ਨਹੀਂ। ਆਈਸ ਦਾ ਦਾਅਵਾ ਹੈ ਕਿ ਡੌਨਲਡ ਟਰੰਪ ਦੇ ਸੱਤਾ ਸੰਭਾਲਣ ਵੇਲੇ 4 ਲੱਖ 35 ਹਜ਼ਾਰ ਦੋਸ਼ੀ ਠਹਿਰਾਏ ਗੈਰਕਾਨੂੰਨੀ ਪ੍ਰਵਾਸੀ ਅਮਰੀਕਾ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ ਮੌਜੂਦ ਸਨ ਜਿਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ ਅਤੇ ਬਾਕੀ ਰਹਿੰਦੇ ਵੀ ਜਲਦ ਮੁਲਕ ਤੋਂ ਬਾਹਰ ਕੱਢ ਦਿਤੇ ਜਾਣਗੇ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਵੱਲੋਂ ਹੁਣ ਵਿਸਤਾਤਰ ਤਰੀਕੇ ਨਾਲ ਦੇਸ਼ ਨਿਕਾਲੇ ਦੇ ਅੰਕੜੇ ਸਾਂਝੇ ਨਹੀਂ ਕੀਤੇ ਜਾ ਰਹੇ ਅਤੇ ਸਿਰਫ਼ ਚੋਣਵੇਂ *ਬਾਕੀ ਸਫ਼ਾ 2 'ਤੇ

## ਅੰਤਰਿਕਸ਼ 'ਚ ਫ੍ਰੈਂਚ ਭਾਸ਼ਾ ਸੁਣਨਾ ਗਰਵ ਦਾ ਪਲ: ਪ੍ਰਧਾਨ ਮੰਤਰੀ ਕਾਰਨੀ



ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਰਟੇਮਿਸ II ਮਿਸ਼ਨ ਦੇ ਕਰੂ ਨਾਲ ਹੋਈ ਗੱਲਬਾਤ ਦੌਰਾਨ ਅੰਤਰਿਕਸ਼ ਯਾਤਰੀ Jeremy Hansen ਦੀ ਖੂਬ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਅੰਤਰਿਕਸ਼ ਵਿੱਚ ਇੱਕ ਕੈਨੇਡੀਅਨ ਨੂੰ ਦੇਖਣਾ ਅਤੇ ਉੱਥੇ ਫ੍ਰੈਂਚ ਭਾਸ਼ਾ ਸੁਣਨਾ ਪੂਰੇ ਦੇਸ਼ ਲਈ ਮਾਣ ਵਾਲੀ ਗੱਲ ਹੈ। ਕਾਰਨੀ ਨੇ Artemis II ਮਿਸ਼ਨ ਨੂੰ "ਬਹੁਤ ਪ੍ਰੇਰਣਾਦਾਇਕ" ਦੱਸਿਆ ਅਤੇ ਕਿਹਾ ਕਿ ਕੈਨੇਡੀਅਨ ਨਾਗਰਿਕ ਹੈਨਸਨ ਅਤੇ ਅਮਰੀਕਾ ਨਾਲ ਸਹਿਯੋਗ 'ਤੇ ਬਹੁਤ ਮਾਣ ਮਹਿਸੂਸ ਕਰ ਰਹੇ ਹਨ। ਉਨ੍ਹਾਂ ਹਾਸਿਆਂ ਭਰੇ ਅੰਦਾਜ਼ ਵਿੱਚ ਕਿਹਾ ਕਿ ਵਾਪਸੀ 'ਤੇ ਉਨ੍ਹਾਂ ਦਾ ਕੈਨੇਡਾ ਵਿੱਚ ਪੈਨਕੇਕ ਅਤੇ ਮੇਪਲ ਸਿਰਪ ਨਾਲ ਸਵਾਗਤ ਕੀਤਾ ਜਾਵੇਗਾ।

**ਤੀਜੀ ਅਤੇ ਆਖਰੀ ਸਪੇਸ ਕਾਲ**

ਇਹ ਕਾਲ Canadian Space Agency ਵੱਲੋਂ ਆਯੋਜਿਤ ਤੀਜੀ ਅਤੇ ਆਖਰੀ ਸਪੇਸ-ਟੂ-ਅਰਥ ਗੱਲਬਾਤ ਸੀ। ਇਸ ਦਾ ਲਾਈਵ ਪ੍ਰਸਾਰਣ John H. Chapman Space Centre ਤੋਂ ਕੀਤਾ ਗਿਆ ਅਤੇ ਇਸ ਨੂੰ ਅੰਤਰਿਕਸ਼ ਯਾਤਰੀ Joshua Kutryk ਨੇ ਸਮਨਵਿਤ ਕੀਤਾ। ਕੈਨੇਡਾ ਦੀ ਇੰਡਸਟਰੀ ਮੰਤਰੀ Mélanie Joly ਵੀ ਇਸ ਕਾਰਜਕ੍ਰਮ ਵਿੱਚ ਮੌਜੂਦ ਰਹੀ। ਉਨ੍ਹਾਂ ਕਿਹਾ ਕਿ ਦੇਸ਼ ਭਰ ਦੇ ਲੋਕ ਨਾ ਸਿਰਫ਼ ਮਾਣ ਮਹਿਸੂਸ ਕਰ ਰਹੇ ਹਨ, ਸਗੋਂ ਇਸ ਮਿਸ਼ਨ ਤੋਂ ਉਨ੍ਹਾਂ ਨੂੰ ਉਮੀਦ ਅਤੇ ਸਕਾਰਾਤਮਕਤਾ ਵੀ ਮਿਲ ਰਹੀ ਹੈ।

# Libya ਨੇੜੇ ਸਮੁੰਦਰ 'ਚ ਕਿਸ਼ਤੀ ਪਲਟੀ; 80 ਤੋਂ ਵੱਧ ਪਰਵਾਸੀ ਲਾਪਤਾ



ਲਿਬੀਆ, (ਪੰਜਾਬ ਸਟਾਰ ਬਿਊਰੋ): ਸੰਯੁਕਤ ਰਾਸ਼ਟਰ (UN) ਨੇ ਏਪੀ ਦੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਹੈ ਕਿ ਲਿਬੀਆ ਤੋਂ ਰਵਾਨਾ ਹੋਈ ਇੱਕ ਕਿਸ਼ਤੀ ਸਮੁੰਦਰ ਵਿੱਚ ਪਲਟ ਗਈ ਹੈ, ਜਿਸ ਕਾਰਨ 80 ਤੋਂ ਵੱਧ ਪਰਵਾਸੀ ਲਾਪਤਾ ਹੋ ਗਏ ਹਨ ਜੋ ਬਿਹਤਰ ਭਵਿੱਖ ਦੀ ਭਾਲ ਵਿੱਚ ਯੂਰਪ ਜਾ ਰਹੇ ਸਨ ਪਰ ਰਸਤੇ ਵਿੱਚ ਹੀ ਹਾਦਸੇ ਦਾ ਸ਼ਿਕਾਰ ਹੋ ਗਏ। ਰਾਹਤ ਅਤੇ ਬਚਾਅ ਕਾਰਜਾਂ ਦੌਰਾਨ ਲਾਪਤਾ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ ਪਰ ਸਮਾਂ ਬੀਤਣ ਦੇ ਨਾਲ ਉਨ੍ਹਾਂ ਦੇ ਬਚਣ ਦੀ ਉਮੀਦ ਘਟਦੀ ਜਾ ਰਹੀ ਹੈ।

ਮਾਹਰਾਂ ਅਨੁਸਾਰ ਲਿਬੀਆ ਤੋਂ ਯੂਰਪ ਜਾਣ ਵਾਲਾ ਇਹ ਸਮੁੰਦਰੀ ਰਸਤਾ ਦੁਨੀਆ ਦੇ ਸਭ ਤੋਂ ਖ਼ਤਰਨਾਕ ਰਸਤਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਅਕਸਰ ਪਰਵਾਸੀਆਂ ਨੂੰ ਸਮਰੱਥਾ ਤੋਂ ਵੱਧ ਲੋਕਾਂ ਨਾਲ ਲੱਦੀਆਂ ਹੋਈਆਂ ਅਤੇ ਖ਼ਸਤਾ ਹਾਲਤ ਕਿਸ਼ਤੀਆਂ ਵਿੱਚ ਭੇਜਿਆ ਜਾਂਦਾ ਹੈ, ਜਿਸ ਕਾਰਨ ਅਜਿਹੇ ਹਾਦਸੇ ਵਾਪਰਦੇ ਹਨ। *ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਸਿੱਖ ਵਿਰਾਸਤੀ ਮਹੀਨੇ ਦੀਆਂ ਗੂੰਜਾਂ

### ਓਨਟਾਰੀਓ 'ਚ ਐਨ.ਡੀ.ਪੀ. ਦੀ ਆਗੂ ਨੇ ਦਿੱਤੀ ਵਧਾਈ



ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿਚ ਸਿੱਖ ਵਿਰਾਸਤੀ ਮਹੀਨੇ ਦੌਰਾਨ ਵੱਖ ਵੱਖ ਰਾਜਾਂ ਵਿਚ ਸਮਾਗਮਾਂ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ ਅਤੇ ਸਿਆਸਤਦਾਨਾਂ ਸਣੇ ਸਮਾਜਿਕ ਸ਼ਖਸੀਅਤਾਂ ਵੱਲੋਂ ਸਮਾਗਮਾਂ ਵਿਚ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ ਜਾ ਰਹੀ ਹੈ। ਉਨਟਾਰੀਓ ਵਿਚ ਐਨ.ਡੀ.ਪੀ. ਦੀ ਆਗੂ ਮੈਰਿਟ ਸਟਾਈਲਜ਼ ਨੇ ਸਿੱਖ ਵਿਰਾਸਤੀ ਮਹੀਨੇ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਭਾਈਚਾਰੇ ਨੇ ਸੂਬੇ ਦੀ ਸਿਆਸਤ, ਕਾਰੋਬਾਰੀ ਖੇਤਰ, ਕਲਾ ਖੇਤਰ ਅਤੇ ਕਾਨੂੰਨ ਦੇ ਖੇਤਰ ਵਿਚ ਵੱਡਾ ਯੋਗਦਾਨ ਪਾਇਆ।

ਉਨ੍ਹਾਂ ਕਿਹਾ ਕਿ ਉਨਟਾਰੀਓ ਵਿਚ 3 ਲੱਖ ਤੋਂ ਵੱਧ ਸਿੱਖ ਵਸਦੇ ਹਨ ਜਿਨ੍ਹਾਂ ਦਾ ਅਮੀਰ ਸਭਿਆਚਾਰ ਅਤੇ ਉਚ ਪੱਧਰੀ ਰਵਾਇਤਾਂ ਸਾਡੇ ਸੂਬੇ ਦੀ ਸਭਿਆਚਾਰ ਤਾਣੀ ਨੂੰ ਵਧੇਰੇ ਵੰਨ ਸੁਵੰਨਾ ਬਣਾਉਂਦੀ ਹੈ। * ਬਾਕੀ ਸਫ਼ਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ

• ਪਾਵਰ ਆਫ ਸੇਲ ਨੋਟਿਸ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ?
ਕਰਜ਼ੇ ਦੀ ਸਿਰਦਰਦੀ?
www.MakeMeDebtFree.ca
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
416-502-3100 1888-864-3131

Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7


BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
◆ Auto Accident
◆ Family Member Claims
◆ Pedestrian Hit Accident
◆ Short & Long-Term Disability
◆ Slip & Fall
◆ CPP Disability
◆ Bicycle Accident
◆ Wrongful Death & Fata accidents


Harjit Brar
Sales Representative
416-417-6010

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090


Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਹੁਣ ਟਰੰਪ ਦੀ ਨਜ਼ਰ ਪੰਜਾਬੀ ਟ੍ਰਾਂਸਪੋਰਟਰਾਂ 'ਤੇ

## * ਕੈਲੇਫੋਰਨੀਆ ਦੀ ਫ਼ਰਮ ਨੂੰ 8 ਮਿਲੀਅਨ ਡਾਲਰ ਜੁਰਮਾਨਾ
## * ਲਹਿੰਦੇ ਪੰਜਾਬ ਦਾ ਡਰਾਈਵਰ ਚਲਾ ਰਿਹਾ ਸੀ ਟਰੱਕ



ਓਕਲਾਹੋਮਾ ਸਿਟੀ : ਅਮਰੀਕਾ ਵਿਚ ਪੰਜਾਬੀ ਟਰੱਕ ਡਰਾਈਵਰਾਂ ਨੂੰ ਛਿੜੀ ਬਿਪਤਾ ਦਰਮਿਆਨ ਪੰਜਾਬੀ ਪਰਵਾਰ ਦੀ ਮਾਲਕੀ ਵਾਲੀ ਟ੍ਰਾਂਸਪੋਰਟ ਕੰਪਨੀ ਨੂੰ 78 ਲੱਖ ਡਾਲਰ ਹਰਜਾਨਾ ਅਦਾ ਕਰਨ ਦੇ ਹੁਕਮ ਦਿਤੇ ਗਏ ਹਨ। ਕੈਲੇਫੋਰਨੀਆ ਨਾਲ ਸਬੰਧਤ ਚੰਦੀ 209 ਟ੍ਰਕਿੰਗ ਇਨਕਾਰਪੋਰੇਟਡ ਦਾ ਟਰੱਕ ਪਾਕਿਸਤਾਨ ਤੋਂ ਆਇਆ 32 ਸਾਲਾ ਵਿਲਾਇਤ ਹੁਸੈਨ ਚਲਾ ਰਿਹਾ ਸੀ ਜਦੋਂ ਓਕਲਾਹੋਮਾ ਸਿਟੀ ਦੇ ਦੱਖਣ-ਪੱਛਮ ਵੱਲ ਵਾਪਰੇ ਹਾਦਸੇ ਦੌਰਾਨ ਇਕ ਜਣਾ ਗੰਭੀਰ ਜ਼ਖਮੀ ਹੋ ਗਿਆ। ਓਕਲਾਹੋਮਾ ਕਾਊਂਟੀ ਦੀ ਜਿਊਰੀ ਮੁਤਾਬਕ ਵਿਲਾਇਤ ਹੁਸੈਨ ਸਟੌਪ ਸਾਈਨ 'ਤੇ ਰੁਕਣ ਵਿਚ ਅਸਫ਼ਲ ਰਿਹਾ ਅਤੇ ਆਪਣੇ ਟਰੱਕ ਨੂੰ ਮੋੜਨ ਲੱਗਾ। ਇਸੇ ਦੌਰਾਨ ਪਿਕਟੱਕ ਟਰੱਕ ਵਿਚ ਸਵਾਰ 31 ਸਾਲਾ ਲੂਇਸ ਦੀ ਟੱਕਰ ਟਰੱਕ ਨਾਲ ਹੋ ਗਈ। ਅਦਾਲਤ ਵਿਚ ਪੇਸ਼ ਮੈਡੀਕਲ ਰਿਕਾਰਡ ਮੁਤਾਬਕ ਲੂਹਿਸ ਨੂੰ ਸਿਰ ਅਤੇ ਧੌਣ 'ਤੇ ਗੰਭੀਰ ਸੱਟਾਂ ਵੱਜੀਆਂ ਅਤੇ ਧੌਣ ਦੀ ਸਰਜਰੀ ਵੀ ਕਰਵਾਉਣੀ ਪਈ।

ਲੂਇਸ ਦੇ ਵਕੀਲਾਂ ਨੇ ਅਦਾਲਤੀ ਫ਼ੈਸਲੇ 'ਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਇਸ ਨਾਲ ਹੋਰਨਾਂ ਟਰੱਕ ਡਰਾਈਵਰਾਂ ਅਤੇ ਟ੍ਰਾਂਸਪੋਰਟ ਕੰਪਨੀਆਂ ਨੂੰ ਵੀ ਸਖ਼ਤ ਸੁਨੇਹਾ ਮਿਲੇਗਾ ਅਤੇ ਮੁਕੰਮਲ ਤੌਰ 'ਤੇ ਸਿਖਲਾਈ ਪ੍ਰਾਪਤ ਡਰਾਈਵਰ ਹੀ ਭਰਤੀ ਕੀਤੇ ਜਾਣਗੇ। ਲੂਇਸ ਦੇ ਵਕੀਲਾਂ ਨੇ ਦਾਅਵਾ ਕੀਤਾ ਕਿ ਚੰਦੀ 209 ਟ੍ਰਕਿੰਗ ਵੱਲੋਂ ਵਿਲਾਇਤ ਹੁਸੈਨ ਦੀ ਭਰਤੀ ਕਰਦਿਆਂ ਵੱਡੀ ਅਣਗਹਿਲੀ ਵਰਤੀ ਗਈ। ਉਨ੍ਹਾਂ ਕਿਹਾ ਕਿ ਪੈਨਸਿਲਵੇਨੀਆ ਵਿਚ ਰਹਿੰਦਾ ਵਿਲਾਇਤ ਹੁਸੈਨ ਹਾਲ ਹੀ ਵਿਚ ਪਾਕਿਸਤਾਨ ਤੋਂ ਆਇਆ ਸੀ ਅਤੇ ਉਸ ਨੂੰ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਆਉਂਦੀ। ਦੂਜੇ ਪਾਸੇ ਵਿਲਾਇਤ ਹੁਸੈਨ ਅਤੇ ਚੰਦੀ 209 ਟ੍ਰਕਿੰਗ ਦੀ ਨੁਮਾਇੰਦਗੀ ਕਰ ਰਹੇ ਵਕੀਲਾਂ ਨੇ ਮੀਡੀਆ ਨਾਲ ਕੋਈ ਗੱਲਬਾਤ ਨਾ ਕੀਤੀ ਪਰ ਡਰਾਈਵਰ ਦੀ ਭਰਤੀ ਦੌਰਾਨ ਅਣਗਹਿਲੀ ਵਰਤਣ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਬਚਾਅ ਪੱਖ ਦੇ ਵਕੀਲਾਂ ਮੁਤਾਬਕ ਵਿਲਾਇਤ ਹੁਸੈਨ ਆਪਣਾ ਟ੍ਰੈਕਟਰ ਟ੍ਰੇਲਰ ਮੋੜ ਰਿਹਾ ਸੀ ਅਤੇ ਲੂਇਸ ਸਹੀ ਅੰਦਾਜ਼ਾ ਲਾਉਣ ਵਿਚ ਅਸਫ਼ਲ ਰਿਹਾ। ਉਨ੍ਹਾਂ ਇਹ ਵੀ ਕਿਹਾ ਕਿ ਹਾਦਸੇ ਦੌਰਾਨ ਲੂਇਸ ਗੰਭੀਰ ਜ਼ਖਮੀ ਨਹੀਂ ਹੋਇਆ ਅਤੇ ਹਰਜਾਨੇ ਦੀ ਰਕਮ ਅਮਰੀਕਾ ਦੇ ਸੰਵਿਧਾਨ ਦੀ ਉਲੰਘਣਾ ਕਰਦੀ ਹੈ। ਉਧਰ, ਲੂਇਸ ਦੇ ਵਕੀਲਾਂ ਦਾ ਕਹਿਣਾ ਸੀ ਕਿ ਤਕਰੀਬਨ 8 ਮਿਲੀਅਨ ਡਾਲਰ ਦਾ ਹਰਜਾਨਾ ਸਮੁੱਚੇ ਅਮਰੀਕਾ ਦੀਆਂ ਟ੍ਰਾਂਸਪੋਰਟ ਕੰਪਨੀਆਂ ਨੂੰ ਸਪੱਸ਼ਟ ਸੁਨੇਹਾ ਦਿੰਦਾ ਹੈ ਕਿ ਡਰਾਈਵਰਾਂ ਦੀ ਭਰਤੀ ਅਤੇ ਟ੍ਰੇਨਿੰਗ ਨੂੰ ਅਹਿਮੀਅਤ ਦਿਤੀ ਜਾਵੇ।

ਇਹ ਪੁੱਛੇ ਜਾਣ ਕਿ ਕੀ ਚੰਦੀ 209 ਟ੍ਰਕਿੰਗ ਵੱਲੋਂ ਜਿਊਰੀ ਦੇ ਫ਼ੈਸਲੇ ਵਿਰੁੱਧ ਅਪੀਲ ਕੀਤੀ ਜਾ ਸਕਦੀ ਹੈ ਤਾਂ ਉਨ੍ਹਾਂ ਕਿਹਾ ਕਿ ਫ਼ਿਲਹਾਲ ਇਸ ਬਾਰੇ ਕੁਝ ਵੀ ਕਹਿਣਾ ਮੁਸ਼ਕਲ ਹੈ। ਦੱਸ ਦੇਈਏ ਕਿ 3 ਮਾਰਚ 2024 ਦੀ ਰਾਤ ਵਾਪਰੇ ਹਾਦਸੇ ਦੌਰਾਨ ਵਿਲਾਇਤ ਹੁਸੈਨ ਆਪਣਾ ਟਰੱਕ ਪ੍ਰਾਈਵੇਟ ਡਰਾਈਵ ਵੇਅ ਵਿਚੋਂ ਕੱਢ ਕੇ ਸੜਕ 'ਤੇ ਲਿਜਾ ਰਿਹਾ ਸੀ ਅਤੇ ਇਸ ਦੌਰਾਨ ਨਿਯਮਾਂ ਦੀ ਪਾਲਣਾ ਨਾ ਕੀਤੀ ਗਈ। ਅਮਰੀਕਾ ਵਿਚ ਟਰੱਕਾਂ ਨਾਲ ਸਬੰਧਤ ਹਾਦਸਿਆਂ ਦੌਰਾਨ 2023 ਵਿਚ 4,354 ਜਣਿਆਂ ਦੀ ਜਾਨ ਗਈ ਅਤੇ ਇਹ ਅੰਕੜਾ 2009 ਦੇ ਮੁਕਾਬਲੇ 38 ਫ਼ੀ ਸਦੀ ਵੱਧ ਬਣਦਾ ਹੈ। ਵਿਲਾਇਦ ਹੁਸੈਨ ਅਤੇ ਚੰਦੀ 209 ਟ੍ਰਕਿੰਗ ਨਾਲ ਸਬੰਧਤ ਫ਼ੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਵਿਚ ਨੌਨ ਡੌਮੀਸਾਈਲ ਟਰੱਕ ਡਰਾਈਵਰਾਂ ਨੂੰ ਕਿੱਤੇ ਵਿਚੋਂ ਬਾਹਰ ਕੀਤਾ ਜਾ ਰਿਹਾ ਹੈ। ਅੰਗਰੇਜ਼ੀ ਵਿਚ ਮੁਹਾਰਤ ਨਾ ਹੋਣ ਕਰ ਕੇ 14 ਹਜ਼ਾਰ ਤੋਂ ਵੱਧ ਡਰਾਈਵਰਾਂ ਦੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਰੱਦ ਹੋ ਚੁੱਕੇ ਹਨ ਜਦਕਿ ਇੰਡਿਆਨਾ ਵਰਗੇ ਰਾਜਾਂ ਵਿਚ ਨੌਨ ਡੌਮੀਸਾਈਲ ਡਰਾਈਵਰਾਂ ਨੂੰ ਸੀ.ਡੀ.ਐਲ. ਜਾਰੀ ਕਰਨ 'ਤੇ ਮੁਕੰਮਲ ਰੋਕ ਲਾਈ ਜਾ ਚੁੱਕੀ ਹੈ।

# SGPC ਮੈਂਬਰ ਪਰਮਜੀਤ ਕੌਰ ਲਾਂਡਰਾਂ ਮੁੜ ਸ਼੍ਰੋਮਣੀ ਅਕਾਲੀ ਦਲ 'ਚ ਹੋਏ ਸ਼ਾਮਲ

ਚੰਡੀਗੜ੍ਹ: ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਕੌਰ ਲਾਂਡਰਾਂ ਬੁੱਧਵਾਰ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮੌਜੂਦਗੀ ਵਿਚ ਮੁੜ ਸ਼੍ਰੋਮਣੀ ਅਕਾਲੀ ਦਲ ਵਿਚ ਮੁੜ ਸ਼ਾਮਿਲ ਹੋ ਗਏ। ਪਾਰਟੀ ਵਲੋਂ ਇਸ ਸੰਬੰਧੀ ਇਕ ਟਵੀਟ ਸਾਂਝਾ ਕੀਤਾ ਗਿਆ ਤੇ ਕਿਹਾ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਕਾਲੀ ਸਰਕਾਰ ਵਿਚ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਸਾਬਕਾ ਚੇਅਰਪਰਸਨ ਬੀਬੀ ਲਾਂਡਰਾਂ ਨੇ ਪਾਰਟੀ ਵਿਚ ਵਾਪਸੀ ਦਾ ਸਵਾਗਤ ਕਰਨ ਲਈ ਪਾਰਟੀ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਸਾਰੇ ਪੰਜਾਬੀਆਂ ਨੂੰ ਪੰਥ ਅਤੇ ਪੰਜਾਬੀਆਂ ਦੇ ਨਾਲ-ਨਾਲ ਸੂਬੇ ਦੀ ਇਕੋ-ਇਕ ਖੇਤਰੀ ਪਾਰਟੀ ਵਿਰੁੱਧ ਕੰਮ ਕਰਨ ਵਾਲੀਆਂ ਤਾਕਤਾਂ ਨੂੰ ਪਛਾਣਨ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਅਕਾਲੀ ਦਲ ਵਿਚ ਵਾਪਸ ਆਉਣ ਦੀ ਅਪੀਲ ਕੀਤੀ। ਲਾਂਡਰਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ 2027 ਵਿਚ ਸੁਖਬੀਰ ਸਿੰਘ ਬਾਦਲ ਦੀ ਗਤੀਸ਼ੀਲ ਅਗਵਾਈ ਹੇਠ ਸਰਕਾਰ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ।

# ਈਰਾਨ ਨੇ ਜੰਗਬੰਦੀ ਲਈ ਅਮਰੀਕਾ ਅੱਗੇ ਰੱਖੀਆਂ 10 ਸ਼ਰਤਾਂ



ਈਰਾਨ ਨੇ ਅਮਰੀਕਾ ਨਾਲ ਕਿਸੇ ਵੀ ਜੰਗਬੰਦੀ ਲਈ ਆਪਣੀਆਂ ਸ਼ਰਤਾਂ ਅੱਗੇ ਰੱਖੀਆਂ ਹਨ। ਈਰਾਨ ਨੇ ਪਾਕਿਸਤਾਨ ਦੇ ਜ਼ਰੀਏ ਅਮਰੀਕੀ ਪ੍ਰਸਤਾਵ ਦਾ ਜਵਾਬ ਭੇਜਿਆ ਅਤੇ ਸਪੱਸ਼ਟ ਕਿਹਾ ਕਿ ਉਹ ਅਸਥਾਈ ਜੰਗਬੰਦੀ ਨਹੀਂ ਸਗੋਂ ਯੁੱਧ ਦਾ ਸਥਾਈ ਅੰਤ ਚਾਹੁੰਦਾ ਹੈ। ਰਿਪੋਰਟ ਅਨੁਸਾਰ ਇਰਾਨ ਨੇ 10 ਸ਼ਰਤਾਂ ਰੱਖੀਆਂ ਹਨ। ਇਨ੍ਹਾਂ ਸ਼ਰਤਾਂ ਵਿੱਚ ਖੇਤਰੀ ਟਕਰਾਅ ਨੂੰ ਖਤਮ ਕਰਨਾ, ਹੋਰਮੁਜ਼ ਜਲਡਮਰੂ ਰਾਹੀਂ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਲਈ ਇੱਕ ਪ੍ਰੋਟੋਕੋਲ, ਪਾਬੰਦੀਆਂ ਹਟਾਉਣਾ ਅਤੇ ਪੁਨਰ ਨਿਰਮਾਣ ਸ਼ਾਮਿਲ ਹੈ।

ਈਰਾਨੀ ਫੌਜ ਨੇ ਕਿਹਾ ਕਿ ਉਹ ਅਮਰੀਕਾ ਅਤੇ ਇਜ਼ਰਾਈਲ ਦੇ ਖਿਲਾਫ ਜੰਗ ਉਦੋਂ ਤੱਕ ਜਾਰੀ ਰੱਖੇਗੀ ਜਦੋਂ ਤੱਕ ਸਿਆਸੀ ਲੀਡਰਸ਼ਿਪ ਇਸ ਨੂੰ ਉਚਿਤ ਸਮਝਦੀ ਹੈ। ਫੌਜ ਦੇ ਬੁਲਾਰੇ ਮੁਹੰਮਦ ਅਕਰਮੀਨੀਆ ਨੇ ਕਿਹਾ ਅਸੀਂ ਉਦੋਂ ਤੱਕ ਜੰਗ ਜਾਰੀ ਰੱਖ ਸਕਦੇ ਹਾਂ ਜਦੋਂ ਤੱਕ ਸਿਆਸੀ ਲੀਡਰਸ਼ਿਪ ਇਸ ਨੂੰ ਸਹੀ ਸਮਝਦੀ ਹੈ। ਉਨ੍ਹਾਂ ਕਿਹਾ ਕਿ ਇਸ ਜੰਗ ਤੋਂ ਬਾਅਦ ਅਜਿਹਾ ਪੱਧਰ ਹਾਸਿਲ ਕਰਨਾ ਜ਼ਰੂਰੀ ਹੈ ਕਿ ਦੁਸ਼ਮਣ ਪਛਤਾਵੇ ਅਤੇ ਭਵਿੱਖ ਵਿੱਚ ਅਜਿਹੀ ਸਥਿਤੀ ਦੁਬਾਰਾ ਨਾ ਪੈਦਾ ਹੋਵੇ। ਦੂਜੇ ਪਾਸੇ ਇਜ਼ਰਾਈਲ ਨੇ ਅੱਜ ਫਿਰ ਤੋਂ ਈਰਾਨੀ ਗੈਸ ਫੀਲਡ 'ਤੇ ਹਮਲਾ ਕੀਤਾ। ਦੱਖਣੀ ਪਾਰਸ ਦੁਨੀਆ ਦਾ ਸਭ ਤੋਂ ਵੱਡਾ ਗੈਸ ਖੇਤਰ ਹੈ ਅਤੇ ਇਹ ਈਰਾਨ ਅਤੇ ਕਤਰ ਵਿਚਕਾਰ ਫੈਲਿਆ ਹੋਇਆ ਹੈ। ਇਜ਼ਰਾਈਲ ਨੇ ਹਮਲੇ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਬਾਅਦ ਈਰਾਨ ਨੇ ਕਿਹਾ ਕਿ ਪਲਾਂਟ ਵਿਚ ਲੱਗੀ ਅੱਗ ਬੁਝ ਗਈ ਹੈ ਅਤੇ ਨੁਕਸਾਨ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ। ਰਿਪੋਰਟ ਅਨੁਸਾਰ ਇਜ਼ਰਾਈਲੀ ਹਮਲੇ ਦਾ ਨਿਸ਼ਾਨਾ ਬਣੇ ਪੈਟਰੋ ਕੈਮੀਕਲ ਪਲਾਂਟ ਨੂੰ ਲੱਗੀ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ। ਇਸ ਤੋਂ ਪਹਿਲਾਂ ਆਪਣੀ ਰਿਪੋਰਟ 'ਚ ਏਜੰਸੀ ਨੇ ਕਿਹਾ ਕਿ ਅਸਲੂਏਹ 'ਚ ਦੱਖਣੀ ਪਾਰਸ ਪੈਟਰੋ ਕੈਮੀਕਲ ਪਲਾਂਟ ਤੋਂ 'ਕਈ ਧਮਾਕੇ' ਸੁਣੇ ਗਏ ਸਨ।

# ਪੱਛਮੀ ਏਸ਼ੀਆ ਤਣਾਅ !
# ਤਹਿਰਾਨ ਦੇ ਰਿਹਾਇਸ਼ੀ ਇਲਾਕਿਆਂ 'ਚ ਹਮਲੇ ਕਾਰਨ 13 ਲੋਕਾਂ ਦੀ ਮੌਤ



ਤਹਿਰਾਨ: ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ 'ਤੇ ਹਮਲੇ ਤੇਜ਼ ਕਰ ਦਿੱਤੇ ਹਨ। ਸੋਮਵਾਰ ਤੜਕੇ ਈਰਾਨ ਦੀ ਰਾਜਧਾਨੀ ਤਹਿਰਾਨ ਦੇ ਦੱਖਣ-ਪੱਛਮ ਵਿੱਚ ਇਸਲਾਮ ਸ਼ਹਿਰ ਦੇ ਨੇੜੇ ਇੱਕ ਰਿਹਾਇਸ਼ੀ ਇਮਾਰਤ 'ਤੇ ਹੋਏ ਹਵਾਈ ਹਮਲੇ ਵਿੱਚ ਘੱਟੋ-ਘੱਟ 13 ਲੋਕ ਮਾਰੇ ਗਏ। ਈਰਾਨੀ ਮੀਡੀਆ ਨੇ ਦੱਸਿਆ ਕਿ ਹਮਲਾ ਸ਼ਹਿਰ ਦੇ ਨੇੜੇ ਇੱਕ ਇਲਾਕੇ ਵਿੱਚ ਹੋਇਆ, ਇਮਾਰਤ ਨੂੰ ਨਿਸ਼ਾਨਾ ਬਣਾਉਣ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੈ। ਸਥਾਨਕ ਨਿਊਜ਼ ਏਜੰਸੀਆਂ ਅਨੁਸਾਰ ਹਮਲੇ ਤੋਂ ਬਾਅਦ ਇਲਾਕੇ ਚ ਕਾਫੀ ਤਬਾਹੀ ਹੋਈ ਹੈ ਅਤੇ ਬਚਾਅ ਅਤੇ ਰਾਹਤ ਕਾਰਜ ਜਾਰੀ ਹਨ। ਕਈ ਲੋਕਾਂ ਦੇ ਮਲਬੇ ਹੇਠ ਫਸਣ ਦਾ ਖਦਸ਼ਾ ਹੈ। ਅਧਿਕਾਰੀਆਂ ਨੇ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ ਵੱਧ ਸਕਦੀ ਹੈ, ਕਿਉਂਕਿ ਕਈ ਲੋਕ ਗੰਭੀਰ ਜ਼ਖਮੀ ਹਨ। ਇਸ ਦੌਰਾਨ ਤਹਿਰਾਨ ਵਿੱਚ ਸ਼ਰੀਫ ਯੂਨੀਵਰਸਿਟੀ ਆਫ਼ ਟੈਕਨਾਲੋਜੀ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਈਰਾਨੀ ਮੀਡੀਆ ਦੇ ਅਨੁਸਾਰ ਹਮਲੇ ਨੇ ਕੁਝ ਯੂਨੀਵਰਸਿਟੀ ਇਮਾਰਤਾਂ ਦੇ ਨਾਲ-ਨਾਲ ਨੇੜਲੇ ਗੈਸ ਵੰਡ ਕੇਂਦਰ ਨੂੰ ਵੀ ਨੁਕਸਾਨ ਪਹੁੰਚਾਇਆ। ਯੂਨੀਵਰਸਿਟੀ ਕੈਂਪਸ ਦੇ ਅੰਦਰ ਸਹੀ ਨਿਸ਼ਾਨਾ ਅਜੇ ਵੀ ਅਸਪਸ਼ਟ ਹੈ।

ਯੁੱਧ ਦੇ ਕਾਰਨ ਦੇਸ਼ ਭਰ ਵਿੱਚ ਵਿਦਿਅਕ ਸੰਸਥਾਵਾਂ ਬੰਦ ਹਨ ਅਤੇ ਸਾਰੀਆਂ ਕਲਾਸਾਂ ਔਨਲਾਈਨ ਕਰਵਾਈਆਂ ਜਾ ਰਹੀਆਂ ਹਨ, ਜਿਸ ਨਾਲ ਕੈਂਪਸ ਪਹਿਲਾਂ ਹੀ ਖਾਲੀ ਰਹਿ ਗਿਆ ਹੈ। ਸਥਾਨਕ ਲੋਕਾਂ ਦੇ ਅਨੁਸਾਰ ਕਈ ਘੰਟਿਆਂ ਤੱਕ ਅਸਮਾਨ ਉੱਤੇ ਹੇਠਾਂ ਘੁੰਮਦੇ ਲੜਾਕੂ ਜਹਾਜ਼ਾਂ ਦੀ ਆਵਾਜ਼ ਨੇ ਵਧਦੀ ਸਥਿਤੀ ਨੂੰ ਹੋਰ ਵਧਾ ਦਿੱਤਾ। ਦੂਜੇ ਪਾਸੇ ਇਜ਼ਰਾਈਲ ਦੀਆਂ ਸੁਰੱਖਿਆ ਏਜੰਸੀਆਂ ਨੇ ਇੱਕ ਮਿਜ਼ਾਈਲ ਅਲਰਟ ਜਾਰੀ ਕੀਤਾ, ਜਦੋਂ ਕਿ ਦੁਬਈ, ਸੰਯੁਕਤ ਅਰਬ ਅਮੀਰਾਤ ਵਿੱਚ ਦੋ ਇਸੇ ਤਰ੍ਹਾਂ ਦੇ ਅਲਰਟ ਜਾਰੀ ਕੀਤੇ ਗਏ। ਉੱਥੇ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਸਰਗਰਮ ਕੀਤਾ ਗਿਆ ਸੀ, ਪਰ ਇਹ ਸਪੱਸ਼ਟ ਨਹੀਂ ਸੀ ਕਿ ਕਿਹੜੇ ਈਰਾਨੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਓਧਰ ਕੁਵੈਤ ਨੇ ਵੀ ਸੰਭਾਵੀ ਖਤਰਿਆਂ ਨੂੰ ਰੋਕਣ ਲਈ ਰਾਤੋ ਰਾਤ ਆਪਣੇ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਕਈ ਵਾਰ ਤਾਇਨਾਤ ਕਰਨ ਦਾ ਦਾਅਵਾ ਕੀਤਾ ਹੈ।

# ਪੇਜ ਇੱਕ ਦੀ ਬਾਕੀ

## ਅਮਰੀਕਾ-ਇਰਾਨ...

ਇਰਾਨ ਵੱਲੋਂ ਵੀ ਵਿਦੇਸ਼ ਮੰਤਰੀ ਸਈਅਦ ਅੱਬਾਸ ਅਰਾਘਚੀ ਨੇ ਸੀਜ਼ਫਾਇਰ 'ਤੇ ਮੋਹਰ ਲਗਾਈ ਹੈ। ਟਰੰਪ ਨੇ ਕਿਹਾ ਕਿ ਸਾਨੂੰ ਇਰਾਨ ਤੋਂ ਇੱਕ 10-ਨੁਕਾਤੀ ਪ੍ਰਸਤਾਵ ਮਿਲਿਆ ਹੈ, ਜਿਸ 'ਤੇ ਅਸੀਂ ਵਿਚਾਰ ਕਰ ਰਹੇ ਹਾਂ। ਦੂਜੇ ਪਾਸੇ, ਇਰਾਨ ਦਾ ਦਾਅਵਾ ਹੈ ਕਿ ਟਰੰਪ ਨੇ ਸਾਡੀਆਂ 10 ਸ਼ਰਤਾਂ ਮੰਨ ਲਈਆਂ ਹਨ। ਜੇਕਰ ਹੁਣ ਸਾਡੇ 'ਤੇ ਹਮਲਾ ਨਹੀਂ ਹੁੰਦਾ, ਤਾਂ ਸਾਡੀ ਫ਼ੌਜ 2 ਹਫ਼ਤਿਆਂ ਤੱਕ ਸੀਜ਼ਫਾਇਰ (ਜੰਗਬੰਦੀ) ਦੀ ਪਾਲਣਾ ਕਰੇਗੀ।

ਡੋਨਾਲਡ ਟਰੰਪ ਨੇ ਇਸ ਜੰਗਬੰਦੀ ਦਾ ਐਲਾਨ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁੱਥ ਸੋਸ਼ਲ' 'ਤੇ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪਾਕਿਸਤਾਨ ਵੱਲੋਂ ਦਿੱਤਾ ਗਿਆ ਪ੍ਰਸਤਾਵ ਸਵੀਕਾਰ ਕਰ ਲਿਆ ਹੈ। ਇਸ ਪ੍ਰਸਤਾਵ ਵਿੱਚ ਕਿਹਾ ਗਿਆ ਹੈ ਕਿ ਦੋ ਹਫ਼ਤਿਆਂ ਲਈ ਲੜਾਈ ਰੋਕ ਦਿੱਤੀ ਜਾਵੇ। ਟਰੰਪ ਨੇ ਕਿਹਾ ਕਿ ਅਮਰੀਕਾ ਇਨ੍ਹਾਂ ਦੋ ਹਫ਼ਤਿਆਂ ਦੇ ਸਮੇਂ ਦੀ ਵਰਤੋਂ ਇਰਾਨ ਨਾਲ ਅੰਤਿਮ ਸਮਝੌਤਾ ਕਰਨ ਲਈ ਕਰੇਗਾ। ਭਾਵ ਇਨ੍ਹਾਂ ਦੋ ਹਫ਼ਤਿਆਂ ਦੌਰਾਨ ਗੱਲਬਾਤ ਹੋਵੇਗੀ।

ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁੱਥ' 'ਤੇ ਦੱਸਿਆ ਕਿ ਉਹ ਇਰਾਨ ਵੱਲੋਂ ਤੁਰੰਤ 'ਸਟ੍ਰੇਟ ਆਫ ਹੋਰਮੂਜ਼' ਖੋਲ੍ਹਣ ਦੀ ਸ਼ਰਤ 'ਤੇ ਬੰਬਾਰੀ ਅਤੇ ਹਮਲੇ ਦੋ ਹਫ਼ਤਿਆਂ ਲਈ ਮੁਲਤਵੀ ਕਰਨ ਲਈ ਸਹਿਮਤ ਹਨ। ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਫ਼ੈਸਲਾ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਆਰਮੀ ਚੀਫ ਆਸਿਮ ਮੁਨੀਰ ਦੀ ਅਪੀਲ ਤੋਂ ਬਾਅਦ ਲਿਆ ਹੈ। ਉਨ੍ਹਾਂ ਕਿਹਾ ਕਿ "ਸਾਨੂੰ ਇਰਾਨ ਤੋਂ 10-ਨੁਕਾਤੀ ਪ੍ਰਸਤਾਵ ਮਿਲਿਆ ਹੈ। ਦੋਵਾਂ ਦੇਸ਼ਾਂ ਵਿਚਾਲੇ ਸਾਰੇ ਵਿਵਾਦਿਤ ਮੁੱਦਿਆਂ 'ਤੇ ਸਹਿਮਤੀ ਬਣ ਗਈ ਹੈ। ਅਗਲੇ ਦੋ ਹਫ਼ਤੇ ਸਮਝੌਤੇ ਨੂੰ ਅੰਤਿਮ ਰੂਪ ਦੇਣ ਅਤੇ ਉਸ ਨੂੰ ਲਾਗੂ ਕਰਨ ਲਈ ਜ਼ਰੂਰੀ ਹੋਣਗੇ।"

ਇਰਾਨ ਨੇ ਵੀ ਸੀਜ਼ਫਾਇਰ ਦੀ ਪੁਸ਼ਟੀ ਕਰ ਦਿੱਤੀ ਹੈ। ਇਰਾਨ ਦੀ ਸੁਪਰੀਮ ਨੈਸ਼ਨਲ ਸਕਿਓਰਿਟੀ ਕੌਂਸਲ ਨੇ ਦੱਸਿਆ ਕਿ ਅਗਲੀ ਗੱਲਬਾਤ 11 ਅਪ੍ਰੈਲ ਤੋਂ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿੱਚ ਹੋਵੇਗੀ। ਇਰਾਨ ਨੇ ਦੋ ਹਫ਼ਤਿਆਂ ਲਈ ਹੋਰਮੂਜ਼ ਖੋਲ੍ਹਣ ਦੀ ਜਾਣਕਾਰੀ ਦਿੱਤੀ ਅਤੇ ਆਪਣੇ ਨਾਗਰਿਕਾਂ ਨੂੰ ਕਿਹਾ ਕਿ ਇਸ ਦੌਰਾਨ ਰਾਸ਼ਟਰੀ ਏਕਤਾ ਬਣਾਈ ਰੱਖਣ ਅਤੇ ਜਿੱਤ ਦਾ ਜਸ਼ਨ ਪੂਰੀ ਤਾਕਤ ਨਾਲ ਜਾਰੀ ਰੱਖਣ।

## ਕੈਨੇਡਾ 'ਚ ਐਡਵਾਂਸ...

ਦੀ ਜ਼ਿਮਨੀ ਚੋਣ ਦਾ ਮੁੱਖ ਦਿਨ 13 ਅਪ੍ਰੈਲ ਹੈ ਅਤੇ 2 ਸੀਟਾਂ ਜਿੱਤਣ 'ਤੇ ਲਿਬਰਲ ਪਾਰਟੀ ਨੂੰ ਸੰਸਦ ਵਿਚ ਬਹੁਮਤ ਹਾਸਲ ਹੋ ਸਕਦਾ ਹੈ। ਹਾਊਸ ਆਫ਼ ਕਾਮਨਜ਼ ਵਿਚ ਲਿਬਰਲ ਐਮ.ਪੀਜ਼ ਦੀ ਗਿਣਤੀ 170 ਹੈ ਅਤੇ ਟੋਰਾਂਟੋ ਵਾਲੀਆਂ ਦੋ ਸੀਟਾਂ ਸੱਤਾਧਾਰੀ ਧਿਰ ਦੀ ਝੋਲੀ ਵਿਚ ਜਾਣ ਦੇ ਆਸਾਰ ਹਨ। ਸਕਾਰਬ੍ਰੋਅ ਸਾਊਥ ਵੈਸਟ ਸੀਟ ਬਿਲ ਬਲੇਅਰ ਦੇ ਅਸਤੀਫ਼ੇ ਮਗਰੋਂ ਖ਼ਾਲੀ ਹੋਈ ਜਿਨ੍ਹਾਂ ਨੂੰ ਯੂ.ਕੇ. ਵਿਚ ਕੈਨੇਡਾ ਦਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਯੂਨੀਵਰਸਿਟੀ-ਰੋਜ਼ਡੇਲ ਸੀਟ ਕ੍ਰਿਸਟੀਆ ਫ਼ਰੀਲੈਂਡ ਦੇ ਅਸਤੀਫ਼ੇ ਮਗਰੋਂ ਖ਼ਾਲੀ ਹੋਈ ਜਿਨ੍ਹਾਂ ਨੇ ਯੂਕਰੇਨ ਸਰਕਾਰ ਦੀ ਸਲਾਹਕਾਰ ਵਜੋਂ ਸੇਵਾਵਾਂ ਸੰਭਾਲ ਲਈਆਂ। ਕਿਊਬੈਕ ਦੀ ਟੈਰੇਬੌਨ ਸੀਟ ਸਿਰਫ਼ ਇਕ ਵੋਟ ਦੇ ਫ਼ਰਕ ਨੇ ਭੰਬਲਭੂਸਾ ਪੈਦਾ ਕਰ ਦਿਤਾ ਅਤੇ ਮਾਮਲਾ ਅਦਾਲਤ ਵਿਚ ਜਾਣ ਮਗਰੋਂ ਨਤੀਜਾ ਰੱਦ ਕਰ ਦਿਤਾ ਗਿਆ।

## ਲੇਬਨਾਨ 'ਚ ਇਜ਼ਰਾਈਲੀ...

ਲਈ ਦੇਸ਼ ਦੇ ਸਾਰੇ ਰਾਜਨੀਤਿਕ ਅਤੇ ਕੂਟਨੀਤਕ ਸਰੋਤਾਂ ਨੂੰ ਜੁਟਾ ਰਹੇ ਹਨ। ਸਿਹਤ ਮੰਤਰੀ ਰਾਕਾਨ ਨਸੇਰੇਦੀਨ ਨੇ ਅੰਤਰਰਾਸ਼ਟਰੀ ਸਹਾਇਤਾ ਦੀ ਅਪੀਲ ਕੀਤੀ। ਜ਼ਖ਼ਮੀਆਂ ਦੀ ਵੱਡੀ ਗਿਣਤੀ ਸਿਹਤ ਪ੍ਰਣਾਲੀ 'ਤੇ ਭਾਰੀ ਦਬਾਅ ਪਾ ਰਹੀ ਹੈ।

ਇਸ ਦੌਰਾਨ, ਜੰਗਬੰਦੀ ਨੂੰ ਲੈ ਕੇ ਵਿਵਾਦ ਹੋਰ ਡੂੰਘਾ ਹੋ ਗਿਆ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਕਿਹਾ ਹੈ ਕਿ ਲੇਬਨਾਨ ਸਮਝੌਤੇ ਦਾ ਹਿੱਸਾ ਨਹੀਂ ਹੈ। ਇਸ ਦੌਰਾਨ, ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਕਿਹਾ ਕਿ ਅਮਰੀਕਾ ਨੂੰ ਫੈਸਲਾ ਕਰਨਾ ਪਵੇਗਾ ਕਿ ਉਹ ਜੰਗਬੰਦੀ ਲਾਗੂ ਕਰਦਾ ਹੈ ਜਾਂ ਇਜ਼ਰਾਈਲ ਰਾਹੀਂ ਜੰਗ ਜਾਰੀ ਰੱਖਦਾ ਹੈ, ਕਿਉਂਕਿ ਦੋਵੇਂ ਇਕੱਠੇ ਨਹੀਂ ਚੱਲ ਸਕਦੇ।'

ਇਰਾਨ ਯੁੱਧ ਦਾ ਹੁਣ ਵਿਸ਼ਵਵਿਆਪੀ ਖੁਰਾਕ ਸੁਰੱਖਿਆ 'ਤੇ ਅਸਰ ਪੈ ਰਿਹਾ ਹੈ। ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਫੰਡ (IMF), ਅਤੇ ਸੰਯੁਕਤ ਰਾਸ਼ਟਰ ਵਿਸ਼ਵ ਖੁਰਾਕ ਪ੍ਰੋਗਰਾਮ (WFP) ਨੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਚੇਤਾਵਨੀ ਦਿੱਤੀ ਹੈ ਕਿ ਤੇਲ, ਕੁਦਰਤੀ ਗੈਸ ਅਤੇ ਖਾਦ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਭੋਜਨ ਨੂੰ ਹੋਰ ਮਹਿੰਗਾ ਬਣਾ ਦੇਵੇਗਾ ਅਤੇ ਭੋਜਨ ਤੱਕ ਪਹੁੰਚ ਹੋਰ ਵੀ ਮੁਸ਼ਕਲ ਹੋ ਜਾਵੇਗੀ।

ਇਨ੍ਹਾਂ ਵਿਸ਼ਵਵਿਆਪੀ ਸੰਗਠਨਾਂ ਨੇ ਕਿਹਾ ਕਿ ਮੱਧ ਪੂਰਬ ਵਿੱਚ ਜੰਗ ਨਾ ਸਿਰਫ਼ ਇਸ ਖੇਤਰ ਵਿੱਚ ਸਗੋਂ ਪੂਰੀ ਦੁਨੀਆ ਦੇ ਲੋਕਾਂ ਦੇ ਜੀਵਨ ਅਤੇ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕਰ ਰਹੀ ਹੈ।

## ਇਰਾਨ ਵੱਲੋਂ ਹੋਰਮੁਜ਼...

ਸਹਿਯੋਗੀਆਂ 'ਤੇ ਆਰਥਿਕ ਦਬਾਅ ਬਣਾਉਣਾ ਬਹੁਤ ਜ਼ਰੂਰੀ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਗਲਵਾਰ ਦੇਰ ਰਾਤ ਇਰਾਨ 'ਤੇ ਵਿਨਾਸ਼ਕਾਰੀ ਹਮਲੇ ਕਰਨ ਦੀਆਂ ਆਪਣੀਆਂ ਧਮਕੀਆਂ ਵਾਪਸ ਲੈ ਲਈਆਂ ਹਨ। ਅਮਰੀਕਾ ਅਤੇ ਇਰਾਨ ਦੋ ਹਫ਼ਤਿਆਂ ਦੀ ਜੰਗਬੰਦੀ ਲਈ ਸਹਿਮਤ ਹੋ ਗਏ ਹਨ, ਜਿਸ ਵਿੱਚ ਹੋਰਮੁਜ਼ ਦੀ ਜਲਮਾਰਗ (Strait of Hormuz) ਨੂੰ ਮੁੜ ਖੋਲ੍ਹਣਾ ਵੀ ਸ਼ਾਮਲ ਹੈ। ਟਰੰਪ ਨੇ ਤਹਿਰਾਨ ਨੂੰ ਦਿੱਤੀ ਗਈ ਸਮਾਂ ਸੀਮਾ ਖਤਮ ਹੋਣ ਤੋਂ ਦੋ ਘੰਟੇ ਪਹਿਲਾਂ ਜੰਗ ਨੂੰ ਰੋਕਣ ਦਾ ਫੈਸਲਾ ਕੀਤਾ। ਇਰਾਨ ਦੀ ਸੁਪਰੀਮ ਨੈਸ਼ਨਲ ਸਕਿਉਰਿਟੀ ਕੌਂਸਲ ਨੇ ਜੰਗਬੰਦੀ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਉਹ ਸ਼ੁੱਕਰਵਾਰ ਤੋਂ ਪਾਕਿਸਤਾਨ ਵਿੱਚ ਅਮਰੀਕਾ ਨਾਲ ਗੱਲਬਾਤ ਸ਼ੁਰੂ ਕਰੇਗੀ। ਹਾਲਾਂਕਿ, ਬੁੱਧਵਾਰ ਸਵੇਰੇ ਵੀ ਇਜ਼ਰਾਈਲ, ਇਰਾਨ ਅਤੇ ਖਾੜੀ ਖੇਤਰ ਵਿੱਚ ਹਮਲੇ ਜਾਰੀ ਰਹੇ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਇਸ ਜੰਗਬੰਦੀ ਦਾ ਸਮਰਥਨ ਕਰਦਾ ਹੈ, ਪਰ ਇਹ ਸਮਝੌਤਾ ਲਿਬਨਾਨ ਵਿੱਚ ਹਿਜ਼ਬੁੱਲ੍ਹਾ ਵਿਰੁੱਧ ਲੜਾਈ 'ਤੇ ਲਾਗੂ ਨਹੀਂ ਹੁੰਦਾ। ਇਜ਼ਰਾਈਲ ਨੇ ਸ਼ਰਤ ਰੱਖੀ ਹੈ ਕਿ ਇਰਾਨ ਤੁਰੰਤ ਹੋਰਮੁਜ਼ ਦੀ ਜਲਮਾਰਗ ਖੋਲ੍ਹੇ ਅਤੇ ਹਮਲੇ ਬੰਦ ਕਰੇ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਅਨੁਸਾਰ, ਇਸ ਜੰਗਬੰਦੀ ਵਿੱਚ ਇਜ਼ਰਾਈਲ ਅਤੇ ਹਿਜ਼ਬੁੱਲ੍ਹਾ ਵਿਚਕਾਰ ਲੜਾਈ ਰੋਕਣ ਦੀ ਅਪੀਲ ਵੀ ਸ਼ਾਮਲ ਹੈ। ਇਸ ਪ੍ਰਕਿਰਿਆ ਦੌਰਾਨ ਇਰਾਨ ਦੀ 10-ਨੁਕਾਤੀ ਯੋਜਨਾ ਦੇ ਫਾਰਸੀ ਅਤੇ ਅੰਗਰੇਜ਼ੀ ਸੰਸਕਰਣਾਂ ਵਿੱਚ ਫਰਕ ਕਾਰਨ ਕੁਝ ਭੁਲੇਖਾ ਵੀ ਪੈਦਾ ਹੋਇਆ, ਜਿੱਥੇ ਫਾਰਸੀ ਸੰਸਕਰਣ ਵਿੱਚ 'ਪਰਮਾਣੂ ਸੋਧ ਦੀ ਪ੍ਰਵਾਨਗੀ' ਸ਼ਾਮਲ ਸੀ।

ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਕਿਹਾ ਕਿ ਜਲਮਾਰਗ ਰਾਹੀਂ ਆਵਾਜਾਈ ਇਰਾਨੀ ਫੌਜੀ ਪ੍ਰਬੰਧਨ ਹੇਠ ਹੋਵੇਗੀ ਅਤੇ ਇਸ ਰਾਹੀਂ ਲੰਘਣ ਵਾਲੇ ਜਹਾਜ਼ਾਂ ਤੋਂ ਇਰਾਨ ਅਤੇ ਓਮਾਨ ਫੀਸ ਵਸੂਲਣਗੇ, ਜਿਸਦੀ ਵਰਤੋਂ ਇਰਾਨ ਮੁੜ ਨਿਰਮਾਣ ਲਈ ਕਰੇਗਾ। ਇਰਾਨ ਨੇ ਜੰਗ ਖਤਮ ਕਰਨ ਲਈ ਖੇਤਰ ਵਿੱਚੋਂ ਅਮਰੀਕੀ ਫੌਜਾਂ ਦੀ ਵਾਪਸੀ, ਪਾਬੰਦੀਆਂ ਹਟਾਉਣ ਅਤੇ ਫ੍ਰੀਜ਼ ਕੀਤੇ ਗਏ ਫੰਡਾਂ ਨੂੰ ਜਾਰੀ ਕਰਨ ਦੀ ਮੰਗ ਕੀਤੀ ਹੈ। ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਫੈਸਲਾ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਫੌਜ ਮੁਖੀ ਜਨਰਲ ਆਸਿਮ ਮੁਨੀਰ ਨਾਲ ਗੱਲਬਾਤ ਤੋਂ ਬਾਅਦ ਲਿਆ ਹੈ।

ਇਸ ਜੰਗਬੰਦੀ ਦੇ ਐਲਾਨ ਦੇ ਬਾਵਜੂਦ ਤਹਿਰਾਨ ਦੀਆਂ ਸੜਕਾਂ 'ਤੇ ਸਰਕਾਰ ਪੱਖੀ ਪ੍ਰਦਰਸ਼ਨਕਾਰੀਆਂ ਨੇ ਅਮਰੀਕਾ ਅਤੇ ਇਜ਼ਰਾਈਲ ਵਿਰੁੱਧ ਨਾਅਰੇਬਾਜ਼ੀ ਕੀਤੀ। ਜੰਗ ਸ਼ੁਰੂ ਹੋਣ ਤੋਂ ਹੁਣ ਤੱਕ ਇਰਾਨ ਵਿੱਚ 1,900 ਤੋਂ ਵੱਧ ਅਤੇ ਲਿਬਨਾਨ ਵਿੱਚ 1,500 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਜਦਕਿ ਲੱਖਾਂ ਲੋਕ ਬੇਘਰ ਹੋਏ ਹਨ। ਖਾੜੀ ਦੇਸ਼ਾਂ ਵਿੱਚ ਵੀ ਮਿਜ਼ਾਈਲ ਅਲਰਟ ਜਾਰੀ ਹਨ ਅਤੇ ਅਬੂ ਧਾਬੀ ਵਿੱਚ ਇੱਕ ਗੈਸ ਪਲਾਂਟ ਨੂੰ ਅੱਗ ਲੱਗਣ ਦੀਆਂ ਖ਼ਬਰਾਂ ਹਨ। ਅਮਰੀਕੀ ਫੌਜ ਨੇ ਫਿਲਹਾਲ ਹਮਲਾਵਰ ਕਾਰਵਾਈਆਂ ਰੋਕ ਦਿੱਤੀਆਂ ਹਨ ਪਰ ਰੱਖਿਆਤਮਕ ਕਾਰਵਾਈਆਂ ਜਾਰੀ ਰੱਖਣ ਦੀ ਗੱਲ ਕਹੀ ਹੈ।

## ਅਮਰੀਕਾ 'ਚ 970...

ਅਪਰਾਧੀਆਂ ਕਾਬੂ ਕਰਨ ਜਾਂ ਡਿਪੋਰਟ ਕਰਨ ਦੀਆਂ ਖਬਰਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਇੰਮੀਗ੍ਰੇਸ਼ਨ ਮਾਹਰਾਂ ਮੁਤਾਬਕ ਫ਼ਰਵਰੀ ਦੇ ਅੰਤ ਤੱਕ ਤਕਰੀਬਨ 23 ਲੱਖ ਗੈਰਕਾਨੂੰਨੀ ਪ੍ਰਵਾਸੀ ਸੈਲਫ਼ ਡਿਪੋਰਟ ਹੋ ਗਏ ਜਦਕਿ 7 ਲੱਖ ਨੂੰ ਇੰਮੀਗ੍ਰੇਸ਼ਨ ਵਾਲਿਆਂ ਨੇ ਜ਼ਬਰਦਸਤੀ ਡਿਪੋਰਟ ਕਰ ਦਿਤਾ। ਗੈਰਕਾਨੂੰਨੀ ਪ੍ਰਵਾਸੀਆਂ ਦੇ ਨਾਲ-ਨਾਲ ਪੱਕਿਆਂ ਨੂੰ ਵੀ ਅਮਰੀਕਾ ਵਿਚੋਂ ਖਦੇੜਿਆ ਜਾ ਰਿਹਾ ਹੈ ਅਤੇ ਈਰਾਨ ਜੰਗ ਦੇ ਮੱਦੇਨਜ਼ਰ ਸਭ ਤੋਂ ਵੱਧ ਮਾਰ ਈਰਾਨੀਆਂ ਉਤੇ ਪੈਂਦੀ ਨਜ਼ਰ ਆ ਰਹੀ ਹੈ।

ਵਾਈਟ ਹਾਊਸ ਦੇ ਡਿਪਟੀ ਚੀਫ਼ ਆਫ਼ ਸਟਾਫ਼ ਸਟੀਫ਼ਨ ਮਿਲਰ ਦੀ ਪੌਡਕਾਸਟਰ ਪਤਨੀ ਕੈਟੀ ਮਿਲਰ ਨੇ ਇਕ ਪ੍ਰੋਗਰਾਮ ਦੌਰਾਨ ਦੱਸਿਆ ਕਿ ਰਾਸ਼ਟਰਪਤੀ ਡੌਨਲਡ ਟਰੰਪ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੱਲੋਂ ਈਰਾਨ ਨਾਲ ਸਬੰਧਤ 3 ਹਜ਼ਾਰ ਤੋਂ ਵੱਧ ਨਾਮੀ ਸ਼ਖਸੀਅਤਾਂ ਦੇ ਵੀਜ਼ੇ ਰੱਦ ਕੀਤੇ ਜਾ ਰਹੇ ਹਨ। ਕੈਟੀ ਮਿਲਰ ਨੇ ਸਵਾਲ ਉਠਾਇਆ ਕਿ ਈਰਾਨ ਸਰਕਾਰ ਨਾਲ ਸਬੰਧਤ ਲੋਕਾਂ ਨੂੰ ਅਮਰੀਕਾ ਵਿਚ ਸੁਰੱਖਿਅਤ ਰਹਿਣ ਦਾ ਹੱਕ ਕਿਉਂ ਦਿਤਾ ਗਿਆ ਹੈ। ਇਥੇ ਦੱਸਣਾ ਬਣਦਾ ਹੈ ਕਿ ਹਾਲ ਹੀ ਵਿਚ ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਦੇ ਸਾਬਕਾ ਅਫ਼ਸਰ ਕਾਸਿਮ ਸੁਲੇਮਾਨੀ ਦੀ ਬੇਟੀ ਅਫ਼ਸ਼ਾਰ ਸੁਲੇਮਾਨੀ ਦਾ ਗਰੀਨ ਕਾਰਡ ਰੱਦਾ ਕੀਤਾ ਗਿਆ ਹੈ। ਅਫ਼ਸ਼ਾਰ 2015 ਵਿਚ ਟੂਰਿਸਟ ਵੀਜ਼ਾ 'ਤੇ ਅਮਰੀਕਾ ਪੁੱਜੀ ਅਤੇ 2019 ਵਿਚ ਟਰੰਪ ਦੇ ਪਹਿਲੇ ਕਾਰਜਕਾਲ ਵੇਲੇ ਅਸਾਇਲਮ ਮਿਲ ਗਿਆ। 2021 ਵਿਚ ਗਰੀਨ ਕਾਰਡ ਹਾਸਲ ਕਰਨ ਮਗਰੋਂ 2025 ਵਿਚ ਉਸ ਨੇ ਸਿਟੀਜ਼ਨਸ਼ਿਪ ਦੀ ਅਰਜ਼ੀ ਦਾਇਰ ਕੀਤੀ ਤਾਂ ਪਤਾ ਲੱਗਾ ਕਿ ਉਹ ਈਰਾਨ ਦੇ ਕਈ ਗੇੜੇ ਲਾ ਚੁੱਕੀ ਹੈ ਜੋ ਸਿੱਧੇ ਤੌਰ 'ਤੇ ਗਰੀਨ ਕਾਰਡ ਰੱਦ ਹੋਣ ਦਾ ਆਧਾਰ ਬਣਦਾ ਹੈ।

## Libya ਨੇੜੇ ਸਮੁੰਦਰ...

ਸੰਯੁਕਤ ਰਾਸ਼ਟਰ ਅਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਨੇ ਇਸ ਘਟਨਾ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਮਾਨਵਤਾਵਾਦੀ ਆਧਾਰ 'ਤੇ ਇਸ ਸੰਕਟ ਨੂੰ ਹੱਲ ਕਰਨ ਲਈ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ ਹੈ ਤਾਂ ਜੋ ਆਮ ਲੋਕਾਂ ਦੀਆਂ ਜਾਨਾਂ ਨੂੰ ਬਚਾਇਆ ਜਾ ਸਕੇ।

## ਕੈਨੇਡਾ 'ਚ ਸਿੱਖ...

ਨਿਸ਼ਕਾਮ ਸੇਵਾ ਅਤੇ ਬਰਾਬਰੀ ਦੇ ਸਿੱਖੀ ਸਿਧਾਂਤ ਸਮੁੱਚੀ ਮਨੁੱਖਤਾ ਨੂੰ ਨਵਾਂ ਰਾਹ ਦਿਖਾਉਂਦੇ ਹਨ। ਸਿੱਖ ਭਾਈਚਾਰੇ ਨੂੰ ਖਾਲਸਾ ਸਾਜਨਾ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ। ਇਥੇ ਦਸਣਾ ਬਣਦਾ ਹੈ ਕਿ ਪਿਛਲੇ ਦਿਨੀਂ ਮੈਨੀਟੋਬਾ ਦੇ ਵਿੰਨੀਪੈਗ ਵਿਖੇ ਵੀ ਸਿੱਖ ਵਿਰਾਸਤੀ ਮਹੀਨੇ ਨਾਲ ਸਬੰਧਤ ਸਮਾਗਮ ਆਰੰਭ ਹੋਏ ਅਤੇ ਅਪ੍ਰੈਲ ਦੇ ਅੰਤ ਤੱਕ ਜਾਰੀ ਰਹਿਣਗੇ।

# ਏਅਰ ਇੰਡੀਆ ਨੇ ਵਧਾਇਆ ਫਿਊਲ ਸਰਚਾਰਜ, ਹਵਾਈ ਸਫ਼ਰ ਹੋਇਆ ਮਹਿੰਗਾ

ਨਵੀ ਦਿੱਲੀ : ਈਰਾਨ-ਇਜ਼ਰਾਈਲ ਜੰਗ ਦੀ ਅੱਗ ਵਿੱਚ ਭਾਰਤ ਦੇ ਹਵਾਈ ਯਾਤਰੀ ਵੀ ਝੁਲਸਣ ਲੱਗੇ ਹਨ। ਬਜਟ ਏਅਰਲਾਈਨ ਇੰਡੀਗੋ ਨੇ ਅਜਿਹਾ ਪਹਿਲਾਂ ਹੀ ਕਰ ਦਿੱਤਾ ਹੈ ਅਤੇ ਹੁਣ ਟਾਟਾ ਗਰੁੱਪ ਦੀ ਕੰਪਨੀ ਏਅਰ ਇੰਡੀਆ ਨੇ ਵੀ ਇਹ ਕਦਮ ਚੁੱਕ ਲਿਆ ਹੈ। ਜੀ ਹਾਂ, ਦੁਨੀਆ ਭਰ ਵਿੱਚ ਏਟੀਐਫ (ATF) ਦੀਆਂ ਵਧਦੀਆਂ ਕੀਮਤਾਂ ਦੇ ਵਿਚਕਾਰ ਏਅਰ ਇੰਡੀਆ ਨੇ ਆਪਣੀਆਂ ਘਰੇਲੂ ਅਤੇ ਅੰਤਰਰਾਸ਼ਟਰੀ ਦੋਵਾਂ ਉਡਾਣਾਂ ਲਈ ਆਪਣੇ ਫਿਊਲ ਸਰਚਾਰਜ ਵਿੱਚ ਵਾਧਾ ਕਰ ਦਿੱਤਾ ਹੈ। ਨਵੀਆਂ ਦਰਾਂ ਕੱਲ੍ਹ ਯਾਨੀ ਬੁੱਧਵਾਰ, 8 ਅਪ੍ਰੈਲ 2026 ਤੋਂ ਪ੍ਰਭਾਵੀ ਹੋਣਗੀਆਂ। ਹਾਲਾਂਕਿ, ਕੁਝ ਅੰਤਰਰਾਸ਼ਟਰੀ ਰੂਟਾਂ 'ਤੇ ਇਹ ਬਦਲਾਅ 10 ਅਪ੍ਰੈਲ ਤੋਂ ਲਾਗੂ ਹੋਣਗੇ। ਏਅਰਲਾਈਨ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਏਅਰ ਇੰਡੀਆ ਨੇ ਦੂਰੀ ਦੇ ਆਧਾਰ 'ਤੇ ਫਿਊਲ ਸਰਚਾਰਜ ਵਿੱਚ ਵਾਧਾ ਕੀਤਾ ਹੈ। 500 ਕਿਲੋਮੀਟਰ ਤੱਕ ਦੀ ਉਡਾਣ ਲਈ ਇਹ ਵਾਧਾ 299 ਰੁਪਏ ਹੈ। 501 ਤੋਂ 1,000 ਕਿਲੋਮੀਟਰ ਤੱਕ ਦੀ ਫਲਾਈਟ ਲਈ 399 ਰੁਪਏ। 1001 ਤੋਂ 1500 ਕਿਲੋਮੀਟਰ ਲਈ 549 ਰੁਪਏ। 1501 ਤੋਂ 2000 ਕਿਲੋਮੀਟਰ ਲਈ 749 ਰੁਪਏ। 2000 ਕਿਲੋਮੀਟਰ ਤੋਂ ਵੱਧ ਦੀ ਦੂਰੀ ਲਈ 899 ਰੁਪਏ ਦਾ ਵਾਧਾ ਹੋਇਆ ਹੈ। ਇਸ ਸਮੇਂ ਦੁਨੀਆ ਭਰ ਵਿੱਚ ਹਵਾਈ ਜਹਾਜ਼ ਦੇ ਤੇਲ ਜਾਂ ਏਟੀਐਫ ਦੀਆਂ ਕੀਮਤਾਂ ਵਧ ਰਹੀਆਂ ਹਨ। ਪਿਛਲੇ ਹਫ਼ਤਿਆਂ ਵਿੱਚ ਇਹ ਲਗਭਗ ਦੁੱਗਣੀਆਂ ਹੋ ਗਈਆਂ ਹਨ। ਇਸ ਨਾਲ ਹਵਾਬਾਜ਼ੀ ਕੰਪਨੀਆਂ 'ਤੇ ਕਾਫੀ ਜ਼ਿਆਦਾ ਅਸਰ ਪਿਆ ਹੈ। ਇੰਟਰਨੈਸ਼ਨਲ ਏਅਰ ਟ੍ਰਾਂਸਪੋਰਟ ਐਸੋਸੀਏਸ਼ਨ ਮੁਤਾਬਕ ਫਰਵਰੀ ਦੇ ਅੰਤ ਤੱਕ ਏਟੀਐਫ ਦੀਆਂ ਕੀਮਤਾਂ $99.40 ਪ੍ਰਤੀ ਬੈਰਲ ਸਨ, ਜੋ ਕਿ 27 ਮਾਰਚ ਨੂੰ ਖਤਮ ਹੋਏ ਹਫ਼ਤੇ ਦੌਰਾਨ $195.19 ਪ੍ਰਤੀ ਬੈਰਲ ਤੱਕ ਪਹੁੰਚ ਗਈਆਂ। ਇਸ ਕਾਰਨ ਦੁਨੀਆ ਭਰ ਦੀਆਂ ਏਅਰਲਾਈਨਾਂ ਦਬਾਅ ਵਿੱਚ ਹਨ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia # M08006400 Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Gurpreet Singh
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
We specialize in Engine, Transmission, Differential Rebuilt & all kind of Electric work.
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Include
MICHELIN BFGoodrich DUNLOP GOODYEAR Hankook Xceed AEOLUS ROADLUX
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਹਲਵਾਰਾ ਏਅਰਪੋਰਟ:

## ਜਹਾਜ਼ਾਂ ਦੇ ਸਮੇਂ ਨੂੰ ਲੈ ਕੇ ਸਿਆਸਤਦਾਨਾਂ ਨੇ ਪਾਇਆ ਭੰਬਲਭੂਸਾ



ਹਲਵਾਰਾ ਹਵਾਈ ਅੱਡੇ ਨੂੰ ਲੈ ਕੇ ਕੇਂਦਰੀ ਰੇਲਵੇ ਅਤੇ ਫੂਡ ਪ੍ਰੋਸੈਸਿੰਗ ਉਦਯੋਗ ਰਾਜ ਮੰਤਰੀ ਰਵਨੀਤ ਬਿੱਟੂ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਵਿਚਕਾਰ ਇੱਕ ਵਾਰ ਫਿਰ ਟਕਰਾਅ ਪੈਦਾ ਹੋ ਗਿਆ ਹੈ।

ਕੱਲ੍ਹ ਜਦੋਂ ਰਵਨੀਤ ਬਿੱਟੂ ਨੇ ਐਲਾਨ ਕੀਤਾ ਸੀ ਕਿ ਜਨਤਾ ਦੀ ਸਹੂਲਤ ਲਈ ਉਡਾਣਾਂ ਦਾ ਸਮਾਂ ਬਦਲ ਦਿੱਤਾ ਗਿਆ ਹੈ, ਤਾਂ ਅੱਜ ਸੰਜੀਵ ਅਰੋੜਾ ਨੇ ਬਿੱਟੂ ਦੇ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਮੇਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ ਅਤੇ ਸ਼ਡਿਊਲ ਪਹਿਲਾਂ ਵਾਲਾ ਹੀ ਰਹੇਗਾ, ਜਿਸ ਤਹਿਤ ਹਲਵਾਰਾ ਤੋਂ ਦਿੱਲੀ ਲਈ ਉਡਾਣਾਂ ਸਵੇਰੇ ਰਵਾਨਾ ਹੁੰਦੀਆਂ ਰਹਿਣਗੀਆਂ।

ਅਸਲ ਵਿੱਚ, ਸੱਚਾਈ ਜੋ ਵੀ ਹੋਵੇ, ਲੁਧਿਆਣਾ ਦੇ ਵਸਨੀਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਰੋਜ਼ਾਨਾ ਫਲਾਈਟ ਸ਼ਡਿਊਲ ਬਦਲਣ ਦੀਆਂ ਖ਼ਬਰਾਂ ਕਾਰਨ ਇਹ ਭੰਬਲਭੂਸਾ ਬਣਿਆ ਹੋਇਆ ਹੈ ਕਿ ਕਿਹੜੀਆਂ ਉਡਾਣਾਂ ਚੱਲਣਗੀਆਂ ਅਤੇ ਕਿਹੜੀਆਂ ਨਹੀਂ। ਇਸ ਤਰ੍ਹਾਂ ਦੀ 'ਕ੍ਰੈਡਿਟ ਵਾਰ' (ਸਿਹਰਾ ਲੈਣ ਦੀ ਜੰਗ) ਕਾਰਨ ਲੋਕ ਇੱਕ ਵਾਰ ਫਿਰ ਸਵਾਲ ਉਠਾਉਣ ਲੱਗੇ ਹਨ ਕਿ ਕੀ ਭਾਰਤੀ ਹਵਾਈ ਅੱਡਾ ਅਥਾਰਟੀ (AAI) ਸੱਚਮੁੱਚ ਉੱਥੋਂ ਉਡਾਣਾਂ ਸ਼ੁਰੂ ਕਰੇਗੀ ਜਾਂ ਇਹ ਸਿਰਫ ਸਿਆਸੀ ਜੰਗ ਹੈ। ਐਸੋਸੀਏਸ਼ਨ ਆਫ਼ ਟ੍ਰੇਡ ਐਂਡ ਇੰਡਸਟਰੀਅਲ ਅੰਡਰਟੇਕਿੰਗਜ਼ (ATIU) ਦੇ ਪ੍ਰਧਾਨ ਪੰਕਜ ਸ਼ਰਮਾ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ, "ਇਸ ਨਾਲ ਭੰਬਲਭੂਸਾ ਵਧ ਰਿਹਾ ਹੈ। ਅਜੇ ਉਡਾਣਾਂ ਸ਼ੁਰੂ ਵੀ ਨਹੀਂ ਹੋਈਆਂ ਪਰ ਅਸੀਂ ਰੋਜ਼ਾਨਾ ਸਮਾਂ ਬਦਲਣ ਬਾਰੇ ਸੁਣ ਰਹੇ ਹਾਂ।"

ਬਿੱਟੂ ਅਨੁਸਾਰ, ਅਪਡੇਟ ਕੀਤਾ ਫਲਾਈਟ ਸ਼ਡਿਊਲ (15 ਮਈ 2026 ਤੋਂ ਲਾਗੂ):

ਦਿੱਲੀ : ਹਲਵਾਰਾ (ਲੁਧਿਆਣਾ):

AI 481: ਦਿੱਲੀ ਤੋਂ ਸਵੇਰੇ 08:35 ਵਜੇ ਰਵਾਨਾ– ਹਲਵਾਰਾ ਸਵੇਰੇ 09:45 ਵਜੇ ਪਹੁੰਚੇਗੀ (ਰੋਜ਼ਾਨਾ)

AI 483: ਦਿੱਲੀ ਤੋਂ ਦੁਪਹਿਰ 12:55 ਵਜੇ ਰਵਾਨਾ - ਹਲਵਾਰਾ ਦੁਪਹਿਰ 02:10 ਵਜੇ ਪਹੁੰਚੇਗੀ (ਰੋਜ਼ਾਨਾ)

ਹਲਵਾਰਾ (ਲੁਧਿਆਣਾ) - ਦਿੱਲੀ:

AI 482: ਹਲਵਾਰਾ ਤੋਂ ਸਵੇਰੇ 10:25 ਵਜੇ ਰਵਾਨਾ - ਦਿੱਲੀ ਸਵੇਰੇ 11:40 ਵਜੇ ਪਹੁੰਚੇਗੀ (ਰੋਜ਼ਾਨਾ)

AI 484: ਹਲਵਾਰਾ ਤੋਂ ਦੁਪਹਿਰ 02:40 ਵਜੇ ਰਵਾਨਾ- ਦਿੱਲੀ ਸ਼ਾਮ 03:55 ਵਜੇ ਪਹੁੰਚੇਗੀ (ਰੋਜ਼ਾਨਾ)

ਦੂਜੇ ਪਾਸੇ, ਪੁਰਾਣਾ ਸਮਾਂ ਬਰਕਰਾਰ ਹੈ ਅਤੇ ਉਡਾਣਾਂ ਸਵੇਰ ਤੋਂ ਹੀ ਚਲਣਗੀਆਂ। ਉਨ੍ਹਾਂ ਕਿਹਾ ਕਿ ਦਿ~ਲੀ ਤੋਂ ਫਲਾਈਟ ਸਵੇਰੇ 5:55 ਵਜੇ ਚਲੇਗੀ ਅਤੇ 7:05 ਵਜੇ ਲੁਧਿਆਣਾ ਪਹੁੰਚੇਗੀ। ਸੰਜੀਵ ਅਰੋੜਾ ਨੇ ਸਿਆਸੀ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਮਾਂ ਬਦਲਣ ਬਾਰੇ ਜਨਤਾ ਵਿੱਚ ਭੰਬਲਭੂਸਾ ਨਾ ਪੈਦਾ ਕਰਨ ਕਿਉਂਕਿ ਇਸ ਨਾਲ ਅਨਿਸ਼ਚਿਤਤਾ ਵਧੇਗੀ। ਅਰੋੜਾ ਨੇ ਕਿਹਾ, "ਅਸੀਂ ਸਮੇਂ ਵਿੱਚ ਬਦਲਾਅ ਦਾ ਐਲਾਨ ਕਰਨ ਵਾਲੇ ਕੌਣ ਹੁੰਦੇ ਹਾਂ, ਇਹ ਏਅਰ ਇੰਡੀਆ ਨੂੰ ਤੈਅ ਕਰਨ ਦਿਓ ਅਤੇ ਉਨ੍ਹਾਂ ਅਨੁਸਾਰ ਸਮੇਂ ਵਿਚ ਕੋਈ ਬਦਲਾਅ ਨਹੀਂ ਹੈ।"

# ਟਰੰਪ ਤੋਂ ਬਾਅਦ ਜੇਡੀ ਵਾਂਸ ਦਾ ਵੱਡਾ ਬਿਆਨ

## ਕਿਹਾ– ਜਲਦੀ ਖ਼ਤਮ ਹੋਵੇਗੀ ਜੰਗ



ਯੂਐਸ ਦੇ ਉਪ ਰਾਸ਼ਟਰਪਤੀ ਜੇਡੀ ਵੈਨਸ ਨੇ ਮੰਗਲਵਾਰ ਨੂੰ ਕਿਹਾ ਕਿ ਗੇਂਦ ਹੁਣ ਈਰਾਨ ਦੇ ਕੋਰਟ ਵਿੱਚ ਹੈ ਕਿਉਂਕਿ ਵਾਸ਼ਿੰਗਟਨ ਜਾਰੀ ਗੱਲਬਾਤ ਲਈ ਤਹਿਰਾਨ ਦੇ ਜਵਾਬ ਦੀ ਉਡੀਕ ਕਰ ਰਿਹਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਲੋੜ ਪਈ ਤਾਂ ਅਮਰੀਕਾ ਹੋਰ ਵੀ ਸਖ਼ਤ ਕਦਮ ਚੁੱਕਣ ਤੋਂ ਪਿੱਛੇ ਨਹੀਂ ਹਟੇਗਾ। ਅਮਰੀਕਾ ਕੋਲ ਅਜਿਹਾ ਕਰਨ ਦੀ ਪੂਰੀ ਸਮਰੱਥਾ ਹੈ। ਵੈਂਸ ਨੇ ਜ਼ੋਰ ਦੇ ਕੇ ਕਿਹਾ ਕਿ ਹਾਲਾਂਕਿ ਅਮਰੀਕਾ ਕੂਟਨੀਤਕ ਹੱਲ ਨੂੰ ਤਰਜੀਹ ਦਿੰਦਾ ਹੈ, ਇਸਦੇ ਕੋਲ ਅਜੇ ਵੀ ਮਜ਼ਬੂਤ ਵਿਕਲਪ ਹਨ। ਅਮਰੀਕਾ ਦੇ ਉਪ ਰਾਸ਼ਟਰਪਤੀ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਆਪਣੀ ਤਾਕਤ ਨੂੰ ਪਛਾਣਨ ਵਾਲੇ ਵਿਅਕਤੀ ਹਨ। ਜੇ ਈਰਾਨੀ ਕੁਝ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ, ਤਾਂ ਅਮਰੀਕਾ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਉਣ ਦੀ ਸਮਰੱਥਾ ਰੱਖਦਾ ਹੈ। ਰਾਸ਼ਟਰਪਤੀ ਅਜਿਹਾ ਨਹੀਂ ਕਰਨਾ ਚਾਹੁੰਦੇ, ਅਤੇ ਨਾ ਹੀ ਮੈਂ ਅਜਿਹਾ ਕਰਨਾ ਚਾਹੁੰਦਾ ਹਾਂ। ਇਸ ਲਈ ਅਸੀਂ ਇੰਨੇ ਜ਼ੋਰਦਾਰ ਤਰੀਕੇ ਨਾਲ ਗੱਲਬਾਤ ਕਰ ਰਹੇ ਹਾਂ, ਪਰ ਅਸਲ ਵਿੱਚ ਗੇਂਦ ਹੁਣ ਇਰਾਨੀਆਂ ਦੇ ਕੋਰਟ ਵਿੱਚ ਹੈ। ਜੇਡੀ ਵੈਂਸ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਨੇ ਇਸ ਬਾਰੇ ਗੱਲ ਕੀਤੀ ਹੈ। ਮੈਂ ਸਿਰਫ ਇਹ ਕਹਿਣਾ ਚਾਹਾਂਗਾ ਕਿ ਈਰਾਨੀ ਗੱਲਬਾਤ ਕਰਨ ਲਈ ਬਹੁਤ ਤੇਜ਼ ਨਹੀਂ ਹਨ, ਉਹ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਗੱਲਬਾਤ ਕਰਨ ਲਈ ਬਹੁਤ ਤੇਜ਼ ਨਹੀਂ ਸਨ ਅਤੇ ਉਹ ਯਕੀਨੀ ਤੌਰ 'ਤੇ ਗੱਲਬਾਤ ਕਰਨ ਲਈ ਬਹੁਤ ਤੇਜ਼ ਨਹੀਂ ਹਨ।" ਇਸ ਲਈ ਅਸੀਂ ਸਮਝਦੇ ਹਾਂ ਕਿ ਕਈ ਵਾਰ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਸੰਦੇਸ਼ ਪਹੁੰਚਾਉਣ ਵਿੱਚ ਥੋੜ੍ਹੀ ਦੇਰੀ ਹੁੰਦੀ ਹੈ, ਪਰ ਸਾਨੂੰ ਭਰੋਸਾ ਹੈ ਕਿ ਸਾਨੂੰ ਉਨ੍ਹਾਂ ਦਾ ਜਵਾਬ ਜ਼ਰੂਰ ਮਿਲੇਗਾ, ਭਾਵੇਂ ਸਕਾਰਾਤਮਕ ਜਾਂ ਨਕਾਰਾਤਮਕ। ਸਾਨੂੰ ਅੱਜ ਰਾਤ 8:00 ਵਜੇ (ਸਥਾਨਕ ਸਮੇਂ) ਤੱਕ ਈਰਾਨੀਆਂ ਤੋਂ ਜਵਾਬ ਮਿਲੇਗਾ। ਮੈਨੂੰ ਉਮੀਦ ਹੈ ਕਿ ਉਹ ਸਹੀ ਜਵਾਬ ਦੇਣਗੇਂ।"













# ਬਟਾਲਾ: ਪੁਲਿਸ ਤੋਂ ਇਨਸਾਫ਼ ਮੰਗਣ ਲਈ ਟਾਵਰ 'ਤੇ ਚੜ੍ਹੇ ਪਿਉ-ਪੁੱਤ



ਬਟਾਲਾ: ਪੁਲਿਸ ਥਾਣਾ ਘੁਮਾਣ ਅਧੀਨ ਪੈਂਦੇ ਪਿੰਡ ਸੈਰੋਵਾਲ ਦੇ ਪਿਓ ਪੁੱਤ ਬਿਜਲੀ ਦੇ ਇੱਕ ਉੱਚੇ ਟਾਵਰ ਉੱਤੇ ਇਸ ਕਰਕੇ ਚੜ੍ਹੇ ਕਿ ਉਹਨਾਂ ਨੇ ਦੋਸ਼ ਲਾਇਆ ਕਿ ਬਟਾਲਾ ਦੀ ਪੁਲਿਸ ਉਹਨਾਂ ਦੇ ਸਕੂਲ ਪੜ੍ਹਦੇ ਪੁੱਤਰ ਨੂੰ ਘਰੋਂ ਚੁੱਕ ਕੇ ਲੈ ਗਈ ਹੈ। ਟਾਵਰ ਉੱਤੇ ਚੜ੍ਹੇ ਹਰਦੇਵ ਸਿੰਘ ਉਰਫ ਹੀਰਾ ਸਿੰਘ ਅਤੇ ਉਸ ਦੇ ਸਪੁੱਤਰ ਹਰਮਨ ਸਿੰਘ ਨੇ ਦੱਸਿਆ ਕਿ ਬੀਤੇ ਸਮੇਂ ਵਿੱਚ ਉਹਨਾਂ ਦੇ ਪੁੱਤਰ ਦਾ ਸਕੂਲ ਦੇ ਬਾਹਰ ਕਤਲ ਕਰ ਦਿੱਤਾ ਗਿਆ ਸੀ।

ਕਤਲ ਕਰਨ ਵਾਲੀ ਪਾਰਟੀ ਵੱਲੋਂ ਹੁਣ ਉਹਨਾਂ ਨੂੰ ਇਸ ਮਾਮਲੇ ਵਿੱਚ ਗਵਾਹੀਆਂ ਨਾ ਦੇਣ ਲਈ ਦਬਾਅ ਪਾਇਆ ਜਾ ਰਿਹਾ ਹੈ। ਬੀਤੇ ਦਿਨ ਵੀ ਜਦ ਉਹ ਗਵਾਹੀ ਦੇਣ ਬਟਾਲੇ ਗਏ ਸਨ, ਤਾਂ ਉਹਨਾਂ ਨਾਲ ਝਗੜਾ ਕਰਦੇ ਹੋਏ ਕੁੱਟਮਾਰ ਕੀਤੀ ਗਈ ਸੀ ਪਰ ਪੁਲਿਸ ਨੇ ਉਲਟਾ ਹਰਦੇਵ ਸਿੰਘ ਅਤੇ ਹਰਮਨ ਸਿੰਘ ਆਦਿ ਦੇ ਉੱਤੇ ਹੀ ਝੂਠਾ ਮਾਮਲਾ ਦਰਜ ਕਰ ਦਿੱਤਾ ਹੈ।

ਉਹਨਾਂ ਨੇ ਕਿਹਾ ਕਿ ਇਸ ਝੂਠੇ ਮਾਮਲੇ ਨੂੰ ਰੱਦ ਕਰਵਾਉਣ ਅਤੇ ਆਪਣੇ ਬੇਟੇ ਦੀ ਰਿਹਾਈ ਲਈ ਉਹ ਟਾਵਰ ਉੱਤੇ ਚੜੇ ਹਨ। ਇਸ ਮੌਕੇ ਥਾਣਾ ਮੁਖੀ ਘੁਮਾਣ ਹਰਜਿੰਦਰ ਸਿੰਘ ਵੀ ਪਹੁੰਚੇ ਜਦੋਂ ਉਹਨਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਕਿਹਾ ਕਿ ਇਹ ਮਾਮਲਾ ਬਟਾਲਾ ਥਾਣੇ ਦਾ ਹੈ, ਜਿੱਥੇ ਇਹਨਾਂ ਦੇ ਝਗੜੇ ਵਿੱਚ ਕੁਝ ਮੈਂਬਰਾਂ ਨੂੰ ਨਾਮਜਦ ਕੀਤਾ ਗਿਆ ਹੈ। ਪਰ ਇਸ ਮਾਮਲੇ ਦੀ ਪੂਰੀ ਸੁਣਵਾਈ ਅਤੇ ਕਿਸੇ ਵੀ ਇਨਕੁਆਰੀ ਲਈ ਉੱਚ ਪੁਲਿਸ ਅਧਿਕਾਰੀ ਅਤੇ ਉਕਤ ਥਾਣੇ ਵਿੱਚ ਹੀ ਇਹਨਾਂ ਹਰਦੇਵ ਸਿੰਘ ਅਤੇ ਪਰਿਵਾਰ ਦੀ ਕੋਈ ਸੁਣਵਾਈ ਹੋ ਸਕਦੀ ਹੈ।

ਇਸ ਮੌਕੇ ਐਸਐਚਓ ਘੁਮਾਣ ਅਤੇ ਹੋਰ ਕੁਝ ਪਤਵੰਤਿਆਂ ਨੇ ਟਾਵਰ ਉੱਤੇ ਚੜੇ ਹੋਏ ਹਰਦੇਵ ਸਿੰਘ ਅਤੇ ਹਰਮਨ ਸਿੰਘ ਨੂੰ ਹੇਠਾਂ ਉਤਰ ਕੇ ਆਪਣੇ ਇਨਸਾਫ ਲਈ ਬਣਦੀ ਮੰਗ ਕਰਨ ਦੀ ਅਪੀਲ ਕੀਤੀ।

# ਕੈਨੇਡਾ PR ਮਿਲਦਿਆਂ ਹੀ ਲਾੜੀ ਨੇ ਦਿਖਾਇਆ ਅਸਲੀ ਰੰਗ

## ਪਤੀ ਨੂੰ ਛੱਡ ਕੇ ਹੋਈ ਫ਼ਰਾਰ, ਕੇਸ ਦਰਜ



ਵਿਦੇਸ਼ ਜਾਣ ਦੀ ਅੰਨ੍ਹੀ ਦੌੜ ਅਤੇ ਕੈਨੇਡਾ ਦੀ ਪੀ ਆਰ (PR) ਹਾਸਲ ਕਰਨ ਦੀ ਲਾਲਸਾ ਵਪਾਰ ਬਣੇ ਰਿਸ਼ਤਿਆਂ ਦੇ ਮਾਮਲੇ ਰੋਜ਼ਾਨਾ ਸਾਹਮਣੇ ਆਉਂਦੇ ਹਨ। ਅਜਿਹਾ ਹੀ ਇੱਕ ਮਾਮਲਾ ਲੁਧਿਆਣਾ ਵਿੱਚ ਸਾਹਮਣੇ ਆਇਆ ਹੈ, ਜਿੱਥੇ ਕਪੂਰਥਲਾ ਦੀ ਰਹਿਣ ਵਾਲੀ ਇੱਕ ਮੁਟਿਆਰ ਨੇ ਕੈਨੇਡਾ ਵਿੱਚ ਪੀਆਰ ਪ੍ਰਾਪਤ ਕਰਦੇ ਹੀ ਆਪਣੇ ਪਤੀ ਅਤੇ ਸਹੁਰਾ ਪਰਿਵਾਰ ਨਾਲੋਂ ਨਾਤਾ ਤੋੜ ਲਿਆ।

ਜ਼ਿਕਰਯੋਗ ਹੈ ਕਿ ਕਪੂਰਥਲਾ ਦੀ ਰਹਿਣ ਵਾਲੀ ਇੱਕ ਲੜਕੀ ਦਾ ਵਿਆਹ ਲੁਧਿਆਣਾ ਵਿੱਚ ਹੋਇਆ ਸੀ। ਉਸ ਦੇ ਵਿਆਹ ਨੂੰ ਅਜੇ ਲਗਪਗ ਦੋ ਸਾਲ ਹੀ ਹੋਏ ਸਨ ਜਦੋਂ ਉਸ ਨੇ ਆਪਣੇ ਪਤੀ ਨੂੰ ਛੱਡ ਦਿੱਤਾ ਅਤੇ ਉਸੇ ਦੇਸ਼ ਵਿੱਚ ਕਿਸੇ ਹੋਰ ਥਾਂ ਜਾ ਕੇ ਰਹਿਣ ਲੱਗੀ।

ਵੇਰਵਿਆਂ ਅਨੁਸਾਰ ਉਸ ਦੇ ਪਰੇਸ਼ਾਨ ਪਤੀ ਨੇ ਲੜਕੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਇਨਕਾਰ ਕਰ ਦਿੱਤਾ। ਆਪਣੀ ਵਾਹ ਨਾ ਚੱਲਦੀ ਦੇਖ ਨੌਜਵਾਨ ਨੇ ਲੁਧਿਆਣਾ ਸਥਿਤ ਆਪਣੇ ਮਾਪਿਆਂ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਅਤੇ ਲੁਧਿਆਣਾ ਪੁਲੀਸ ਕੋਲ ਆਪਣੀ ਲੜਕੀ ਅਤੇ ਉਸ ਦੇ ਮਾਪਿਆਂ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਗਈ। ਪਰਿਵਾਰ ਨੇ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਲੜਕੀ ਨੇ ਸਿਰਫ਼ ਕੈਨੇਡੀਅਨ ਪੀ ਆਰ ਹਾਸਲ ਕਰਨ ਲਈ ਉਨ੍ਹਾਂ ਦੇ ਪੁੱਤਰ ਨਾਲ ਵਿਆਹ ਕੀਤਾ ਸੀ। ਜਾਂਚ ਤੋਂ ਬਾਅਦ ਪੁਲੀਸ ਨੇ ਲੜਕੀ, ਉਸ ਦੇ ਪਿਤਾ ਅਤੇ ਉਸ ਦੇ ਭਰਾ ਸਮੇਤ ਚਾਰ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਲੁਧਿਆਣਾ ਦੇ ਅਮਨ ਨਗਰ ਦੇ ਰਹਿਣ ਵਾਲੇ ਜਰਨੈਲ ਸਿੰਘ ਨੇ ਪੁਲੀਸ ਨੂੰ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸਦਾ ਪੁੱਤਰ ਮਾਨ ਸਿੰਘ ਕੈਨੇਡਾ ਦਾ ਪੱਕਾ ਨਿਵਾਸੀ (PR) ਹੈ। ਉਸ ਦਾ ਵਿਆਹ 10 ਫਰਵਰੀ 2024 ਨੂੰ ਕਪੂਰਥਲਾ ਦੇ ਪਿੰਡ ਰੀਹਾਨਾ ਜੱਟਾਂ ਦੀ ਰਹਿਣ ਵਾਲੀ ਅਮਨਦੀਪ ਕੌਰ ਨਾਲ ਹੋਇਆ ਸੀ। ਵਿਆਹ ਤੋਂ ਕੁਝ ਸਮਾਂ ਬਾਅਦ ਮਾਨ ਸਿੰਘ ਆਪਣੀ ਪਤਨੀ ਅਮਨਦੀਪ ਨੂੰ ਆਪਣੇ ਨਾਲ ਕੈਨੇਡਾ ਲੈ ਗਿਆ। ਕੈਨੇਡਾ ਪਹੁੰਚਣ ਅਤੇ ਪੀ ਆਰ ਹਾਸਲ ਕਰਨ ਤੋਂ ਬਾਅਦ ਅਮਨਦੀਪ ਕੌਰ ਨੇ ਆਪਣਾ ਅਸਲੀ ਰੰਗ ਦਿਖਾਇਆ। ਉਹ ਆਪਣੇ ਪਤੀ ਨੂੰ ਛੱਡ ਕੇ ਕਿਸੇ ਅਣਪਛਾਤੀ ਥਾਂ 'ਤੇ ਚਲੀ ਗਈ।

ਜਰਨੈਲ ਸਿੰਘ ਨੇ ਅੱਗੇ ਦੋਸ਼ ਲਾਇਆ ਕਿ ਉਸ ਦੀ ਨੂੰਹ ਨੇ ਉਸ ਦੇ ਪੁੱਤਰ ਦੀ ਵਰਤੋਂ ਸਿਰਫ਼ ਵਿਦੇਸ਼ ਵਿੱਚ ਸੈਟਲ ਹੋਣ ਲਈ ਕੀਤੀ ਸੀ। ਹੁਣ ਜਦੋਂ ਉਸ ਨੇ ਪੀ ਆਰ ਹਾਸਲ ਕਰ ਲਈ ਹੈ, ਤਾਂ ਉਸ ਨੇ ਲੜਕੇ ਨੂੰ ਛੱਡ ਦਿੱਤਾ ਹੈ। ਸ਼ਿਕਾਇਤ 'ਤੇ ਪੁਲੀਸ ਨੇ ਮੁਲਜ਼ਮ ਅਮਨਦੀਪ ਕੌਰ (ਪਤਨੀ), ਬਲਬੀਰ ਸਿੰਘ (ਸਹੁਰਾ), ਜਸਵੀਰ ਸਿੰਘ (ਜੇਠ/ਦੇਵਰ) ਅਤੇ ਪਿੰਡ ਭੋਰਾ, ਕਪੂਰਥਲਾ ਦੇ ਰਹਿਣ ਵਾਲੇ ਇੱਕ ਗੁਰਵਿੰਦਰ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਮਾਮਲੇ ਦੀ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਇਰਾਨ ਨੂੰ ਹਥਿਆਰ ਦੇਣ ਵਾਲੇ ਦੇਸ਼ਾਂ 'ਤੇ 50% ਟੈਰਿਫ਼ ਲਗਾਏ ਜਾਣਗੇ: ਟਰੰਪ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਟਰੰਪ ਨੇ ਵਿਸ਼ਵ ਭਾਈਚਾਰੇ ਨੂੰ ਸਪੱਸ਼ਟ ਚੇਤਾਵਨੀ ਦਿੱਤੀ ਹੈ ਕਿ ਜੇ ਕੋਈ ਵੀ ਦੇਸ਼ ਇਰਾਨ ਨੂੰ ਹਥਿਆਰਾਂ ਦੀ ਸਪਲਾਈ ਕਰਦਾ ਹੈ, ਤਾਂ ਅਮਰੀਕਾ ਉਸ 'ਤੇ ਤੁਰੰਤ 50 ਫੀਸਦੀ ਟੈਰਿਫ ਲਾਗੂ ਕਰੇਗਾ। ਟਰੰਪ ਨੇ ਕਿਹਾ ਕਿ ਇਹ ਫੈਸਲਾ ਬਿਨਾਂ ਕਿਸੇ ਦੇਰੀ ਦੇ ਲਾਗੂ ਕੀਤਾ ਜਾਵੇਗਾ ਅਤੇ ਇਸ ਮਾਮਲੇ ਵਿੱਚ ਕਿਸੇ ਵੀ ਦੇਸ਼ ਨੂੰ ਕੋਈ ਛੂਟ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਦਾ ਮੰਨਣਾ ਹੈ ਕਿ ਇਰਾਨ ਦੀ ਸੈਨਿਕ ਤਾਕਤ ਨੂੰ ਕਾਬੂ ਕਰਨ ਲਈ ਉਸਦੇ ਸਹਿਯੋਗੀਆਂ 'ਤੇ ਆਰਥਿਕ ਦਬਾਅ ਬਣਾਉਣਾ ਜ਼ਰੂਰੀ ਹੈ।

### ਗੱਲਬਾਤ ਲਈ ਤਿਆਰ ਇਰਾਨ

ਇਸ ਦਰਮਿਆਨ, ਇਰਾਨ ਦੀ ਸੁਪਰੀਮ ਨੈਸ਼ਨਲ ਸਕਿਉਰਿਟੀ ਕੌਂਸਲ ਨੇ ਜੰਗਬੰਦੀ ਨੂੰ ਸਵੀਕਾਰ ਕਰਦਿਆਂ ਐਲਾਨ ਕੀਤਾ ਹੈ ਕਿ ਉਹ ਸ਼ੁੱਕਰਵਾਰ ਤੋਂ ਪਾਕਿਸਤਾਨ ਵਿੱਚ ਅਮਰੀਕਾ ਨਾਲ ਵਾਰਤਾਂ ਸ਼ੁਰੂ ਕਰੇਗੀ। ਉੱਧਰ Benjamin Netanyahu ਨੇ ਕਿਹਾ ਹੈ ਕਿ Israel ਜੰਗਬੰਦੀ ਦਾ ਸਮਰਥਨ ਕਰਦਾ ਹੈ, ਪਰ ਇਹ ਸਮਝੌਤਾ Hezbollah ਖ਼ਿਲਾਫ਼ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ 'ਤੇ ਲਾਗੂ ਨਹੀਂ ਹੋਵੇਗਾ।

### ਹਮਲੇ ਜਾਰੀ, ਸਥਿਤੀ ਤਣਾਭਰਪੂਰ

ਜੰਗਬੰਦੀ ਦੇ ਬਾਵਜੂਦ Israel, Iran ਅਤੇ ਖਾੜੀ ਖੇਤਰ ਵਿੱਚ ਹਮਲੇ ਜਾਰੀ ਰਹਿਣ ਕਾਰਨ ਹਾਲਾਤ ਹਜੇ ਵੀ ਕਾਫ਼ੀ ਤਣਾਭਰੇ ਬਣੇ ਹੋਏ ਹਨ। ਇਸ ਸਮਝੌਤੇ ਦੌਰਾਨ ਇਰਾਨ ਦੀ 10-ਨੁਕਾਤੀ ਯੋਜਨਾ ਦੇ ਫਾਰਸੀ ਅਤੇ ਅੰਗਰੇਜ਼ੀ ਸੰਸਕਰਣਾਂ ਵਿੱਚ ਅੰਤਰ ਕਾਰਨ ਕੁਝ ਭੁਲੇਖੇ ਵੀ ਪੈਦਾ ਹੋਏ ਹਨ, ਖ਼ਾਸ ਕਰਕੇ ਪਰਮਾਣੂ ਸੋਧ ਨਾਲ ਜੁੜੇ ਮੁੱਦਿਆਂ 'ਤੇ। ਇਹ ਅੰਤਰ ਨਾ ਸਿਰਫ਼ ਵਾਰਤਾਂ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਖੇਤਰੀ ਸੁਰੱਖਿਆ ਅਤੇ ਸਥਿਰਤਾ ਲਈ ਵੀ ਗੰਭੀਰ ਚੁਣੌਤੀਆਂ ਪੈਦਾ ਕਰ ਰਿਹਾ ਹੈ। ਇਸ ਪ੍ਰਸੰਗ ਵਿੱਚ ਸਾਰੇ ਪੱਖਾਂ ਲਈ ਲਾਜ਼ਮੀ ਹੈ ਕਿ ਉਹ ਸਪੱਸ਼ਟਤਾ ਅਤੇ ਸੰਵਾਦ ਨੂੰ ਤਰਜੀਹ ਦੇਣ, ਤਾਂ ਜੋ ਕਿਸੇ ਵੀ ਤਰ੍ਹਾਂ ਦੀ ਗਲਤਫ਼ਹਮੀ ਤੋਂ ਬਚਿਆ ਜਾ ਸਕੇ ਅਤੇ ਲੰਬੇ ਸਮੇਂ ਦੀ ਸ਼ਾਂਤੀ ਵੱਲ ਕਦਮ ਵਧਾਏ ਜਾ ਸਕਣ।

# ਨਵਜੋਤ ਕੌਰ ਸਿੱਧੂ ਨੇ ਆਪਣੀ ਨਵੀਂ ਪਾਰਟੀ ਦਾ ਕੀਤਾ ਐਲਾਨ




ਚੰਡੀਗੜ੍ਹ: ਸਾਬਕਾ ਕ੍ਰਿਕਟਰ ਅਤੇ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਆਪਣੀ ਨਵੀਂ ਪਾਰਟੀ 'ਭਾਰਤੀ ਰਾਸ਼ਟਰਵਾਦੀ ਪਾਰਟੀ' ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਵਿੱਚੋਂ ਕੱਢੇ ਜਾਣ ਤੋਂ ਬਾਅਦ ਨਵਜੋਤ ਕੌਰ ਸਿੱਧੂ ਦੀ ਇਹ ਨਵੀਂ ਸਿਆਸੀ ਪਾਰੀ ਹੈ। ਹਾਲਾਂਕਿ, ਉਨ੍ਹਾਂ ਦੇ ਪਤੀ ਨਵਜੋਤ ਸਿੰਘ ਸਿੱਧੂ ਅਜੇ ਵੀ ਰਸਮੀ ਤੌਰ 'ਤੇ ਕਾਂਗਰਸ ਵਿੱਚ ਹੀ ਹਨ। ਨਵਜੋਤ ਕੌਰ ਸਿੱਧੂ ਨੇ ਆਪਣੇ X (ਟਵਿੱਟਰ) ਹੈਂਡਲ 'ਤੇ ਪੋਸਟ ਸਾਂਝੀ ਕਰਦਿਆਂ ਇਸ ਨਵੀਂ ਪਾਰਟੀ ਦੀ ਘੋਸ਼ਣਾ ਕੀਤੀ। ਨਵਜੋਤ ਕੌਰ ਸਿੱਧੂ ਨੇ ਇੱਕ ਫੋਟੋ ਪੋਸਟ ਕੀਤੀ ਹੈ, ਜਿਸ ਦੇ ਬੈਕਗ੍ਰਾਊਂਡ ਵਿੱਚ ਨਵੀਂ ਪਾਰਟੀ ਦਾ ਨਾਮ 'ਭਾਰਤੀ ਰਾਸ਼ਟਰਵਾਦੀ ਪਾਰਟੀ' ਲਿਖਿਆ ਹੋਇਆ ਹੈ। ਉਨ੍ਹਾਂ ਨੇ ਆਪਣੀ ਪੋਸਟ ਵਿੱਚ ਲਿਖਿਆ ਹੈ ਕਿ ਇਹ ਇੱਕ ਬਹੁਤ ਉਡੀਕੀ ਜਾਣ ਵਾਲੀ ਘੋਸ਼ਣਾ ਹੈ। ਡਾ. ਨਵਜੋਤ ਕੌਰ ਨੇ ਸੋਸ਼ਲ ਮੀਡੀਆ 'ਤੇ ਇਹ ਪੋਸਟ ਦੇਰ ਰਾਤ ਅਪਲੋਡ ਕੀਤੀ। ਹਾਲਾਂਕਿ, ਪਾਰਟੀ ਦਾ ਐਲਾਨ ਕਰਦੇ ਸਮੇਂ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਤੀ ਨਵਜੋਤ ਸਿੰਘ ਸਿੱਧੂ ਨਜ਼ਰ ਨਹੀਂ ਆ ਰਹੇ।

ਨਵੀਂ ਪਾਰਟੀ ਦਾ ਐਲਾਨ ਕਰਦੇ ਹੋਏ ਨਵਜੋਤ ਕੌਰ ਨੇ ਕਿਹਾ ਕਿ ਅਸੀਂ ਸਿਆਸੀ ਆਗੂਆਂ ਦੀ ਕਾਰਗੁਜ਼ਾਰੀ ਦੇ ਮੌਜੂਦਾ ਮਿਆਰਾਂ ਦੀ ਬਾਰੀਕੀ ਨਾਲ ਨਿਗਰਾਨੀ ਅਤੇ ਸਮੀਖਿਆ ਕਰਨ ਤੋਂ ਬਾਅਦ ਰਾਸ਼ਟਰੀ ਪੱਧਰ 'ਤੇ ਇੱਕ ਨਵੇਂ ਬਦਲ 'ਤੇ ਕੰਮ ਕਰ ਰਹੇ ਹਾਂ। ਸਾਡੀ ਇੱਛਾ ਸਿਰਫ਼ ਆਪਣੇ ਦੇਸ਼ ਲਈ ਆਪਣੀਆਂ ਜ਼ਿੰਦਗੀਆਂ ਸਮਰਪਿਤ ਕਰਨ ਦੀ ਹੈ ਤਾਂ ਜੋ ਲੋਕਾਂ ਨੂੰ ਉਹ ਵਾਪਸ ਦਿੱਤਾ ਜਾ ਸਕੇ ਜਿਸ ਦੇ ਉਹ ਸੱਚਮੁੱਚ ਹੱਕਦਾਰ ਹਨ ਅਤੇ ਜੋ ਉਹ ਸਾਡੇ ਤੋਂ ਉਮੀਦ ਕਰਦੇ ਹਨ। ਇੱਕ ਰੱਬੀ ਰਹਿਮਤ ਸਦਕਾ ਕੁਝ ਹਮ-ਖ਼ਿਆਲ ਲੋਕ ਇਕੱਠੇ ਹੋਏ ਹਨ ਜਿਨ੍ਹਾਂ ਵਿੱਚ ਸਾਂਝੇ ਟੀਚੇ ਨਾਲ ਹਰ ਰਾਜ ਵਿੱਚ ਕੰਮ ਕਰਨ ਦੀ ਸਮਰੱਥਾ, ਭਰੋਸਾ, ਦਲੇਰੀ ਅਤੇ ਦ੍ਰਿੜ ਇਰਾਦਾ ਹੈ। ਸਾਡਾ ਮਕਸਦ ਇਨਸਾਫ਼ ਅਤੇ ਸ਼ਾਂਤੀ ਪ੍ਰਦਾਨ ਕਰਨਾ ਹੈ ਅਤੇ ਪਿਆਰ ਰਾਹੀਂ 'ਉੱਚ ਚੇਤਨਾ' ਦੀ ਊਰਜਾ ਨਾਲ ਕੰਮ ਕਰਨਾ ਹੈ ਤਾਂ ਜੋ ਉਹ ਸਭ ਕੁਝ ਦਿੱਤਾ ਜਾ ਸਕੇ ਜੋ ਵਾਹਿਗੁਰੂ ਜੀ ਸਾਡੇ ਤੋਂ ਚਾਹੁੰਦੇ ਹਨ।

ਉਨ੍ਹਾਂ ਅੱਗੇ ਲਿਖਿਆ ਕਿ ਅਸੀਂ ਪੰਜਾਬ ਨੂੰ ਉਸ ਦੀ ਗੁਆਚੀ ਹੋਈ ਸ਼ਾਨ ਵਾਪਸ ਦਿਵਾ ਕੇ ਮੁੜ 'ਸੋਨੇ ਵਰਗਾ ਰਾਜ' ਬਣਾਉਣ ਵੱਲ ਲੈ ਕੇ ਜਾਵਾਂਗੇ, ਜਿੱਥੇ ਲੋਕ ਪਿਆਰ, ਸਾਂਝੀਵਾਲਤਾ, ਨਿਆਂ, ਸੁਤੰਤਰਤਾ ਅਤੇ ਆਜ਼ਾਦੀ ਦੀ ਸ਼ਕਤੀ ਨੂੰ ਜਾਣਨਗੇ ਅਤੇ ਬਿਨਾਂ ਕਿਸੇ ਬਾਹਰੀ ਦਖਲਅੰਦਾਜ਼ੀ ਦੇ ਨਿਸ਼ਕਾਮ ਸੇਵਾ ਅਤੇ ਅਧਿਆਤਮਿਕ ਵਿਕਾਸ ਦੇ ਉਦੇਸ਼ ਨਾਲ ਆਪਣੇ ਮੁੱਲਾਂ ਅਤੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਕਰਨ ਲਈ ਕੰਮ ਕਰਨਗੇ। ਲੋਕਾਂ ਦੀ, ਲੋਕਾਂ ਲਈ ਅਤੇ ਪੰਜਾਬ ਦੇ ਲੋਕਾਂ ਦੁਆਰਾ ਚੁਣੀ ਗਈ ਸਰਕਾਰ। ਅਧਿਆਤਮਿਕ ਮਹਾਂਪੁਰਖਾਂ ਦੀ ਮਦਦ ਨਾਲ, ਸੱਚ ਅਤੇ ਪਿਆਰ ਦੇ ਮਾਰਗ 'ਤੇ ਚੱਲਦਿਆਂ-ਜੋ ਕਿ ਵਾਹਿਗੁਰੂ ਜੀ ਦੀ ਭਾਸ਼ਾ ਹੈ—ਲੋਕਾਂ ਦੀਆਂ ਜ਼ਖਮੀ ਰੂਹਾਂ ਦੀ ਮਲ੍ਹਮ-ਪੱਟੀ ਕਰਨਾ ਹੀ ਸਾਡਾ ਉਦੇਸ਼ ਹੈ।

# ਇਕਲੌਤਾ ਅਮੀਰ ਐਨਆਰਆਈ ਪੁੱਤਰ ਆਪਣੇ ਨੱਬੇ ਸਾਲਾ ਮਾਪਿਆਂ ਨੂੰ ਤੰਗ ਅਤੇ ਧਮਕੀਆਂ ਦੇ ਰਿਹਾ ਹੈ



ਪੰਜਾਬ (ਬਿਉਰੋ ਨਿਊਜ਼); "ਕਿੰਨਾ ਤਿੱਖਾ ਹੈ ਸੱਪ ਦਾ ਦੰਦ, ਪਰ ਨਾਸ਼ੁਕਰੇ ਬੱਚੇ ਦਾ ਦਿੱਤਾ ਦਰਦ ਉਸ ਤੋਂ ਵੀ ਵੱਧ ਹੈ" – ਵਿਲੀਅਮ ਸ਼ੇਕਸਪੀਅਰ, ਕਿੰਗ ਲੀਅਰ। ਇਹ ਦੁਖਦਾਈ ਕਹਾਣੀ ਹੈ ਲੁਧਿਆਣਾ ਤੋਂ ਕਰੀਬ 20 ਕਿਲੋਮੀਟਰ ਦੂਰ ਡੋਰਾਹਾ ਦੇ ਨੇੜੇ ਪਿੰਡ ਛੰਦੜਾਂ ਦੇ ਇੱਕ ਨੱਬੇ ਸਾਲਾ ਜੋੜੇ ਦੀ। ਹਰਭਗਤ ਸਿੰਘ, ਉਮਰ 91 ਸਾਲ, ਅਤੇ ਉਹਨਾਂ ਦੀ ਪਤਨੀ ਸਵਰਨ ਕੌਰ, ਉਮਰ 88 ਸਾਲ, ਜਿਨ੍ਹਾਂ ਦਾ ਗੁਜ਼ਾਰਾ ਪੂਰੀ ਤਰ੍ਹਾਂ ਜ਼ਮੀਨ ਦੀ ਆਮਦਨ 'ਤੇ ਨਿਰਭਰ ਹੈ, ਆਪਣੇ ਅਮਰੀਕਾ ਵਸਦੇ ਪੁੱਤਰ ਗੁਰਪ੍ਰੀਤ ਸਿੰਘ ਅਤੇ ਉਸਦੇ ਸਪੈਸ਼ਲ ਪਾਵਰ ਆਫ਼ ਅਟਾਰਨੀ ਧਾਰਕ ਗੁਰਜੀਤ ਸਿੰਘ, ਜੋ ਕਿ ਦੋਹਰੇ ਕਤਲ ਕੇਸ ਵਿੱਚ ਦੋਸ਼ੀ ਅਤੇ ਜ਼ਮਾਨਤ 'ਤੇ ਹੈ, ਤੋਂ "ਆਪਣੀ ਜ਼ਿੰਦਗੀ ਨੂੰ ਖ਼ਤਰਾ" ਮਹਿਸੂਸ ਕਰ ਰਹੇ ਹਨ।

ਵਿਵਾਦ ਦਾ ਕਾਰਨ 22 ਏਕੜ ਖੇਤੀਬਾੜੀ ਜ਼ਮੀਨ ਹੈ ਜੋ ਹਰਭਗਤ ਸਿੰਘ ਅਤੇ ਉਹਨਾਂ ਦੀ ਪਤਨੀ ਦੀ ਮਾਲਕੀ ਸੀ ਅਤੇ ਕੁਝ ਜ਼ਮੀਨ ਪਰਿਵਾਰਕ ਫੰਡਾਂ ਨਾਲ ਗੁਰਪ੍ਰੀਤ ਸਿੰਘ ਦੇ ਨਾਮ 'ਤੇ ਖਰੀਦੀ ਗਈ ਸੀ। ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰ ਰਹੇ ਗੁਰਪ੍ਰੀਤ ਨੇ ਜ਼ਮੀਨ ਆਪਣੇ ਨਾਮ ਕਰਵਾਉਣ ਦੀ ਇੱਛਾ ਜ਼ਾਹਰ ਕੀਤੀ। ਮਾਪਿਆਂ ਨੂੰ ਕੋਈ ਇਤਰਾਜ਼ ਨਹੀਂ ਸੀ ਕਿਉਂਕਿ ਜ਼ਮੀਨ ਅੰਤ ਵਿੱਚ ਉਸੇ ਕੋਲ ਜਾਣੀ ਸੀ। ਮਾਪਿਆਂ ਨੇ ਸਹਿਮਤੀ ਦਿੱਤੀ ਅਤੇ ਆਪਣੇ ਨਾਮ ਦੀ ਜ਼ਮੀਨ ਗੁਰਪ੍ਰੀਤ ਸਿੰਘ ਦੇ ਨਾਮ ਕਰ ਦਿੱਤੀ, ਇਸ ਸ਼ਰਤ 'ਤੇ ਕਿ ਉਹ ਉਹਨਾਂ ਦੀ ਦੇਖਭਾਲ ਕਰੇਗਾ, ਸਾਰੀਆਂ ਸੁਵਿਧਾਵਾਂ ਦੇਵੇਗਾ ਅਤੇ ਕਿਰਾਏਦਾਰ ਤੋਂ ਮਿਲਣ ਵਾਲਾ ਠੇਕਾ ਮਾਪਿਆਂ ਨੂੰ ਮਿਲਦਾ ਰਹੇਗਾ।

ਪਰ ਗੁਰਪ੍ਰੀਤ ਨੇ ਮਾਪਿਆਂ ਨੂੰ ਸੁਵਿਧਾਵਾਂ ਦੇਣਾ ਬੰਦ ਕਰ ਦਿੱਤਾ ਅਤੇ ਇਸਦੀ ਬਜਾਏ ਰਮੇਸ਼ ਕੁਮਾਰ ਨੂੰ ਜਨਰਲ ਪਾਵਰ ਆਫ਼ ਅਟਾਰਨੀ ਦੇ ਦਿੱਤੀ, ਜਿਸਨੇ ਮਾਪਿਆਂ ਅਤੇ ਕਿਰਾਏਦਾਰ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਿਰਾਏਦਾਰ ਨੂੰ ਪੈਸੇ ਦੇਣ ਦੀਆਂ ਧਮਕੀਆਂ ਦਿੱਤੀਆਂ। ਬਿਨੈਕਾਰਾਂ ਨੇ ਤਬਾਦਲਾ ਦਸਤਾਵੇਜ਼ਾਂ ਨੂੰ ਰੱਦ ਕਰਨ ਲਈ ਅਰਜ਼ੀਆਂ ਦਾਖਲ ਕੀਤੀਆਂ, ਅਤੇ ਲੁਧਿਆਣਾ ਐਸਡੀਐਮ ਨੇ ਤਬਾਦਲਾ ਦਸਤਾਵੇਜ਼ ਰੱਦ ਕਰ ਦਿੱਤੇ ਅਤੇ ਗੁਰਪ੍ਰੀਤ ਸਿੰਘ ਦੀਆਂ ਅਪੀਲਾਂ ਵੀ ਖਾਰਜ ਕਰ ਦਿੱਤੀਆਂ ਗਈਆਂ। 5 ਸਾਲ ਤੋਂ ਵੱਧ ਸਮੇਂ ਬਾਅਦ, ਗੁਰਪ੍ਰੀਤ ਸਿੰਘ ਨੇ ਫਿਰ ਐਡਿਸ਼ਨਲ ਡਿਪਟੀ ਕਮਿਸ਼ਨਰ ਦੇ ਸਾਹਮਣੇ ਅਪੀਲਾਂ ਦਾਖਲ ਕੀਤੀਆਂ। ਹਾਲਾਂਕਿ ਇਹ ਅਪੀਲਾਂ ਕਾਨੂੰਨ ਅਨੁਸਾਰ ਕਾਬਲੇ-ਸੁਣਵਾਈ ਨਹੀਂ ਸਨ, ਫਿਰ ਵੀ ਤਤਕਾਲੀ ਏਡੀਸੀ ਲੁਧਿਆਣਾ ਨੇ ਐਸਡੀਐਮ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ। ਮਾਪਿਆਂ ਨੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਪਟੀਸ਼ਨਾਂ ਦਾਖਲ ਕੀਤੀਆਂ। ਮਾਣਯੋਗ ਹਾਈ ਕੋਰਟ ਨੇ ਹੁਕਮ ਰੱਦ ਕੀਤੇ ਅਤੇ ਜ਼ਮੀਨ ਮੁੜ ਮਾਪਿਆਂ ਨੂੰ ਬਹਾਲ ਕਰ ਦਿੱਤੀ ਗਈ। ਇਸ ਤੋਂ ਬਾਅਦ, ਹਰਭਗਤ ਸਿੰਘ ਦੀ ਧੀ ਅੰਤਰਪ੍ਰੀਤ ਕੌਰ ਮਾਪਿਆਂ ਦੀ ਦੇਖਭਾਲ ਕਰ ਰਹੀ ਸੀ, ਇਸ ਲਈ ਜ਼ਮੀਨ ਉਸਦੇ ਨਾਮ ਕਰ ਦਿੱਤੀ ਗਈ। ਮਾਪਿਆਂ ਨੇ ਸਿਵਲ ਸੂਟ ਵੀ ਦਾਖਲ ਕੀਤਾ ਇਸ ਐਲਾਨ ਲਈ ਕਿ ਅੰਤਰਪ੍ਰੀਤ ਕੌਰ ਅਤੇ ਗੁਰਪ੍ਰੀਤ ਸਿੰਘ ਹਰੇਕ ਜ਼ਮੀਨ ਵਿੱਚ 1/4 ਹਿੱਸੇ ਦੇ ਮਾਲਕ ਹਨ, ਜੋ ਗੁਰਪ੍ਰੀਤ ਸਿੰਘ ਦੇ ਨਾਮ 'ਤੇ ਖਰੀਦੀ ਗਈ ਸੀ। ਲੁਧਿਆਣਾ ਸਿਵਲ ਜੱਜ (ਜੂਨੀਅਰ ਡਿਵੀਜ਼ਨ) ਨੇ ਕਬਜ਼ੇ ਅਤੇ ਤਬਾਦਲੇ ਸੰਬੰਧੀ ਯਥਾਸਥਿਤੀ ਬਣਾਈ ਰੱਖਣ ਦੇ ਹੁਕਮ ਦਿੱਤੇ। ਹੁਣ ਗੁਰਪ੍ਰੀਤ ਸਿੰਘ ਅਤੇ ਉਸਦਾ ਐਸਪੀਏ ਸਥਾਨਕ ਪੁਲਿਸ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਜ਼ਮੀਨ ਦਾ ਜ਼ਬਰੀ ਅਤੇ ਗੈਰਕਾਨੂੰਨੀ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪੁਲਿਸ ਤੋਂ ਸੀਆਰਪੀਸੀ ਦੀ ਧਾਰਾ 145 / ਬੀਐਨਐਸਐਸ ਦੀ ਧਾਰਾ 164 ਅਧੀਨ ਕਲੰਦਰਾ ਤਿਆਰ ਕਰਵਾ ਕੇ ਐਸਡੀਐਮ ਦੇ ਸਾਹਮਣੇ ਪੇਸ਼ ਕੀਤਾ ਗਿਆ ਅਤੇ ਐਸਡੀਐਮ ਨੇ 04/11/2025 ਨੂੰ ਅੰਤਰਿਮ ਹੁਕਮ ਪਾਸ ਕੀਤੇ, ਜਿਨ੍ਹਾਂ ਨੂੰ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰੋਕ ਲਗਾ ਦਿੱਤੀ। ਸਟੇਅ ਹੁਕਮਾਂ ਦੇ ਬਾਵਜੂਦ ਸਥਾਨਕ ਪੁਲਿਸ ਮਾਪਿਆਂ ਅਤੇ ਕਿਰਾਏਦਾਰਾਂ ਨੂੰ ਜ਼ਮੀਨ ਵਿੱਚ ਦਾਖਲ ਨਹੀਂ ਹੋਣ ਦੇ ਰਹੀ। ਸਗੋਂ ਗੁਰਪ੍ਰੀਤ ਸਿੰਘ ਅਤੇ ਉਸਦਾ ਐਸਪੀਏ ਆਪਣੇ ਗੁੰਡਿਆਂ ਸਮੇਤ ਟਿਊਬਵੈੱਲ 'ਤੇ ਆ ਕੇ ਮਾਪਿਆਂ, ਕਿਰਾਏਦਾਰਾਂ ਨੂੰ ਧਮਕੀਆਂ ਦਿੰਦੇ ਹਨ ਅਤੇ ਮਾਪਿਆਂ ਨੂੰ ਆਪਣੀ ਜਾਨ-ਮਾਲ ਦਾ ਖ਼ਤਰਾ ਮਹਿਸੂਸ ਹੁੰਦਾ ਹੈ।

ਇਸ ਲਈ, ਉਹਨਾਂ ਨੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸੁਰੱਖਿਆ ਲਈ ਫੌਜਦਾਰੀ ਰਿੱਟ ਪਟੀਸ਼ਨ ਦਾਖਲ ਕੀਤੀ ਅਤੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 20/03/2026 ਨੂੰ ਕਮਿਸ਼ਨਰ ਆਫ਼ ਪੁਲਿਸ ਨੂੰ ਹੁਕਮ ਦਿਤਾ ਕਿ ਕੇਕਰ ਜੇਕਰ ਉਹਨਾਂ ਦੀ ਜਾਨ ਅਤੇ ਆਜ਼ਾਦੀ ਨੂੰ ਕੋਈ ਖ਼ਤਰਾ ਮਹਿਸੂਸ ਹੋਵੇ ਤਾਂ ਮਾਪਿਆਂ ਦੀ ਸੁਰੱਖਿਆ ਯਕੀਨੀ ਕਰਨ।

# ਬ੍ਰਿਟੇਨ 'ਚ 'ਆਂਟੀ' ਕਹਿਣਾ ਪਿਆ ਮਹਿੰਗਾ, ਭਾਰਤੀ ਮੂਲ ਦੀ ਔਰਤ ਨੇ ਜਿੱਤਿਆ ਕੇਸ

ਬ੍ਰਿਟੇਨ: ਬ੍ਰਿਟੇਨ 'ਚ ਭਾਰਤੀ ਮੂਲ ਦੀ ਇਕ ਸਿਹਤ ਕਰਮਚਾਰੀ ਨੇ ਖੁਦ ਨੂੰ 'ਆਂਟੀ' ਕਹਿਣ 'ਤੇ ਕੇਸ ਜਿੱਤ ਲਿਆ ਹੈ। 61 ਸਾਲਾ ਇਲਡਾ ਐਸਟੇਵਸ ਬ੍ਰਿਟੇਨ ਦੀ ਨੈਸ਼ਨਲ ਹੈਲਥ ਸਰਵਿਸ (ਐਨਐਚਐਸ) ਵਿੱਚ ਸਿਹਤ ਸੰਭਾਲ ਸਹਾਇਕ ਵਜੋਂ ਕੰਮ ਕਰਦੀ ਹੈ। ਉਸ ਦੇ ਨਾਲ ਕੰਮ ਕਰਨ ਵਾਲੀ ਨਰਸ ਚਾਰਲਸ ਓਪੋਂਗ ਵਾਰ-ਵਾਰ ਉਸ ਨੂੰ 'ਆਂਟੀ' ਕਹਿ ਕੇ ਸੰਬੋਧਨ ਕਰਦੀ ਸੀ। ਇਲਡਾ ਨੂੰ ਇਹ ਪਸੰਦ ਨਹੀਂ ਸੀ। ਉਸਨੇ ਸਪੱਸ਼ਟ ਤੌਰ 'ਤੇ ਓਪੋਂਗ ਨੂੰ ਕਿਹਾ ਕਿ ਉਹ ਉਸਨੂੰ ਉਸਦੇ ਨਾਮ ਨਾਲ ਬੁਲਾਵੇ। ਇਸ ਦੇ ਬਾਵਜੂਦ ਓਪੋਂਗ ਨੇ ਆਪਣੀ ਆਦਤ ਨਹੀਂ ਬਦਲੀ। ਗਲਿਆਰਿਆਂ ਅਤੇ ਦਫਤਰਾਂ ਵਰਗੀਆਂ ਜਨਤਕ ਥਾਵਾਂ 'ਤੇ ਉਸ ਨੂੰ 'ਆਂਟੀ' ਕਹਿ ਕੇ ਬੁਲਾਉਂਦੀ ਰਹੀ।

ਇੰਨਾ ਹੀ ਨਹੀਂ ਓਪੋਂਗ ਨੇ ਇਲਡਾ ਨੂੰ ਇਕ ਹੋਰ ਬਜ਼ੁਰਗ ਸਾਥੀ ਨਾਲ 'ਜੋੜਾ' ਬਣਾਉਣ ਲਈ ਵੀ ਕਿਹਾ ਸੀ। ਇਨ੍ਹਾਂ ਗੱਲਾਂ ਤੋਂ ਦੁਖੀ ਇਲਡਾ ਨੇ ਵਾਟਫੋਰਡ ਇੰਪਲਾਇਮੈਂਟ ਟ੍ਰਿਬਿਊਨਲ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਸੁਣਵਾਈ ਦੌਰਾਨ ਘਾਨਾ ਮੂਲ ਦੀ ਇੱਕ ਨਰਸ ਓਪੋਂਗ ਨੇ ਦਲੀਲ ਦਿੱਤੀ ਕਿ ਉਸ ਦੀ ਸੰਸਕ੍ਰਿਤੀ ਵਿੱਚ ਵੱਡੀ ਉਮਰ ਦੀਆਂ ਔਰਤਾਂ ਨੂੰ ਸਨਮਾਨ ਦਿਖਾਉਣ ਲਈ 'ਆਂਟੀ' ਕਿਹਾ ਜਾਂਦਾ ਹੈ। ਅਦਾਲਤ ਨੇ ਇਸ ਸੱਭਿਆਚਾਰਕ ਪੱਖ ਨੂੰ ਸਵੀਕਾਰ ਕੀਤਾ, ਪਰ ਇਸ ਨੂੰ ਜ਼ੁਲਮ ਦੇ ਦਾਇਰੇ ਤੋਂ ਬਾਹਰ ਨਹੀਂ ਸਮਝਿਆ। ਜੱਜ ਜਾਰਜ ਇਲੀਅਟ ਦੀ ਅਗਵਾਈ ਵਾਲੇ ਪੈਨਲ ਨੇ ਕਿਹਾ ਕਿ ਓਪੋਂਗ ਦਾ ਇਰਾਦਾ "ਅਸ਼ਲੀਲ ਮਜ਼ਾਕ" ਕਰਨਾ ਸੀ। ਅਦਾਲਤ ਨੇ ਕਿਹਾ ਕਿ ਜਦੋਂ ਕਿਸੇ ਕਰਮਚਾਰੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਸ ਨੂੰ ਕਿਸੇ ਵਿਸ਼ੇਸ਼ ਸ਼ਬਦ



ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjer
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

# ਸੰਭਾਲੋ ਪੰਜਾਬੀਓ ! ਪੰਜਾਬ ਰੁੜ੍ਹ ਚੱਲਿਆ !



ਬੁੱਧ ਸਿੰਘ ਨੀਲੋਂ
94643 70823

ਇਸ ਸਮੇਂ ਪੰਜਾਬ ਕੁਦਰਤੀ ਤੇ ਸਰਕਾਰੀ ਕਰੋਪੀ ਦੀ ਮਾਰ ਹੇਠ ਤਬਾਹ ਹੋ ਗਿਆ ਹੈ। ਸੱਤ ਜ਼ਿਲਿਆਂ ਦੀ ਸਵਾ ਲੱਖ ਏਕੜ ਫ਼ਸਲ ਖ਼ਤਮ ਹੋ ਗਈ ਹੈ। ਕੁੱਝ ਜ਼ਿਲਿਆਂ ਵਿੱਚ ਤਾਂ ਗੜਿਆਂ ਦੇ ਪਹਾੜ ਨਜ਼ਰ ਆਉਂਦੇ ਹਨ। ਪੰਜਾਬ ਤੇ ਕੇਂਦਰ ਸਰਕਾਰ ਪੰਜਾਬ ਦੇ ਨਾੜ ਨੂੰ ਅੱਗ ਲਾਉਣ ਦੀਆਂ ਖ਼ਬਰਾਂ ਤਾਂ ਸੈਟੇਲਾਈਟ ਰਾਹੀਂ ਦੇਖ ਕੇ ਕਿਸਾਨਾਂ ਦੇ ਖੇਤਾਂ ਵਿੱਚ ਪੁਜ ਜਾਂਦੀ ਹੈ, ਹੁਣ ਗੜਿਆਂ ਦੇ ਨਾਲ ਤਬਾਹ ਹੋਈਆਂ ਫ਼ਸਲਾਂ ਸਰਕਾਰ ਨੂੰ ਕਿਉਂ ਨਜ਼ਰ ਨਹੀਂ ਆਉਂਦੀਆਂ? ਪੰਜਾਬ ਦੀਆਂ ਸਿਆਸੀ ਪਾਰਟੀਆਂ ਅਗਲੀਆਂ ਚੋਣਾਂ ਵਿੱਚ ਆਪੋ ਆਪਣੀ ਸਰਕਾਰ ਬਣਾਉਣ ਲਈ ਰੈਲੀਆਂ ਕਰ ਰਹੀਆਂ ਹਨ। ਜਿਹਨਾਂ ਨੇ ਪੰਜਾਬ ਨੂੰ ਉਜਾੜਨ ਲਈ ਹਰ ਹੀਲਾ ਵਰਤਿਆ, ਉਹ ਪੰਜਾਬ ਨੂੰ ਬਚਾਉਣ ਲਈ ਨਾਅਰੇ ਲਾਉਂਦੇ ਹਨ। ਪੰਜਾਬ ਦੇ ਲੋਕਾਂ ਨੂੰ ਭਰਮਾਉਣ ਲਈ ਉਹਨਾਂ ਨੂੰ ਸੁੱਖ ਸਹੂਲਤਾਂ ਦੇਣ ਲਈ ਆਖਦੇ ਹਨ। ਪੰਜਾਬ ਦੇ ਲੋਕ ਆਪਸ ਵਿੱਚ ਜੁੜਨ ਦੀ ਵਜਾਏ, ਇਹਨਾਂ ਸਿਆਸੀ ਪਾਰਟੀਆਂ ਦੇ ਮਗਰ ਤੁਰੇ ਫਿਰਦੇ ਹਨ।



ਹੱਸਦੇ ਵੱਸਦੇ ਪੰਜਾਬ ਨੂੰ ਬਾਰ ਬਾਰ ਉਜਾੜਨ ਲਈ ਭਾਰਤੀ ਹਾਕਮਾਂ ਨੇ ਦੇਸ (ਅਸਲ ਵਿੱਚ ਪੰਜਾਬ) ਦੀ ਵੰਡ ਵੇਲ਼ੇ ਤੋਂ ਹੀ ਮਨਸੂਬਾਬੰਦੀ ਸ਼ੁਰੂ ਕਰ ਦਿੱਤੀ ਸੀ। ਜਿਵੇਂ ਪਾਣੀ ਨਿਵਾਣ ਵੱਲ ਵਗਦਾ ਹੈ, ਅੱਜ ਉਹੀ ਹਾਲ ਹੋਇਆ ਪਿਆ ਹੈ। ਪੰਜਾਬੀਆਂ ਨੂੰ ਕਦੇ ਚੰਭਲਾਅ ਕੇ, ਕਦੇ ਲਾਲਚ ਦੇਕੇ, ਕਦੇ ਉਲਝਾਅ ਕੇ, ਕਦੇ ਵਿਕਾਸ ਦੇ ਨਾਂ 'ਤੇ ਤੇ ਕਦੇ ਕਾਨੂੰਨ ਦੇ ਜਾਲ਼ ਵਿੱਚ ਫਸਾ ਕੇ ਉਜਾੜਿਆ ਜਾ ਰਿਹਾ ਹੈ । ਪੰਜਾਬ ਨੂੰ ਇਸ ਨਿੱਘਰੀ ਹਾਲਤ ਤੱਕ ਪਹੁੰਚਾਉਣ ਵਿਚ ਭਾਰਤੀ ਸਟੇਟ ਦਾ ਜਿੰਨਾਂ ਹੱਥ ਹੈ ਓਨਾ ਹੀ ਪੰਜਾਬੀਆਂ ਦਾ ਆਪਣਾ ਵੀ ਹੈ ਜਿਹੜੇ ਹੁਣ ਤੱਕ ਮਦਾਰੀ ਦੇ ਝੁਰਲੂ ਦੇ ਰੁਤਬੇ ਤੋਂ ਉਤਾਂਹ ਨਹੀਂ ਉੱਠ ਸਕੇ। ਸਿਆਸੀ ਪਾਰਟੀਆਂ ਦੇ ਸ਼ਾਤਰ, ਭ੍ਰਿਸ਼ਟ, ਬੇਈਮਾਨ ਤੇ ਵਿਕਾਊ ਆਗੂਆਂ ਨੇ ਉਨ੍ਹਾਂ ਨੂੰ ਕਾਂਗਰਸ, ਅਕਾਲੀ ਦਲ ਤੇ ਕਈ ਜਾਤਪਾਤੀ ਟੋਲਿਆਂ ਵਿੱਚ ਵੰਡ ਕੇ ਆਪਣਾ ਉੱਲੂ ਤਾਂ ਸਿੱਧਾ ਕਰ ਲਿਆ ਹੈ ਪਰ ਨਾਲ਼ ਹੀ ਕਿਰਤ ਕਰਨ ਤੋਂ ਕਦੇ ਵੀ ਮੂੰਹ ਨਾ ਮੋੜਨ ਵਾਲ਼ੇ ਪੰਜਾਬੀਆਂ ਹੱਥ ਠੂਠਾ ਵੀ ਫੜਾ ਦਿੱਤਾ ਹੈ।

ਇਹ ਆਦਿ ਜੁਗਾਦੀ ਸੱਚ ਹੈ ਕਿ ਜਦੋਂ ਹਾਕਮ ਆਪਣੇ ਨਿੱਜੀ ਮੁਫਾਦਾਂ ਲਈ ਧਰਮ ਦੀ ਆੜ ਵਿਚ ਆਪਣਾ 'ਉੱਲੂ ਸਿੱਧਾ' ਕਰਨ ਲੱਗ ਪੈਣ ਤਾਂ ਆਮ ਲੋਕਾਂ ਦੇ ਘਰਾਂ ਵਿੱਚ 'ਉਲੂ ਬੋਲਣ' ਲੱਗ ਪੈਂਦੇ ਹਨ। ਜਿਹਨਾਂ ਨੇ ਜ਼ਿੰਦਗੀ ਦਾ ਫ਼ਲਸਫਾ ਦੱਸਣਾ ਹੁੰਦਾ ਹੈ, ਉਹ ਦਾਨੇ ਬੰਦੇ ਉੱਚਿਆਂ ਚੁਬਾਰਿਆਂ ਨਾਲ਼ ਆੜੀ ਪਾ ਕੇ ਆਪਣਿਆਂ ਦੀ ਹੀ ਮੰਜੀ ਠੋਕਦੇ ਹਨ। ਉਹਨਾਂ ਤੋਂ ਡਰਦੇ ਆਮ ਲੋਕ ਵੀ ਉੱਚੇ ਦੁਆਰੇ ਤੇ ਚੁਬਾਰੇ ਲੱਭਣ ਦੇ ਚੱਕਰ 'ਚ ਫਸ ਜਾਂਦੇ ਹਨ।

ਸਿਆਸੀ ਆਗੂ ਜਦੋਂ 'ਊਟਪਟਾਂਗ ਗੱਲਾਂ' ਮਾਰਨ ਲੱਗ ਜਾਣ ਤਾਂ 'ਲੋਕ ਉਜਾੜ' ਮੱਲਣ ਤੁਰ ਪੈਂਦੇ ਹਨ। ਜਿਹੜੇ 'ਉਚਾ ਝਾਕਣ' ਲੱਗਦੇ ਹਨ, ਉਨ੍ਹਾਂ ਨੂੰ ਨੀਵਿਆਂ ਦੀਆਂ ਗੱਲਾਂ ਸਮਝ ਨਹੀਂ ਆਉਦੀਆਂ ਤੇ ਉਹਨਾਂ ਨੂੰ ਉਡਦੇ ਸੱਪ ਕੀਲਣੇ ਮੁਸ਼ਕਿਲ ਹੋ ਜਾਂਦੇ ਹਨ। ਜਿਹੜੇ ਹਰ ਕੰਮ ਲਈ ਉਡ ਉਡ ਪੈਣ ਉਹ ਉਤਲੇ ਮੂੰਹੋਂ ਤੇਰਾ ਤੇਰਾ ਕਹਿਣ ਦੇ ਆਦੀ ਬਣ ਜਾਂਦੇ ਹਨ। ਪਰ ਲੋਕ ਵੀ ਉਹਨਾਂ ਨੂੰ ਉਡਣ ਜੋਗਾ ਨਹੀਂ ਛੱਡਦੇ। ਇਕ ਦਿਨ ਧਰਤੀ 'ਤੇ ਪਟਕਾ ਕੇ ਮਾਰਦੇ ਹਨ । ਜਿਹੜੇ ਐਂਵੇ ਹੀ ਹਰ ਕਿਸੇ ਦੇ ਸਵੈਮਾਣ ਨੂੰ ਰੋਲਣ ਦੀ ਹਿਮਾਕਤ ਕਰਦੇ ਹਨ, ਉਨ੍ਹਾਂ ਨੂੰ ਦੁਬਾਰਾ ਕੋਈ ਉਂਗਲ ਨਹੀਂ ਫੜ੍ਹਦਾ। ਜਿਹੜੇ ਹਰ ਕਿਸੇ ਦੇ ਨਾਲ਼ ਉਸਤਾਦੀ ਘੋਟਣ ਲੱਗ ਪੈਣ ਉਹਨਾਂ ਨੂੰ ਇੱਕ ਦਿਨ ਉਂਗਲਾਂ ਟੁੱਕਣੀਆਂ ਪੈਂਦੀਆਂ ਹਨ, ਫੇਰ ਉਹਨਾਂ ਦੀ ਕੋਈ ਉਘ ਸੁੱਘ ਨਹੀਂ ਲੱਗਦੀ।

ਜਿਨ੍ਹਾਂ ਦੇ ਮਨਾਂ ਵਿੱਚ ਸੁਪਨੇ ਉਸਲਵੱਟੇ ਭੰਨਣ ਲੱਗ ਪੈਣ, ਉਨ੍ਹਾਂ ਨੂੰ ਸੁਪਨੇ ਪੂਰੇ ਕਰਨ ਲਈ ਉੱਖਲੀ ਵਿੱਚ ਸਿਰ ਦੇਣਾ ਹੀ ਪੈਂਦਾ ਹੈ। ਜਦੋਂ ਕਿਸੇ ਨੂੰ ਕੋਈ ਉਲਟੀ ਪੱਟੀ ਪੜ੍ਹਾਉਣ ਲੱਗ ਪਏ ਤਾਂ ਲੋਕ ਉਸ ਉਪਰ ਉਂਗਲਾਂ ਚੁੱਕਣ ਲੱਗ ਪੈਂਦੇ ਹਨ। ਉਹਨਾਂ ਦੇ ਸਦਾ ਉਖੜੇ-ਉੱਖੜੇ ਰਹਿਣ ਕਰਕੇ ਉਸ ਦੇ ਮੂੰਹ 'ਤੇ ਉਦਾਸੀ ਸਦਾ ਹੀ ਛਾਈ ਰਹਿੰਦੀ ਹੈ।

ਜਿਨ੍ਹਾਂ ਨੂੰ ਉਧਾਰ ਖਾਣ ਦੀ ਆਦਤ ਪੈ ਜਾਵੇ, ਉਹ ਹਮੇਸ਼ਾ ਕਿਸੇ ਉਧੇੜ ਬੁਣ ਵਿੱਚ ਪਏ ਰਹਿੰਦੇ ਹਨ। ਜਿਹੜੇ ਭੌਰੇ ਰਸ ਚੂਸ ਕੇ ਉੱਡ ਜਾਣ ਉਨ੍ਹਾਂ ਲਈ ਕੋਈ ਉਡ ਉਡ ਨਹੀਂ ਪੈਂਦਾ। ਫਿਰ ਇਹੋ ਜਿਹਿਆਂ ਨੂੰ ਉਚਾ ਸੁਣਨ ਲੱਗਦਾ ਹੈ। ਜਦੋਂ ਬੰਦੇ ਦਾ ਸੁਭਾਅ ਜਿਵੇਂ ਕਿਵੇਂ ਟਾਈਮ ਪਾਸ ਕਰਨ ਵਾਲ਼ਾ ਬਣ ਜਾਂਦਾ ਹੈ ਤਾਂ ਫਿਰ ਉਸ ਲਈ ਉਲਝੀ ਤਾਣੀ ਸੁਲਝਾਉਣੀ ਹੋਰ ਵੀ ਔਖੀ ਹੋ ਜਾਂਦੀ ਹੈ।

ਹੁਣ ਇਹੀ ਹਾਲਤ ਸਿਆਸਤਦਾਨਾਂ ਨੇ ਸਾਡੀ ਬਣਾਈ ਹੋਈ ਹੈ। ਸਮੇਂ ਨੇ ਸਾਨੂੰ ਉਲ਼ਟੇ ਛੁਰੇ ਨਾਲ਼ ਮੁੰਨਣਾ ਸ਼ੁਰੂ ਕੀਤਾ ਹੋਇਆ ਹੈ ਤੇ ਅਸੀਂ ਉਲਟੇ ਪੈਰੀਂ ਵਾਪਸ ਭੱਜੇ ਜਾ ਰਹੇ ਹਾਂ ਪਰ ਹਰ ਵੇਲ਼ੇ ਵੀ ਲੋਕਾਂ ਨੂੰ ਉੱਲੂ ਨਹੀਂ ਬਣਾਇਆ ਜਾ ਸਕਦਾ। ਅਸੀਂ ਉਲੂ ਬਣ ਰਾਤਾਂ ਨੂੰ ਉਡਦੇ ਹਾਂ । ਜਦੋਂ ਕੋਈ ਊਚ-ਨੀਚ ਵਿਚਾਰਨੀ ਭੁੱਲ ਜਾਵੇ ਤਾਂ ਉਸ ਦੇ ਆਲ਼ੇ ਦੁਆਲ਼ੇ ਉਲ਼ਟੀ ਹਵਾ ਚੱਲ ਪੈਂਦੀ ਹੈ। ਜਦੋਂ ਕੋਈ ਹਰ ਕਿਸੇ ਨਾਲ਼ ਉਲਝ ਪੈਣ ਦੀ ਆਦਤ ਬਣਾ ਲਵੇ, ਉਹ ਛੇਤੀ ਹੀ ਕੈਨਵਸ ਤੋਂ ਗਾਇਬ ਹੋ ਜਾਂਦਾ ਹੈ।

ਫੇਰ ਦੁਬਾਰਾ ਓਹੜ-ਪੋਹੜ ਕਰਦਿਆਂ ਕਈ ਵਰ੍ਹੇ ਲੰਘ ਜਾਂਦੇ ਹਨ। ਹਾਲਤ ਉਸ ਊਠ ਵਰਗੀ ਬਣ ਜਾਂਦੀ ਹੈ ਜੋ ਲੋਕਾਂ ਵੱਲ ਮੂੰਹ ਚੁੱਕੀ ਖੜ੍ਹਾ ਹੈ ਪਰ ਲੋਕ ਉਸ ਨੂੰ ਓਪਰੀ ਨਜ਼ਰੇ ਵੀ ਨਹੀਂ ਵੇਖਦੇ।

ਜਦੋਂ ਊੜਾ ਐੜਾ ਨਾ ਜਾਨਣ ਵਾਲ਼ੇ ਲੋਕ ਸਮਾਜ ਦੇ ਚੌਧਰੀ ਬਣ ਜਾਣ ਫੇਰ ਉਨ੍ਹਾਂ ਦੇ 'ਉਡਦਾ ਛਾਪਾ' ਵੀ ਗਲ਼ੇ ਆ ਲੱਗਦਾ ਹੈ। ਫੇਰ ਉਹਦੀ ਉਤੋਂ ਦੀ ਪੈਣ ਦੀ ਰੀਤ ਨੂੰ ਉਠਾਲਾ ਕਰਨਾ ਪੈਂਦਾ ਹੈ ਤੇ ਕੋਈ ਉਨ੍ਹਾਂ ਦੀ ਵੱਢੀ ਉਂਗਲ 'ਤੇ ਵੀ ਨਹੀਂ ਮੂਤਦਾ।

ਜਿਹੜੇ ਆਪਣੇ ਆਪ ਨੂੰ ਉਸਤਾਦ ਮੰਨਣ ਦਾ ਭਰਮ ਪਾਲ਼ ਲੈਂਦੇ ਹਨ, ਉਹ ਉੱਚਾ-ਨੀਵਾਂ ਬੋਲਣ ਲੱਗੇ ਥਾਂ-ਕੁਥਾਂ ਨਹੀਂ ਦੇਖਦੇ। ਇਹੋ ਜਿਹੇ ਸਿਆਸਤਦਾਨਾਂ ਦਾ ਉਧਾਰ ਜਦੋਂ ਲੋਕ ਬਿਆਜ਼ ਸਮੇਤ ਮੋੜਦੇ ਹਨ ਤਾਂ ਉਹ ਅੱਖਾਂ ਚੁੱਕ ਕੇ ਉਤਾਂਹ ਦੇਖਣਾ ਹੀ ਭੁੱਲ ਜਾਂਦੇ ਹਨ।

ਭਾਵੇਂ ਹਰ ਵੇਲ਼ੇ ਉਲੂ ਸਿੱਧਾ ਨਹੀਂ ਹੁੰਦਾ, ਪਰ ਉੱਲੂ ਬਣਾਉਣ ਵਾਲ਼ੇ ਜਦੋਂ ਉਸਤਾਦੀ ਘੋਟਣ ਲੱਗਦੇ ਹਨ ਤਾਂ ਲੋਕ ਉਸ ਨੂੰ ਨਜ਼ਰ ਅੰਦਾਜ਼ ਕਰਨ ਲੱਗਦੇ ਹਨ।

'ਉਂਗਲ਼ਾਂ' ਉਤੇ ਨੱਚਣਾ ਤੇ ਨਚਾਉਣਾ ਔਖਾ ਹੁੰਦਾ ਹੈ। ਜਦੋਂ ਸੱਤਾ ਉਜਾੜ ਭਾਲਣ ਦੇ ਰਸਤੇ ਤੁਰਦਿਆਂ ਵਿਕਾਸ ਦੀਆਂ ਗੱਲਾਂ ਕਰਦੀ ਹੈ ਤਾਂ ਉਲਟੀ ਗੰਗਾ ਪਹੇਵੇ ਵੱਲ ਨੂੰ ਵਗਣ ਲੱਗਦੀ ਹੈ। ਇਹਨਾਂ ਸਮਿਆਂ ਵਿੱਚ ਜਦੋਂ ਸ਼ਬਦਾਂ ਦੇ ਖਿਡਾਰੀ ਸ਼ਬਦਾਂ ਦੀਆਂ ਬੁੱਚੀਆਂ ਪਾਉਣ ਲਈ ਮਦਾਰੀ ਬਣ ਜਾਣ ਤਾਂ ਆਮ ਲੋਕਾਂ ਦੇ ਪੱਲੇ ਕੱਖ ਨਹੀਂ ਪੈਂਦਾ।

ਲੋਕ ਪੱਲੇ ਝਾੜਦੇ ਊਠ ਦੇ ਡਿੱਗਦੇ ਬੁੱਲ੍ਹ ਵਾਂਗੂੰ ਮਗਰ ਮਗਰ ਤੁਰ ਤੁਰ ਕੇ ਖਾਲੀ ਹੱਥ ਘਰਾਂ ਨੂੰ ਪਰਤ ਆਉਂਦੇ ਹਨ। ਕਈ ਵਾਰ ਘਰਾਂ ਨੂੰ ਮੁੜਨਾ ਔਖਾ ਹੁੰਦਾ ਹੈ ਪਰ ਘਰ ਅਸੀਂ ਆਏ ਨੂੰ ਕਦੇ ਦੁਰਕਾਰਦੇ ਨਹੀਂ। ਘਰ ਹਮੇਸ਼ਾਂ ਬਾਹਰ ਗਿਆਂ ਦੀ ਉਡੀਕ ਵਿੱਚ ਦਰਵਾਜ਼ੇ ਖੁੱਲ੍ਹੇ ਰੱਖਦੇ ਹਨ।

ਜਦੋਂ ਕੋਈ ਢਿੱਡ ਰੋਟੀ ਟੁੱਕ ਦੀ ਭਾਲ਼ ਕਰਨ ਲਈ ਪਰਵਾਸ ਕਰਦਾ ਹੈ ਤਾਂ ਘਰ ਉਦਾਸ ਨਹੀਂ ਹੁੰਦੇ, ਪਰ ਜਦੋਂ ਪਰਵਾਸੀਆਂ ਦੀਆਂ ਮੋਹ ਭਰੀਆਂ ਖ਼ਬਰਾਂ ਦੀ ਬਜਾਏ ਮਾੜੀਆਂ ਖ਼ਬਰਾਂ ਆਉਣ ਲੱਗ ਪੈਣ ਤਾਂ ਘਰ ਭੁੱਬਾਂ ਮਾਰ ਮਾਰ ਕੇ ਰੋਂਦੇ ਹਨ। ਘਰਾਂ ਵਿੱਚ ਭੁੱਜਦੀ ਭੰਗ ਵੀ, ਚੁਗਲੀਆਂ ਕਰਦੀ ਹੋਈ ਨਸੀਹਤਾਂ ਦੇਣ ਲੱਗਦੀ ਹੈ।

ਉਲ਼ਟੀ ਪੁਲ਼ਟੀ ਗੱਲ ਕਰਨੀ ਹੁਣ ਜਿੰਨੀ ਔਖੀ ਹੋ ਗਈ ਹੈ, ਉਸ ਤੋਂ ਵੀ ਵਧੇਰੇ ਔਖੀ ਹਜ਼ਮ ਕਰਨੀ ਹੋ ਗਈ ਹੈ। ਕਿਉਂਕਿ ਹੁਣ ਹਰੇਕ ਦਾ ਹਾਜ਼ਮਾ ਖਰਾਬ ਹੀ ਰਹਿੰਦਾ ਹੈ।

ਸ਼ਬਦਾਂ ਦੇ 'ਲਿਖਾਰੀ' ਹੁਣ 'ਵਪਾਰੀ' ਬਣ ਗਏ ਹਨ। ਇਸੇ ਕਰਕੇ ਊੜੇ ਐੜੇ ਹੋਰੀਂ ਪੁਕਾਰ ਰਹੇ ਹਨ ਕਿ ਕੋਈ ਤਾਂ ਸਾਡੀ ਆਵਾਜ਼ ਸੁਣੋ। ਊੜੇ ਤੇ ਜੂੜੇ ਨੂੰ ਅਸਾਂ ਘਰਾਂ ਵਿੱਚੋਂ ਕੱਢ ਕੇ 'ਅੰਗਰੇਜ਼ੀ' ਨੂੰ ਆਪਣੀ ਰਖੈਲ਼ ਬਣਾ ਲਿਆ ਹੈ। ਅਸੀਂ ਭਰਮ ਦੇ ਗੁਲਾਮ ਬਣ ਗਏ ਹਾਂ ।

ਹੁਣ ਵਿਚਾਰਾ ਊੜਾ ਕਰੇ ਤਾਂ ਕੀ ਕਰੇ ? ਊੜੇ ਦੀਆਂ ਪੈਂਦੀਆਂ ਚੀਕਾਂ ਕੌਨਵੈਂਟ ਸਕੂਲਾਂ, ਸਰਕਾਰੀ ਤੇ ਗੈਰ ਸਰਕਾਰੀ ਦਫ਼ਤਰਾਂ ਵਿਚ ਸੁਣੀਆਂ ਜਾ ਸਕਦੀਆਂ ਹਨ। ਊੜੇ ਦਾ ਕੋਈ ਵਾਲੀ ਵਾਰਿਸ ਨਹੀਂ ਤੇ ਸਾਹਿਤਕਾਰ ਤੇ ਸਾਹਿਤਕ ਸੰਸਥਾਵਾਂ ਮਾਂ ਬੋਲੀ ਦੇ ਨਾਂ 'ਤੇ ਰੋਟੀਆਂ ਸੇਕਦੀਆਂ ਹਨ। ਪਰ ਊੜੇ ਦੀ ਕੋਈ ਨਹੀਂ ਸੁਣਦਾ । ਇਸੇ ਕਰਕੇ ਇਹ ਅਪਣੇ ਹੀ ਘਰ ਵਿੱਚ ਪਰਾਇਆ ਹੋ ਗਿਆ ਹੈ। ਇਸਨੂੰ ਆਪਣਾ ਘਰ ਕਦੋਂ ਮਿਲੇਗਾ? ਪਤਾ ਨਹੀਂ । ਊੜੇ ਨੂੰ ਘਰ ਮਿਲੇ ਨਾ ਮਿਲੇ ਪਰ ਅਗਲੀਆਂ ਚੋਣਾਂ ਤੱਕ ਸਰਕਾਰ ਦੀ ਯੋਜਨਾ ਹੈ ਕਿ ਉਹ ਗਰੀਬਾਂ ਨੂੰ ਮਕਾਨ ਬਣਾ ਕੇ ਦੇ ਦੇਵੇਗੀ। ਆਮ ਕਿਰਤੀ ਬੰਦਾ ਤਾਂ ਆਪਣਾ ਘਰ ਸਾਰੀ ਉਮਰ ਨਹੀਂ ਬਣਾ ਸਕਦਾ । ਅੱਜ ਸਾਡੇ ਆਲ਼ੇ ਦੁਆਲ਼ੇ ਕੋਠੀਆਂ, ਮਹਿਲ, ਮੁਨਾਰੇ, ਮਕਾਨ ਤੇ ਪਤਾ ਨਹੀਂ ਘਰਾਂ ਦੇ ਨਾ 'ਤੇ ਕੀ ਕੀ ਬਣਾਇਆ ਜਾ ਰਿਹਾ ਹੈ।

ਇਹਨਾਂ ਕੋਠੀਆਂ ਤੇ ਮਹਿਲਾਂ ਵਿਚੋਂ 'ਊੜਾ ਤੇ ਜੂੜਾ' ਹੀ ਨਹੀਂ, ਸਾਡੇ ਮਾਪੇ ਵੀ ਬੇਦਖ਼ਲ ਹੋ ਰਹੇ ਹਨ। ਮਕਾਨਾਂ ਤੇ ਕੋਠੀਆਂ ਵਿਚ ਕੁੱਤੇ, ਬਿੱਲੀਆਂ, ਡੈਣਾਂ ਦਾ ਵਸੇਰਾ ਹੋ ਰਿਹਾ ਹੈ। ਇਸੇ ਕਰਕੇ ਸਾਡੇ ਆਲ਼ੇ ਦੁਆਲ਼ੇ ਬਿਰਧ ਆਸ਼ਰਮ ਵਧਦੇ ਦਾ ਰਹੇ ਹਨ ਜਿਹਨਾਂ ਵਿਚ ਇਨਸਾਨ ਹੱਸਦੇ ਤੇ ਢੋਲੇ ਦੀਆਂ ਲਾਉਦੇ ਹਨ ਜਦੋਂ ਕਿ ਕੋਠੀਆਂ ਤੇ ਮਕਾਨਾਂ ਵਿਚ ਚੀਕ ਚਿਹਾੜਾ ਤੇ ਚੀਕਾਂ ਪੈਂਦੀਆਂ ਹਨ। ਘਰ ਉਦਾਸ ਹਨ ਪਰ ਮਕਾਨ ਨੱਚਦੇ, ਟੱਪਦੇ ਤੇ ਜਸ਼ਨ ਮਨਾਉਦੇ ਹਨ। ਊੜਾ ਵੀ ਜਾਣਦਾ ਹੈ ਕਿ ਹਰ ਕੋਈ ਹੁਣ ਆਪਣੀ ਆਮਦਨ ਵਧਾਉਣ ਲਈ ਆਪਣਿਆਂ ਨੂੰ ਮਾਰ ਰਿਹਾ ਹੈ। ਹੁਣ ਕਈ ਘਰ ਤਾਂ ਕਤਲਗਾਹ ਹੀ ਬਣਦੇ ਜਾ ਰਹੇ ਹਨ।

ਹੁਣ ਇੱਥੇ ਲੜਾਈ ਕਿਸੇ ਇੱਕ ਦੀ ਨਹੀਂ, ਸਭ ਦੀ ਬਣਦੀ ਜਾ ਰਹੀ ਹੈ ਪਰ ਸਾਨੂੰ ਸਮਝ ਨਹੀਂ ਲੱਗੀ ਕਿ ਲੜ੍ਹਾਈ ਕਿਸਦੇ ਨਾਲ਼ ਕਰਨੀ ਹੈ। ਅਸੀਂ ਆਪਸ ਵਿੱਚ ਹੀ ਲੜੀ ਜਾ ਰਹੇ ਤੇ ਅਣਿਆਈ ਮੌਤੇ ਮਾਰੇ ਜਾ ਰਹੇ ਹਾਂ। ਹੁਣ ਸਾਡੇ ਆਪਣਿਆਂ ਨੇ ਹੀ ਸਾਡੇ ਗਲ਼ਾਂ ਨੂੰ ਫਾਹਾ ਪਾ ਦਿੱਤਾ ਹੈ।

ਅਸੀਂ ਆਪੋ ਆਪਣੀ ਡੱਫਲੀ ਵਜਾ ਰਹੇ ਹਾਂ, 'ਕੱਲੇ 'ਕੱਲੇ ਕੁੱਟ ਖਾ ਰਹੇ ਹਾਂ ਤੇ ਮਾਰੇ ਜਾ ਰਹੇ ਹਾਂ। ਅਸੀਂ ਹਰ ਵੇਲ਼ੇ ਅਰਦਾਸ ਸਰਬੱਤ ਦੇ ਭਲੇ ਦੀ ਕਰਦੇ ਹਾਂ ਪਰ ਘਰ ਆਪਣੇ ਭਰਦੇ ਹਾਂ ਤੇ ਗੱਲਾਂ ਸਮਾਜਵਾਦ ਤੇ ਬਰਾਬਰਤਾ ਦੀਆਂ ਕਰਦੇ ਹਾਂ ।

ਸਾਡੀ ਫੁੱਟ ਦਾ ਸਿਆਸੀ ਲੋਕ ਮੌਕੇ ਮੁਤਾਬਕ ਫਾਇਦਾ ਚੁੱਕਦੇ ਹਨ। ਅਸੀਂ ਕਿਸੇ ਲੁੱਟੇ ਜੁਆਰੀਏ ਵਾਂਗੂੰ ਹੱਥ ਮਲ਼ਦੇ ਰਹਿ ਜਾਂਦੇ ਹਾਂ। ਹੁਣ ਸਾਹਮਣਿਓਂ ਲੜਨ ਦੀ ਲੋੜ ਹੈ। ਦੁਸ਼ਮਣ ਸਾਂਝਾ ਹੈ ਤੇ ਸਾਹਮਣੇ ਖੜ੍ਹਾ ਦਿਖਦਾ ਹੈ ।

ਹੁਣ ਕਰੋ ਜਾਂ ਮਰੋ ਦੀ ਜੰਗ ਕਰਨ ਦੀ ਲੋੜ ਹੈ। ਹੁਣ ਸਾਂਝੀ ਜੰਗ ਦੀ ਜਰੂਰਤ ਹੈ, ਇਹ ਹੁਣ ਸਮੇਂ ਦੀ ਵੀ ਮੰਗ ਹੈ। ਜੰਗ ਲੜਿਆਂ ਹੀ ਹੁਣ ਕੰਮ ਸੌਰਨਾ ਹੈ। ਡਰ ਕੇ ਵਿਦੇਸ਼ਾਂ ਨੂੰ ਨਾ ਭੱਜੋ। ਸਮੇਂ ਦੀ ਚਾਲ ਸਮਝੋ। ਆਪਣੀਆਂ ਅਗਲੀਆਂ ਨਸਲਾਂ ਦੇ ਕਾਤਲ ਨਾ ਬਣੋ, ਸਗੋਂ ਹਿੱਕ ਤਾਣ ਕੇ ਖੜ੍ਹੋ। ਇਕ ਦਿਨ ਮਰਨਾ ਤਾਂ ਸਭ ਨੇ ਹੈ। ਦੇਸ ਕੌਮ ਤੇ ਸਮਾਜ ਲਈ ਮਰੋ। ਮੂੰਹ ਉਤੇ ਵਿਕਾਸ ਦਾ ਨਕਾਬ ਪਾ ਕੇ ਧਾੜਵੀ ਆ ਗਏ ਹਨ। ਹੁਣ ਸਾਹਵੇਂ ਜੂਝਣ ਦੀ ਲੋੜ ਹੈ, 'ਕੱਲੇ 'ਕੱਲੇ ਨਾ ਮਰੋ।

ਹੁਣ ਜੰਗ ਕਿਸੇ ਅਬਦਾਲੀ ਜਾਂ ਗੋਰੇ ਦੇ ਵਿਰੁੱਧ ਨਹੀਂ, ਆਪਣਿਆਂ ਖਿਲਾਫ਼ ਲੜਨੀ ਪੈਣੀ ਹੈ। ਆਓ ! ਸਾਂਝੀ ਜੰਗ ਲੜੀਏ ਤੇ 'ਕੱਲੇ 'ਕੱਲੇ ਨਾ ਮਰੀਏ। ਜਿੱਤ ਸਦਾ ਲੋਕਾਂ ਦੀ ਹੁੰਦੀ ਆਈ ਹੈ। ਜੈ ਜਨਤਾ ਦੀ ਹੁੰਦੀ ਹੈ। ਹੁਣ ਜਿੱਤ ਲੋਕਾਂ ਦੀ ਤੇ ਹਾਰ ਖੂਨ ਪੀਣੀਆਂ ਜੋਕਾਂ ਦੀ ਹੋਵੇਗੀ।

ਹੁਣ ਸਿਰ ਜੋੜਨ ਦਾ ਵੇ਼ਲਾ ਐ,
ਪਹਿਲਾਂ ਹੀ ਬਹੁਤ ਕੁਵੇ਼ਲਾ ਐ;

ਆਪਣੇ ਨਿੱਜੀ ਲਾਲਚ ਛੱਡਕੇ ਹੋਵੋ ਇਕਜੁੱਟ, ਹੁਣ ਹਰ ਬਾਰ ਉੱਜੜ ਕੇ ਵਸਣਾ ਮੁਸ਼ਕਿਲ ਹੈ। ਉੱਜੜ ਰਹੇ ਪੰਜਾਬ ਨੂੰ ਬਚਾ ਲਵੋ ਤੇ ਗਿਰਝਾਂ ਦੇ ਗਲ਼ੇ ਨੂੰ ਹੱਥ ਪਾ ਲਵੋ। ਆਪਣੇ ਤੇ ਚਿੜੀਆਂ ਜਨੌਰਾਂ ਦੇ ਆਲ੍ਹਣੇ ਬਚਾ ਲਵੋ !

# ਵਿਕਾਸ ਸਕੀਮਾਂ ਲਈ 1500 ਕਰੋੜ ਦਾ ਨਵਾਂ ਕਰਜ਼ਾ ਚੁੱਕੇਗੀ ਸਰਕਾਰ !



ਚੰਡੀਗੜ੍ਹ : ਪੰਜਾਬ ਸਰਕਾਰ ਚਾਲੂ ਵਿੱਤੀ ਵਰ੍ਹੇ 2026-27 ਦੇ ਪਹਿਲੇ ਹਫ਼ਤੇ ਹੀ 1500 ਕਰੋੜ ਦਾ ਨਵਾਂ ਕਰਜ਼ਾ ਚੁੱਕੇਗੀ। ਇਹ ਕਰਜ਼ਾ ਯੋਜਨਾਵਾਂ ਅਤੇ ਵਿਕਾਸ ਸਕੀਮਾਂ ਲਈ ਪੂੰਜੀਗਤ ਖ਼ਰਚੇ ਵਜੋਂ ਦਸ ਸਾਲਾਂ ਦੀ ਮਿਆਦ ਲਈ ਚੁੱਕਿਆ ਜਾ ਰਿਹਾ ਹੈ। ਕਰਜ਼ ਲੈਣ ਲਈ ਨੋਟੀਫ਼ਿਕੇਸ਼ਨ 2 ਅਪਰੈਲ ਨੂੰ ਜਾਰੀ ਕੀਤਾ ਗਿਆ ਹੈ। ਪੰਜਾਬ ਦੇ ਵਿੱਤ ਵਿਭਾਗ ਦੇ ਅਧਿਕਾਰੀ ਆਖਦੇ ਹਨ ਕਿ ਸੂਬਾ ਸਰਕਾਰ 'ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਐੱਫ਼ ਆਰ ਬੀ ਐੱਮ)' ਤਹਿਤ ਤੈਅ ਕਰਜ਼ ਸੀਮਾ ਤਹਿਤ ਹੀ ਨਵਾਂ ਕਰਜ਼ਾ ਲੈ ਰਹੀ ਹੈ। ਪੰਜਾਬ ਸਰਕਾਰ ਚਾਲੂ ਵਿੱਤੀ ਵਰ੍ਹੇ ਦੌਰਾਨ ਮਾਰਕੀਟ ਉਧਾਰ ਜ਼ਰੀਏ 43,798.38 ਕਰੋੜ ਦਾ ਕਰਜ਼ਾ ਚੁੱਕਣ ਦੀ ਇੱਛੁਕ ਹੈ। ਵਿਰੋਧੀ ਧਿਰਾਂ ਦੇ ਆਗੂਆਂ ਨੇ ਸੂਬੇ ਦੀ ਵਿਗੜ ਰਹੀ ਵਿੱਤੀ ਹਾਲਤ ਦੇ ਮੱਦੇਨਜ਼ਰ ਸੱਤਾਧਾਰੀ ਧਿਰ ਨੂੰ ਕਰਜ਼ੇ ਦੇ ਮੁੱਦੇ 'ਤੇ ਘੇਰਿਆ ਹੈ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਦੋਸ਼ ਲਾਏ ਹਨ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦਾ ਭਵਿੱਖ ਗਿਰਵੀ ਰੱਖਿਆ ਜਾ ਰਿਹਾ ਹੈ। ਆਗੂ ਆਖਦੇ ਹਨ ਕਿ ਨਵੀਆਂ ਦੇਣਦਾਰੀਆਂ ਪਹਿਲਾਂ ਹੀ ਵਧ ਰਹੇ 4.07 ਲੱਖ ਕਰੋੜ ਰੁਪਏ ਦੇ ਕਰਜ਼ੇ 'ਚ ਸ਼ਾਮਲ ਹੋ ਜਾਣੀਆਂ ਹਨ। ਵਿੱਤ ਵਿਭਾਗ ਦੇ ਅਧਿਕਾਰੀ ਆਖਦੇ ਹਨ ਕਿ ਪੁਰਾਣਾ ਕਰਜ਼ਾ ਲਾਹੁਣ ਲਈ ਨਵੇਂ ਕਰਜ਼ੇ ਦਾ ਇੱਕ ਹਿੱਸਾ ਵਰਤਿਆ ਜਾਵੇਗਾ। ਅਧਿਕਾਰੀ ਆਖਦੇ ਹਨ ਕਿ ਪੰਜਾਬ ਸਰਕਾਰ ਨੇ ਅਪਰੈਲ 2016 'ਚ ਵਿਕਾਸ ਕੰਮਾਂ ਲਈ 1600 ਕਰੋੜ ਦਾ ਕਰਜ਼ਾ ਚੁੱਕਣ ਲਈ ਆਪਣੇ ਸਟਾਕਾਂ ਦੀ ਨਿਲਾਮੀ ਕੀਤੀ ਸੀ, ਜਿਨ੍ਹਾਂ ਦੀ ਅਦਾਇਗੀ 27 ਅਪਰੈਲ ਨੂੰ ਹੋਣੀ ਹੈ।

ਹਾਲਾਂਕਿ ਇਸ 1600 ਕਰੋੜ ਰੁਪਏ ਦੇ ਕਰਜ਼ੇ 'ਚੋਂ ਕੁੱਝ ਕਰਜ਼ਾ ਵਾਪਸ ਕੀਤਾ ਜਾ ਚੁੱਕਿਆ ਹੈ ਜਦੋਂ ਕਿ ਕਰੀਬ ਇੱਕ ਹਜ਼ਾਰ ਕਰੋੜ ਰੁਪਏ 27 ਅਪਰੈਲ ਨੂੰ ਵਾਪਸ ਕਰਨੇ ਹਨ। ਇਸ 'ਚੋਂ ਬਚਿਆ ਕਰਜ਼ਾ ਯੋਜਨਾਵਾਂ ਲਈ ਵਰਤਿਆ ਜਾਣਾ ਹੈ। ਵਿੱਤੀ ਸਾਲ 2026-27 ਦੌਰਾਨ ਜੋ 43,798.38 ਕਰੋੜ ਦਾ ਕਰਜ਼ਾ ਚੁੱਕਿਆ ਜਾਣਾ ਹੈ, ਉਸ 'ਚੋਂ 42,481.45 ਕਰੋੜ ਤਾਂ ਪੁਰਾਣੇ ਕਰਜ਼ਿਆਂ ਦੀ ਅਦਾਇਗੀ ਆਦਿ ਲਈ ਖ਼ਰਚੇ ਜਾਣੇ ਹਨ ਜਦੋਂ ਕਿ ਬਾਕੀ 1315.93 ਕਰੋੜ ਰੁਪਏ ਹੀ ਵਿਕਾਸ ਕੰਮਾਂ ਲਈ ਵਰਤੇ ਜਾਣਗੇ। ਪਿਛਾਂਹ ਦੇਖੀਏ ਤਾਂ 31 ਮਾਰਚ 2025 ਤੱਕ ਪੰਜਾਬ 'ਤੇ 3.83 ਲੱਖ ਕਰੋੜ ਦਾ ਕਰਜ਼ਾ ਸੀ ਜੋ ਕੁੱਲ ਘਰੇਲੂ ਉਤਪਾਦ ਦਾ 44 ਫ਼ੀਸਦੀ ਤੋਂ ਵੱਧ ਬਣਦਾ ਹੈ। 'ਆਪ' ਸਰਕਾਰ ਦੇ ਸੱਤਾ 'ਚ ਆਉਣ ਸਮੇਂ ਪੰਜਾਬ 'ਤੇ 2.82 ਕਰੋੜ ਦਾ ਕਰਜ਼ਾ ਸੀ। ਕਾਂਗਰਸ ਸਮੇਂ ਸਾਲ 2017-18 'ਚ ਪੰਜਾਬ 'ਤੇ ਕਰਜ਼ਾ 1.82 ਲੱਖ ਕਰੋੜ ਰੁਪਏ ਸੀ। ਪੰਜਾਬ ਸਰਕਾਰ ਨੇ ਹੁਣ ਚਾਲੂ ਵਿੱਤੀ ਸਾਲ ਦੌਰਾਨ 12,800 ਕਰੋੜ ਦਾ ਆਬਕਾਰੀ ਮਾਲੀਆ ਇਕੱਠਾ ਕਰਨ ਦਾ ਟੀਚਾ ਰੱਖਿਆ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਕਹਿਣਾ ਹੈ ਕਿ ਸੂਬੇ ਦੀ ਵਿੱਤੀ ਹਾਲਤ 'ਚ ਸੁਧਾਰ ਹੋ ਰਿਹਾ ਹੈ ਅਤੇ ਮਾਲੀਆ ਵਧ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਕੱਲੇ ਸਾਲ 2025-26 ਦੇ ਆਬਕਾਰੀ ਮਾਲੀਏ ਦੇ ਤੈਅ ਟੀਚੇ ਨਾਲੋਂ 582 ਕਰੋੜ ਦੀ ਵੱਧ ਕਮਾਈ ਹੋਈ ਹੈ। ਚਾਲੂ ਵਿੱਤੀ ਵਰ੍ਹੇ 'ਚ ਸਰਕਾਰ 12,800 ਕਰੋੜ ਦੇ ਆਬਕਾਰੀ ਮਾਲੀਏ ਦੇ ਟੀਚੇ ਨੂੰ ਪੂਰਾ ਕਰੇਗੀ। ਉਨ੍ਹਾਂ ਕਿਹਾ ਕਿ ਚੰਗੇ ਸ਼ਾਸਨ ਅਤੇ ਕਾਰੋਬਾਰ ਅਨੁਕੂਲ ਨੀਤੀਆਂ ਦੀ ਬਦੌਲਤ ਪੰਜਾਬ ਦੀ ਵਿੱਤੀ ਹਾਲਤ ਸੁਧਰ ਰਹੀ ਹੈ।



ਚਰਨਜੀਤ ਭੁੱਲਰ







# ਨਰਾਤਾ ਘੁਮਿਆਰ




ਨਰਾਤਾ ਘੁਮਿਆਰ ਮੇਰੇ ਪਿੰਡ ਦਾ ਆਖਰੀ ਘੁਮਿਆਰ ਸੀ, ਜਿਹੜਾ ਮਿੱਟੀ ਦੇ ਭਾਂਡੇ ਬਣਾਇਆ ਕਰਦਾ ਸੀ। ਮੇਰਾ ਦਾਦੇ ਨਾਲ ਉਹਦੀ ਗੂੜ੍ਹੀ ਯਾਰੀ ਸੀ। ਪਿੰਡ ਬੰਨ੍ਹੇ ਜਾਣ ਮਗਰੋਂ ਉਹ ਇਸ ਪਿੰਡ ਵਿੱਚ ਜੁਆਨ ਹੋਈ ਪਹਿਲੀ ਪੀੜ੍ਹੀ ਦੇ ਨੌਜਵਾਨ ਸਨ। ਮੇਰਾ ਦਾਦਾ ਉਹਨੂੰ ਘੁਮਿਆਰ ਨਹੀਂ ਸਗੋਂ ਪਰਜਾਪਤ ਆਖਿਆ ਕਰਦਾ ਸੀ। ਦੇਵ ਬ੍ਰਹਮਾ ਨੂੰ ਸ਼੍ਰਿਸ਼ਟੀ ਨਿਰਮਾਣ ਕਰਨ ਕਰਕੇ ਪਰਜਾਪਤੀ ਆਖਿਆ ਜਾਂਦਾ ਸੀ। ਘੁਮਿਆਰ ਵੀ ਉਸੇ ਤਰਜ਼ ਤੇ ਮਿੱਟੀ ਵਿੱਚੋ ਸ਼ਕਲਾਂ ਘੜ ਲੈਂਦੇ ਸਨ। ਇਸੇ ਲਈ ਸ਼ਾਇਦ ਉਹਨਾਂ ਨੂੰ ਵੀ ਪਰਜਾਪਤ ਕਿਹਾ ਜਾਂਦਾ ਹੋਏਗਾ। ਉਹਦਾ ਕੰਮ ਸਾਉਣ ਦੇ ਮਹੀਨੇ ਮਿੱਟੀ ਪੁੱਟਣ ਤੋਂ ਸ਼ੁਰੂ ਹੁੰਦਾ ਸੀ। ਫ਼ਿਰ ਦੀਵਾਲੀ ਤੱਕ ਉਹ ਭਾਂਡੇ ਬਣਾਇਆ ਕਰਦੇ ਸੀ। ਕਿੰਨੇ ਹੀ ਤਰ੍ਹਾਂ ਦੇ ਭਾਂਡੇ, ਦੀਵੇ, ਦੁੱਧ ਦੇ ਰਿੜਕਨੇ, ਘੜੇ, ਤੌੜੀਆਂ, ਕੁੜੀਆਂ ਦੇ ਵਰਤਾਂ ਵਾਲੇ ਪਾਣੀ ਲਈ ਵਰਤੀਆਂ ਜਾਂਦੀਆਂ ਮਿੱਟੀ ਦੀਆਂ ਗੜਵੀਆਂ ਜਿਹਨਾਂ ਨੂੰ ਸਾਡੇ ਵੱਲ ਕਰੂਏ ਆਖਦੇ ਸੀ।

ਬੜਾ ਮਿਹਨਤ ਦਾ ਕੰਮ ਸੀ ਉਸਦਾ, ਮਿੱਟੀ ਪੁੱਟਣੀ, ਕੁੱਟਣੀ, ਰਲਾਉਣੀ, ਫ਼ਿਰ ਚੱਕ ਤੇ ਚੜ੍ਹਾਉਣੀ , ਚੱਕ ਤੇ ਚੜ੍ਹੀ ਮਿੱਟੀ ਵਿੱਚੋ ਜਦੋਂ ਵੱਖੋ ਵੱਖਰੀ ਕਿਸਮ ਦੇ ਭਾਂਡੇ ਨਿਕਲਦੇ ਤਾਂ ਇੱਕ ਵਾਰ ਮੂੰਹ ਅੱਡਿਆ ਹੀ ਰਹਿ ਜਾਂਦਾ।

ਉਹਦੇ ਹੱਥਾਂ ਦੀ ਕਰਾਮਾਤ ਤੇ ਦਿਲ ਬਾਗੋ ਬਾਗ਼ ਹੋ ਜਾਇਆ ਕਰਦਾ ਸੀ। ਜਿਸ ਦਿਨ ਵੀ ਉਹ ਚੱਕ ਨੂੰ ਚਲਾ ਰਿਹਾ ਹੁੰਦਾ। ਸਾਡਾ ਦਿਲ ਲੱਗਿਆ ਰਹਿੰਦਾ। ਫ਼ਿਰ ਵੱਡੇ ਭਾਂਡੇ ਅੰਦਰੋਂ ਬਾਹਰੋਂ ਮਿੱਟੀ ਲਗਾ ਕੇ ਥੱਪੇ ਵੀ ਜਾਂਦੇ ਸੀ। ਪਹਿਲਾਂ ਉਹ ਧੁੱਪ ਵਿੱਚ ਸੁਕਾਏ ਜਾਂਦੇ, ਫਿਰ ਆਵੇ ਤੇ ਪਕਾਏ ਜਾਂਦੇ।

ਬਾਕੀ ਸਾਲ ਵਿੱਚ ਉਹਨਾਂ ਦੀ ਵਿਕਰੀ ਸਿਰਫ਼ ਮਰਗ ਵਾਲੇ ਘਰ ਨੂੰ ਘੜੇ ਵੇਚਣ ਤੇ ਹੁੰਦੀ ਸੀ। ਮਰਨ ਤੇ ਅੱਧ ਪੱਕਿਆ ਘੜਾ ਦਿੱਤਾ ਜਾਂਦਾ ਸੀ। ਇਸ ਤੋਂ ਬਿਨ੍ਹਾਂ ਹਾੜ੍ਹੀ ਵਿੱਚ ਹਾੜ੍ਹੀ ਵੱਢਦੇ ਹੋਏ ਲੋਕਾਂ ਨੂੰ ਘੜੇ ਵੇਚੇ ਜਾਂਦੇ ਸੀ। ਜਾਂ ਫ਼ਿਰ ਦੁੱਧ ਰਿੜਕਣ ਤੇ ਦੁੱਧ ਨੂੰ ਜਾਗ ਲਾਉਣ ਲਈ ਵਰਤੇ ਜਾਂਦੇ ਭਾਂਡੇ ਵੇਚਕੇ ਰਿੜਕਣਾ (ਤੌਲਾ ਮਾਲਵੇ ਵਿੱਚ)। ਕਾੜ੍ਹਨੀ (ਦਧਾਔੜੀ ਮਾਲਵੇ 'ਚ)

ਅਸਲ ਵਿਕਰੀ ਦੇ ਤਿਉਹਾਰ ਦੀਵਾਲੀ ਵਰਗੇ ਸੀ ਜਦੋਂ ਦੀਵੇ ਵੇਚਕੇ ਉਹਨਾਂ ਨੂੰ ਦਾਣੇ ਮਿਲਦੇ ਸੀ। ਆਮ ਘਰ ਜਿਥੇ ਨਕਦ ਹੀ ਵਜ਼ਨ ਦੇ ਮੁਤਾਬਿਕ ਦਾਣੇ ਦਿੰਦੇ ਸੀ। ਓਥੇ ਜੱਟ ਜਿੰਮੀਦਾਰ ਪਰਿਵਾਰ ਹਾੜ੍ਹੀ ਸਾਉਣੀ ਫਸਲ ਵਿੱਚੋ ਹਿੱਸਾ ਦਿੰਦੇ ਸੀ। ਇਸਨੂੰ ਖਲਵਾੜਾ ਆਖਿਆ ਜਾਂਦਾ ਸੀ। ਬਾਕੀ ਲਾਗੀਆਂ ਵਾਂਗ ਉਹਨਾਂ ਨੂੰ ਖਲਵਾੜੇ ਦੀ ਇਵਜ਼ ਵਜੋਂ ਜ਼ਿੰਮੀਦਾਰ ਪਰਿਵਾਰ ਆਪਣੀ ਪਹੁੰਚ ਮੁਤਾਬਿਕ ਹਿੱਸਾ ਦੇ ਦਿੰਦੇ ਸੀ।

ਹੌਲੀ ਹੌਲੀ ਲੋਕਾਂ ਵਿੱਚ ਪਿੰਡਾਂ ਵਿੱਚ ਦੁੱਧ ਰਿੜਕਣ ਦਾ ਰਿਵਾਜ਼ ਉੱਡ ਗਿਆ, ਫਿਰ ਘੜੇ ਦੀ ਥਾਂ ਫਰਿੱਜ ਆ ਗਈ। ਦੀਵਾਲੀ ਦੇ ਦੀਵੇ ਪਹਿਲਾਂ ਪਲਾਸਟਿਕ ਦੇ ਬਣੇ ਫ਼ਿਰ ਲੜੀਆਂ ਆ ਗਈਆਂ। ਬਿਜ਼ਲੀ ਕਰਕੇ ਵੀ ਦੀਵਿਆਂ ਦੀ ਵਿਕਰੀ ਘੱਟ ਗਈ। ਕਣਕ ਖਾ ਕੇ ਬਚਾ ਕੇ ਕੁਝ ਖਰੀਦ ਲੈਣ ਵਾਲੇ ਨਰਾਤੇ ਦਾ ਪਰਿਵਾਰ ਗਰੀਬ ਹੁੰਦਾ ਗਿਆ।

ਉਹਦੇ ਮੁੰਡਿਆਂ ਨੇ ਇਹ ਕੰਮ ਕਰਨਾ ਛੱਡ ਦਿੱਤਾ। ਇੱਕ ਸ਼ਹਿਰ ਜਾ ਕੇ ਦੁਕਾਨ ਕਰਨ ਲੱਗਾ। ਇੱਕ ਇੱਟਾਂ ਦੇ ਪੱਠੇ ਤੇ ਲੱਗ ਗਿਆ। ਇੱਕ ਨੇ ਰੇਹੜੇ ਖੱਚਰ ਨੂੰ ਵਾਹੁਣਾ ਸ਼ੁਰੂ ਕਰ ਦਿੱਤਾ।

ਪਰ ਨਰਾਤੇ ਘੁਮਿਆਰ ਨੇ ਅੰਤ ਸਮੇਂ ਤੱਕ ਆਪਣਾ ਕੰਮ ਨਾ ਛੱਡਿਆ। ਉਹਦਾ ਇੱਕ ਮੁੰਡਾ ਥੋੜ੍ਹੀ ਬਹੁਤ ਮਦਦ ਕਰ ਦਿੰਦਾ ਸੀ। ਪਰ ਉਹਨਾਂ ਘਰ ਗਰੀਬੀ ਨੇ ਜਿਉਂ ਘਰ ਕੀਤਾ ਵਾਪਿਸ ਨਾ ਗਈ। ਆਪਸੀ ਲੜਾਈ ਭਾਈਆਂ ਚ ਹੋਈ ਤਾਂ ਬਿਜ਼ਲੀ ਦਾ ਬਟਵਾਰਾ ਹੋਇਆ। ਨਰਾਤੇ ਨੇ ਜਿੰਦਗ਼ੀ ਦੇ ਆਖਰੀ ਸਾਲ ਵੀ ਉਸੇ ਦੀਵੇ ਦੀ ਲੋਅ ਵਿੱਚ ਕੱਢੇ ਜਿਹੜੇ ਉਹਨੇ ਆਪ ਬਣਾਏ ਸੀ।

ਉਹਦੀ ਮੌਤ ਮਗਰੋਂ ਆਵਾ ਢਾਹ ਦਿੱਤਾ ਗਿਆ। ਉਹਦੇ ਪੋਤਿਆ ਨੇ ਵੀ ਕੰਮ ਛੱਡ ਦਿੱਤਾ। ਹੁਣ ਕੋਈ ਫੈਕਟਰੀ ਵਿੱਚ ਹੈ ਕੋਈ ਦੁਕਾਨਦਾਰੀ ਵਿੱਚ।

ਅੱਜ ਜਦੋਂ ਫੈਸ਼ਨ ਵਜੋਂ ਕੁੱਲ੍ਹੜ ਵਿੱਚ ਚਾਹ ਪੀਂਦੇ ਲੋਕਾਂ ਨੂੰ ਵੇਖਦਾਂ ਹਾਂ ਨਰਾਤਾ ਘੁਮਿਆਰ ਬਹੁਤ ਯਾਦ ਆਉਂਦਾ ਹੈ। ਉਹਦੇ ਵਰਗੀ ਕਲਾ ਮੈਨੂੰ ਕਿਤੇ ਨਹੀਂ ਦਿਖਦੀ। ਉਹਦੇ ਹੱਥਾਂ ਵਿੱਚ ਜਿੰਨੀ ਸਫਾਈ ਸੀ ਇਹ ਭਾਂਡੇ ਉਹਦੇ ਨੇੜੇ ਤੇੜੇ ਵੀ ਨਹੀਂ ਹਨ।

ਪੁਰਾਤਨ ਹਸਤਕਲਾਵਾਂ ਨੂੰ ਅਸੀਂ ਸਾਂਭ ਨਹੀਂ ਸਕੇ ਨਾ ਅਗਲੀਆਂ ਪੀੜ੍ਹੀਆਂ ਸਿੱਖ ਹੀ ਸਕੀਆਂ। ਕਿੰਨੇ ਹੀ ਖਾਨਦਾਨੀ ਕਲਾਵਾਂ ਅਲੋਪ ਹੋ ਗਈਆਂ ਹਨ।

ਨਰਾਤੇ ਘੁਮਿਆਰ ਵਾਂਗ ਅਸੀਂ ਵੀ ਇੱਕ ਦਿਨ ਉੱਡ ਹੀ ਜਾਣਾ। ਉਹਦੀਆਂ ਗੱਲਾਂ ਮੈਂ ਲਿਖ ਦਿੱਤੀਆਂ ਸਾਡੀਆਂ ਪਤਾ ਨਹੀਂ ਕਿਸੇ ਨੇ ਲਿਖਣੀਆਂ ਵੀ ਹਨ ਕਿ ਨਹੀਂ।

ਉਹ ਇੱਕ ਸੱਚਾ ਕਲਾਕਾਰ ਸੀ।

ਹਰਜੋਤ ਸਿੰਘ

# ਪਾਬਲੋ ਪਿਕਾਸੋ ਦੀ ਪੇਂਟਿੰਗ !



ਪਾਬਲੋ ਪਿਕਾਸੋ ਸਮੁੰਦਰ ਦੇ ਕੰਢੇ ਪੇਂਟਿੰਗ ਕਰ ਰਿਹਾ ਸੀ। ਉੱਥੇ ਇੱਕ ਮਾਲੀ ਸੀ ਜੋ ਪ੍ਰੇਮੀਆਂ ਅਤੇ ਦੋਸਤਾਂ ਲਈ ਸਮੁੰਦਰ ਕੰਢੇ ਗੁਲਾਬ ਵੇਚਦਾ ਸੀ। ਉਹ ਮਾਲੀ ਪਿਕਾਸੋ ਨੂੰ ਪੇਂਟਿੰਗ ਕਰਦੇ ਹੋਏ ਦੇਖ ਰਿਹਾ ਸੀ ਪਰ ਉਹ ਉਸਦੀ ਪੇਂਟਿੰਗ ਦਾ ਅਰਥ ਨਹੀਂ ਸਮਝ ਪਾ ਰਿਹਾ ਸੀ।

ਜਦੋਂ ਪਿਕਾਸੋ ਨੇ ਆਪਣੀ ਪੇਂਟਿੰਗ ਨੂੰ ਆਖਰੀ ਰੂਪ ਦਿੱਤਾ ਤਾਂ ਉਹ ਉਸਨੂੰ ਇਸ ਤਰ੍ਹਾਂ ਦੇਖ ਰਿਹਾ ਸੀ ਜਿਵੇਂ ਉਹ ਉਸਨੇ ਨਹੀਂ, ਬਲਕਿ ਕਿਸੇ ਹੋਰ ਨੇ ਬਣਾਈ ਹੋਵੇ।

ਇੱਕ ਸੱਚਾ ਕਲਾਕਾਰ ਜਾਂ ਕਵੀ ਹਮੇਸ਼ਾ ਇੰਝ ਹੀ ਮਹਿਸੂਸ ਕਰਦਾ ਹੈ। ਉਹ ਸਿਰਫ਼ ਇੱਕ ਜ਼ਰੀਆ ਹੁੰਦਾ ਹੈ – ਕੋਈ ਅਣਜਾਣ ਸ਼ਕਤੀ ਹੀ ਸਾਰੀ ਰਚਨਾ ਕਰਦੀ ਹੈ।

ਮਾਲੀ ਉਸਦੇ ਕੋਲ ਆਇਆ ਅਤੇ ਪੁੱਛਣ ਲੱਗਾ, "ਮੈਂ ਤੁਹਾਨੂੰ ਪੇਂਟਿੰਗ ਕਰਦੇ ਹੋਏ ਦੇਖ ਰਿਹਾ ਸੀ। ਤੁਸੀਂ ਇਸ ਵਿੱਚ ਇੰਨੇ ਮਗਨ ਸੀ ਕਿ ਮੈਂ ਤੁਹਾਨੂੰ ਰੋਕਣ ਦੀ ਹਿੰਮਤ ਨਹੀਂ ਕਰ ਸਕਿਆ। ਪਰ ਹੁਣ ਜਦੋਂ ਤੁਸੀਂ ਇਸਨੂੰ ਪੂਰਾ ਕਰ ਲਿਆ ਹੈ ਤਾਂ ਮੈਂ ਆਪਣੇ ਆਪ ਨੂੰ ਰੋਕ ਨਹੀਂ ਪਾ ਰਿਹਾ। ਕੀ ਮੈਂ ਪੁੱਛ ਸਕਦਾ ਹਾਂ, 'ਇਸ ਪੇਂਟਿੰਗ ਦਾ ਅਰਥ ਕੀ ਹੈ?'"

ਉਸਦੇ ਹੱਥਾਂ ਵਿੱਚ ਗੁਲਾਬ ਦੇ ਗੁੱਛੇ ਸਨ।

ਪਿਕਾਸੋ ਨੇ ਕਿਹਾ, "ਦੋਸਤ, ਤੂੰ ਮੈਨੂੰ ਇਸ ਪੇਂਟਿੰਗ ਦੇ ਅਰਥਾਂ ਬਾਰੇ ਪੁੱਛ ਰਿਹਾ ਹੈਂ, ਕੀ ਪਹਿਲਾਂ ਮੈਂ ਤੈਨੂੰ ਪੁੱਛ ਸਕਦਾ ਹਾਂ ਕਿ ਇਨ੍ਹਾਂ ਗੁਲਾਬਾਂ ਦਾ ਅਰਥ ਕੀ ਹੈ? ਮੈਂ ਵੀ ਤੈਨੂੰ ਹਰ ਰੋਜ਼ ਸਮੁੰਦਰੀ ਕੰਢੇ 'ਤੇ ਗੁਲਾਬ ਵੇਚਦੇ ਦੇਖਦਾ ਹਾਂ। ਮੈਂ ਵੀ ਤੈਨੂੰ ਪੁੱਛਣ ਲਈ ਉਤਸੁਕ ਸੀ। ਤੂੰ ਇੱਕ ਮਾਲੀ ਹੈਂ, ਫੁੱਲਾਂ ਨੂੰ ਪਿਆਰ ਕਰਦਾ ਹੈਂ। ਮੈਂ ਬਹੁਤ ਸਾਰੇ ਗੁਲਾਬ ਦੇਖੇ ਹਨ ਪਰ ਤੇਰੇ ਗੁਲਾਬ ਬਹੁਤ ਸੁੰਦਰ, ਵੱਡੇ, ਖੁਸ਼ਬੂਦਾਰ ਤੇ ਤਾਜ਼ਗੀ ਨਾਲ ਭਰੇ ਹੋਏ ਹੁੰਦੇ ਹਨ। ਤੂੰ ਜ਼ਰੂਰ ਇਨ੍ਹਾਂ ਦੀ ਸੁੰਦਰਤਾ ਦਾ ਕਾਰਨ ਜਾਣਦਾ ਹੋਵੇਂਗਾ? ਮੈਨੂੰ ਦੱਸ?

ਮਾਲੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਸਨੇ ਕਿਹਾ, "ਇਹ ਨਾ ਪੁੱਛੋ, ਕਿਉਂਕਿ ਮੈਂ ਜੀਵਨ ਭਰ, ਜਦੋਂ ਤੋਂ ਫੁੱਲ ਉਗਾ ਰਿਹਾ ਹਾਂ, ਇਹ ਪ੍ਰਸ਼ਨ ਪੁੱਛਦਾ ਰਿਹਾ ਹਾਂ, ਅਤੇ ਮੈਂ ਜਾਣਦਾ ਵੀ ਹਾਂ ਪਰ ਜਦੋਂ ਦੱਸਣ ਦੀ ਗੱਲ ਆਉਂਦੀ ਹੈ ਤਾਂ ਮੈਂ ਬਿਲਕੁਲ ਗੂੰਗਾ ਹੋ ਜਾਂਦਾ ਹਾਂ।"

ਪਿਕਾਸੋ ਨੇ ਕਿਹਾ, "ਮੇਰੀ ਹਾਲਤ ਵੀ ਇਹੋ ਜਿਹੀ ਹੀ ਹੈ। ਮੈਂ ਪੇਂਟਿੰਗ ਕਰ ਰਿਹਾ ਸੀ। ਬਾਹਰੋਂ ਦੇਖਣ ਵਾਲਿਆਂ ਲਈ, ਮੈਂ ਪੇਂਟਰ ਹਾਂ। ਪਰ ਜਿੱਥੋਂ ਤੱਕ ਮੇਰਾ ਸਵਾਲ ਹੈ, ਮੈਨੂੰ ਨਹੀਂ ਪਤਾ ਕਿ ਇਸਨੂੰ ਕਿਸਨੇ ਬਣਾਇਆ। ਮੈਂ ਸਿਰਫ਼ ਇੱਕ ਸਾਧਨ ਸੀ, ਜ਼ਰੀਆ ਸੀ। ਅਤੇ ਇਸਦਾ ਕੀ ਅਰਥ ਹੈ, ਇਹ ਵੀ ਮੈਨੂੰ ਨਹੀਂ ਪਤਾ ਕਿਉਂਕਿ ਮੈਂ ਇਸਦਾ ਸਿਰਜਣਹਾਰ ਨਹੀਂ ਹਾਂ। ਤੂੰ ਇਨ੍ਹਾਂ ਗੁਲਾਬਾਂ ਨੂੰ ਉਗਾਇਆ ਹੈ ਪਰ ਤੂੰ ਇਨ੍ਹਾਂ ਨੂੰ ਜਨਮ ਨਹੀਂ ਦਿੱਤਾ। ਇਹ ਹੋਂਦ ਅਤੇ ਜੀਵਨ ਦੇ ਕਿਸੇ ਅਣਜਾਣ ਸਰੋਤ ਤੋਂ ਆਏ ਹਨ। ਮੇਰਾ ਮੰਨਣਾ ਹੈ ਕਿ ਹਰੇਕ ਰਚਨਾ ਓਸੇ ਅਣਜਾਣ ਸਰੋਤ ਤੋਂ ਆਉਂਦੀ ਹੈ।"

ਸ਼ਾਇਦ ਇੰਨਾ ਹੀ ਕਾਫ਼ੀ ਹੈ ਕਿ ਹਰ ਸਿਰਜਣਾ ਨੂੰ ਅਸੀਂ ਬਸ ਅਨੰਦ ਨਾਲ ਮਹਿਸੂਸ ਕਰੀਏ ਅਤੇ ਉਨ੍ਹਾਂ ਦੇ ਅਰਥ ਪੁੱਛਣ ਦੀ ਕੋਸ਼ਿਸ਼ ਨਾ ਕਰੀਏ। ਜੋ ਅਰਥ ਭਾਲਦੇ ਹਨ ਉਹ ਗੁਆਚ ਜਾਂਦੇ ਹਨ; ਉਨ੍ਹਾਂ ਨੂੰ ਅਰਥ ਕਦੇ ਨਹੀਂ ਮਿਲੇਗਾ। ਅਤੇ ਜਿੰਨਾ ਚਿਰ ਉਹ ਅਰਥ ਦੀ ਭਾਲ ਕਰ ਰਹੇ ਹੁੰਦੇ ਹਨ, ਜੀਵਨ ਉਨ੍ਹਾਂ ਤੋਂ ਹੱਥਾਂ 'ਚੋਂ ਖਿਸਕ ਜਾਂਦਾ ਹੈ। — ਓਸ਼ੋ

# 'ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ' ਨੇ ਵੈਸਾਖੀ, ਸਿੱਖ ਹੈਰੀਟੇਜ ਅਤੇ ਔਟਿਜ਼ਮ ਜਾਗਰੂਕਤਾ ਮਹੀਨਾ ਇਕੱਠੇ ਮਨਾਏ

## 125 ਤੋਂ ਵਧੇਰੇ ਮੈਂਬਰਾਂ ਤੇ ਮਹਿਮਾਨਾਂ ਨੇ ਕੀਤੀ ਸ਼ਿਰਕਤ




ਬਰਪਟਨ, (ਡਾ. ਝਡ) – ਲੰਘੇ ਅਤਵਾਰ 5 ਅਪ੍ਰੈਲ ਨੂੰ 'ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ' ਵੱਲੋਂ ਵੈਸਾਖੀ, ਖਾਲਸਾ ਸਾਜਨਾ ਦਿਵਸ, ਸਿੱਖ ਵਿਰਾਸਤੀ ਮਹੀਨਾ ਅਤੇ ਔਟਿਜ਼ਮ ਸਬੰਧੀ ਜਾਗਰੂਕਤਾ ਮਹੀਨਾ ਬਰੈਂਪਟਨ ਦੇ ਪਾਲ ਪਲੈਸ਼ੀ ਕਮਿਊਨਿਟੀ ਸੈਂਟਰ ਵਿਖੇ ਕਲੱਬ ਮੈਂਬਰਾਂ ਵੱਲੋਂ ਸਮੂਹਿਕ ਰੂਪ ਵਿੱਚ ਮਨਾਏ ਗਏ। ਇਸ ਸਮਾਗਮ ਵਿੱਚ ਕਲੱਬ ਦੇ 125 ਤੋਂ ਵਧੀਕ ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।

ਸਮਾਗਮ ਦਾ ਆਰੰਭ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਦੇ ਸੁਆਗ਼ਤ ਵਿੱਚ ਕਹੇ ਗਏ ਭਾਵਪੂਰਤ ਸ਼ਬਦਾਂ ਨਾਲ ਹੋਇਆ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਵੈਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀ ਮਹਾਨਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਦਿਨ ਬਹਾਦਰੀ, ਬਰਾਬਰੀ ਅਤੇ ਨਿਸ਼ਕਾਮ-ਸੇਵਾ ਦਾ ਪ੍ਰਤੀਕ ਹੈ। ਉਨ੍ਹਾਂ ਸਿੱਖ ਵਿਰਾਸਤੀ ਮਹੀਨਾ ਮਨਾਉਣ ਲਈ ਸਿੱਖ ਕਮਿਊਨਿਟੀ ਦੇ ਵਿਸ਼ੇਸ਼ ਯੋਗਦਾਨ ਬਾਰੇ ਚਰਚਾ ਕੀਤੀ ਅਤੇ ਇਸਦੇ ਨਾਲ ਹੀ ਔਟਿਜ਼ਮ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਰੀਜਨਲ ਕੌਂਸਲਰ ਪਾਲ ਵਿਸੰਤੇ ਸਮਾਗ਼ਮ ਵਿੱਚ ਮੁੱਖ-ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਰੋਵੀਨਾ ਸੈਂਤੋਸ ਨੇ ਇਸ ਮੌਕੇ ਵੈਸਾਖੀ ਅਤੇ ਖਾਲਸਾ ਸਾਜਨਾ ਦਿਵਸ ਸਬੰਧੀ ਐੱਫ਼.ਸੀ.ਐੱਫ਼.ਸੀ. ਕਲੱਬ ਨੂੰ ਆਪਣਾ ਲਿਖਤੀ ਸੰਦੇਸ਼ ਭੇਜਿਆ। ਪਾਲ ਵਸੰਤੇ ਨੇ ਇਸ ਮੌਕੇ ਬੋਲਦਿਆਂ ਕਿਹਾ, "ਐੱਫ਼.ਸੀ.ਐੱਫ਼.ਸੀ. ਕਲੱਬ ਇਸ ਤਰ੍ਹਾਂ ਦੇ ਸਮਾਜਿਕ ਅਤੇ ਸੱਭਿਆਚਾਰ ਮੌਕਿਆਂ 'ਤੇ ਸ਼ਾਨਦਾਰ ਸਮਾਗ਼ਮ ਰਚਾ ਕੇ ਬਰੈਂਪਟਨ ਵਿੱਚ ਕਮਿਊਨਿਟੀਆਂ ਦੀਆਂ ਆਪਸੀ ਤੰਦਾਂ ਨੂੰ ਮਜ਼ਬੂਤ ਕਰਦੀ ਰਹਿੰਦੀ ਹੈ। ਅਜਿਹੇ ਮੌਕਿਆਂ 'ਤੇ ਮੈਂਬਰ ਇਕੱਠੇ ਹੋ ਕੇ ਸੱਭਿਆਚਾਰਕ ਜਸ਼ਨ ਮਨਾਉਂਦੇ ਹਨ ਅਤੇ ਸਮਾਜ-ਸੇਵਾ ਕਰਦੇ ਹਨ।"

ਸਮਾਗ਼ਮ ਵਿੱਚ ਸ਼ਿਰਕਤ ਕਰਦਿਆਂ ਸਾਬਕਾ ਪਾਰਲੀਮੈਂਟ ਗੁਰਬਖ਼ਸ਼ ਸਿੰਘ ਮੱਲ੍ਹੀ ਨੇ ਕਿਹਾ, "ਵੈਸਾਖੀ ਕੇਵਲ ਇੱਕ ਤਿਓਹਾਰ ਨਹੀਂ ਹੈ, ਬਲਕਿ ਇਹ ਸਾਡੀ ਕੌਮੀ ਪਹਿਚਾਨ ਹੈ ਅਤੇ ਸਾਨੂੰ ਸਮਾਜਿਕ ਕਦਰਾਂ-ਕੀਮਤਾਂ ਅਤੇ ਸੇਵਾ ਕਰਨ ਦੇ ਜਜ਼ਬੇ ਦੀ ਜ਼ਿੰਮੇਵਾਰੀ ਯਾਦ ਕਰਵਾਉਂਦੀ ਹੈ। ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਇਹ ਕਲੱਬ ਆਪਣੀ ਵਿਰਾਸਤ ਨੂੰ ਯਾਦ ਕਰਦੀ ਹੋਈ ਅਜਿਹੇ ਸ਼ਾਨਦਾਰ ਉਪਰਾਲੇ ਕਰ ਰਹੀ ਹੈ।" ਇਸ ਦੌਰਾਨ ਸਮਾਗ਼ਮ ਵਿਚ ਮਬਰਾ ਵਲ ਬਹੁਤ ਵਧਾਆ ਮਨਰਜਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਗੀਤ-ਸੰਗੀਤ, ਸੱਭਿਆਚਾਰਕ ਵੰਨਗੀਆਂ ਅਤੇ ਗਿੱਧਾ ਪੇਸ਼ ਕੀਤਾ ਗਿਆ। ਇਸਦੀ ਸਮੁੱਚੀ ਰੂਪ-ਰੇਖਾ ਕਮਲ ਬਬਰਾ ਵੱਲੋਂ ਤਿਆਰ ਕੀਤੀ ਗਈ ਅਤੇ ਮੰਚ ਦਾ ਸੰਚਾਲਨ ਜਿਓਤੀ ਡੈਡਲੀਆ ਵੱਲੋਂ ਕੀਤਾ ਗਿਆ। ਸਾਰੇ ਸਮਾਗ਼ਮ ਦੌਰਾਨ ਕਲਾਕਾਰਾਂ ਵੱਲੋਂ ਵੱਖ-ਵੱਖ ਕਈ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਜਾਂਦੀਆਂ ਰਹੀਆਂ ਜਿਨ੍ਹਾਂ ਦਾ ਮੈਂਬਰਾਂ ਤੇ ਮਹਿਮਾਨਾਂ ਨੇ ਖ਼ੂਬ ਅਨੰਦ ਮਾਣਿਆਂ।

ਸਮਾਗ਼ਮ ਵਿੱਚ ਇਸ ਮਹੀਨੇ ਕਲੱਬ ਦੇ ਮੈਂਬਰਾਂ ਦੇ ਆਏ ਜਨਮ-ਦਿਨ ਵੀ ਮਨਾਏ ਗਏ ਅਤੇ ਸਾਰਿਆਂ ਵੱਲੋਂ ਉਨ੍ਹਾਂ ਮੁਬਾਰਕਾਂ ਅਤੇ ਸ਼ੁਭ-ਇੱਛਾਵਾਂ ਦਿੱਤੀਆਂ ਗਈਆਂ। ਕਲੱਬ ਦੀ ਪ੍ਰਧਾਨ ਜਸਵਿੰਦਰ ਦੈਂਦ ਵੱਲੋਂ ਇਸ ਮੌਕੇ ਮੈਂਬਰਾਂ ਵੱਲੋਂ ਪਿਛਲੇ ਮਹੀਨੇ ਬੜੇ ਉਤਸ਼ਾਹ ਨਾਲ ਚਲਾਈ ਗਈ 'ਗੋਲਡਨ ਹੈਂਡਜ਼ ਨਿੱਟਿੰਗ ਹਪ' ਮੁਹਿਮ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ, ਜਿਸ ਦੇ ਰਾਹੀਂ ਮੈਂਬਰਾਂ ਨੇ ਸੀਨੀਅਰਾਂ ਅਤੇ ਕੈਂਸਰ ਦੇ ਰੋਗੀਆਂ ਦੇ ਲਈ ਵੱਡੀ ਗਿਣਤੀ ਵਿੱਚ ਉੱਨ ਦੀਆਂ ਗਰਮ ਟੋਪੀਆਂ ਬੁਣੀਆਂ। ਇਸ ਦੌਰਾਨ ਮੈਂਬਰਾਂ ਅਤੇ ਮਹਿਮਾਨਾਂ ਨੇ ਤੰਬੋਲਾ ਦੀ ਗੇਮ ਖੇਡਦਿਆਂ ਹੋਇਆਂ ਇਸਦਾ ਖ਼ੂਬ ਅਨੰਦ ਲਿਆ।

ਅਖ਼ੀਰ ਵਿੱਚ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਸਮੂਹ ਮੈਂਬਰਾਂ ਅਤੇ ਮਹਿਮਾਨਾਂ ਦਾ ਦਿਲੀ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਲੱਬ ਦੇ ਅਜਿਹੇ ਸਮੂਹਿਕ ਉਪਰਾਲੇ ਹੀ ਇਸਦੀ ਅਸਲੀ ਤਾਕਤ ਹਨ। ਸਮਾਗਮ ਦੀ ਸਮਾਪਤੀ ਬੜੇ ਖ਼ੁਸ਼ੀ ਭਰੇ ਮਾਹੌਲ ਵਿੱਚ ਇੱਕ ਦੂਸਰੇ ਨਾਲ ਮਾਣਮੱਤੇ ਸੱਭਿਆਚਾਰਕ ਵਿਰਸੇ ਨੂੰ ਸਾਂਝੇ ਕਰਦਿਆਂ ਅਤੇ ਸਮਾਜਿਕ ਪ੍ਰਤੀਬੱਧਤਾ ਨੂੰ ਦੁਹਰਾਉਂਦਿਆਂ ਹੋਇਆਂ ਹੋਈ।

# ਪਾਰਟੀ ਵ੍ਹਿਪ ਦੇ ਖਿਲਾਫ ਜਾਣ 'ਤੇ ਰਾਘਵ ਚੱਢਾ 'ਤੇ ਕਾਰਵਾਈ ਹੋਈ, ਅਜਿਹੇ ਬਦਲਾਅ ਸਾਰੀਆਂ ਪਾਰਟੀਆਂ ਕਰਦੀਆਂ ਹਨ – ਸੀ.ਐੱਮ ਮਾਨ



ਨਵੀਂ ਦਿੱਲੀ: ਆਮ ਆਦਮੀ ਪਾਰਟੀ ਨੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਉਪ-ਨੇਤਾ ਦੇ ਅਹੁਦੇ ਤੋਂ ਹਟਾਉਣ ਨੂੰ ਇੱਕ ਆਮ ਕਾਰਵਾਈ ਦੱਸਦਿਆਂ ਉਨ੍ਹਾਂ ਦੇ ਬਿਆਨ 'ਤੇ ਪਲਟਵਾਰ ਕੀਤਾ ਹੈ। ਪਾਰਟੀ ਨੇ ਰਾਘਵ ਚੱਢਾ ਨੂੰ ਪੁੱਛਿਆ ਹੈ ਕਿ ਉਹ ਦੇਸ਼ ਅਤੇ ਪਾਰਟੀ ਨਾਲ ਜੁੜੇ ਮੁੱਦਿਆਂ 'ਤੇ ਭਾਜਪਾ ਜਾਂ ਮੋਦੀ ਸਰਕਾਰ ਵਿਰੁੱਧ ਬੋਲਣ ਤੋਂ ਕਿਉਂ ਡਰ ਰਹੇ ਹਨ? ਉਹ ਲਗਾਤਾਰ ਪਾਰਟੀ ਲਾਈਨ ਦੇ ਖਿਲਾਫ ਕੰਮ ਕਰ ਰਹੇ ਸਨ। ਮੁੱਖ ਚੋਣ ਕਮਿਸ਼ਨਰ ਵਿਰੁੱਧ ਮਹਾਂਦੋਸ਼ ਦੇ ਪ੍ਰਸਤਾਵ 'ਤੇ ਹਸਤਾਖਰ ਕਰਨ ਤੋਂ ਇਨਕਾਰ ਕਰਨ ਅਤੇ ਐਲਪੀਜੀ ਸੰਕਟ 'ਤੇ ਸਦਨ ਵਿੱਚ ਬੋਲਣ ਤੋਂ ਇਨਕਾਰ ਕਰਨ ਸਮੇਤ ਕਈ ਵਾਰ ਰਾਘਵ ਚੱਢਾ ਨੇ ਪਾਰਟੀ ਵ੍ਹਿਪ ਦੀ ਉਲੰਘਣਾ ਕੀਤੀ। ਲੰਬੇ ਸਮੇਂ ਤੋਂ ਰਾਘਵ ਚੱਢਾ ਨੇ ਸੰਸਦ ਵਿੱਚ ਅਜਿਹਾ ਕੋਈ ਮੁੱਦਾ ਨਹੀਂ ਉਠਾਇਆ ਜਿਸ ਵਿੱਚ ਉਨ੍ਹਾਂ ਨੇ ਮੋਦੀ ਸਰਕਾਰ ਤੋਂ ਸਵਾਲ ਪੁੱਛੇ ਹੋਣ। ਪਾਰਟੀ ਦਾ ਕਹਿਣਾ ਹੈ ਕਿ ਕੇਜਰੀਵਾਲ ਨੇ ਸਭ ਨੂੰ ਨਿਡਰਤਾ ਅਤੇ ਹਿੰਮਤ ਨਾਲ ਲੜਨਾ ਸਿਖਾਇਆ ਹੈ, ਪਰ ਰਾਘਵ ਚੱਢਾ ਭਾਜਪਾ ਅਤੇ ਮੋਦੀ ਸਰਕਾਰ ਤੋਂ ਸਵਾਲ ਕਰਨ ਤੋਂ ਡਰ ਰਹੇ ਹਨ। ਅਜਿਹੀ ਡਰ ਦੀ ਰਾਜਨੀਤੀ ਕਿਵੇਂ ਚੱਲੇਗੀ?

ਭਗਵੰਤ ਸਿੰਘ ਮਾਨ ਨੇ ਰਾਘਵ ਚੱਢਾ ਦੇ ਮੁੱਦੇ 'ਤੇ ਕਿਹਾ ਕਿ ਇਹ ਪਾਰਟੀ ਦਾ ਫੈਸਲਾ ਹੈ। ਪਾਰਟੀਆਂ ਅਜਿਹੇ ਫੈਸਲੇ ਲੈਂਦੀਆਂ ਰਹਿੰਦੀਆਂ ਹਨ ਅਤੇ ਸੰਸਦ ਵਿੱਚ ਆਪਣੇ ਨੇਤਾ ਅਤੇ ਉਪ-ਨੇਤਾ ਬਦਲਦੀਆਂ ਰਹਿੰਦੀਆਂ ਹਨ। ਜਦੋਂ ਮੈਂ ਪਹਿਲੀ ਵਾਰ ਚੋਣ ਜਿੱਤੀ ਸੀ, ਉਸ ਸਮੇਂ ਪਾਰਟੀ ਨੇ ਡਾ. ਗਾਂਧੀ ਨੂੰ ਨੇਤਾ ਬਣਾਇਆ ਸੀ। ਕੁਝ ਸਮੇਂ ਬਾਅਦ ਮੈਂ ਵੀ ਪਾਰਲੀਮੈਂਟ ਬੋਰਡ ਦਾ ਨੇਤਾ ਬਣਿਆ। ਇਹ ਪਾਰਟੀ ਦਾ ਫੈਸਲਾ ਹੈ ਅਤੇ ਅਜਿਹੇ ਛੋਟੇ-ਛੋਟੇ ਫੈਸਲੇ ਹੁੰਦੇ ਰਹਿੰਦੇ ਹਨ। ਕਈ ਵਾਰ ਲੋਕ ਸਭਾ ਅਤੇ ਰਾਜ ਸਭਾ ਵਿੱਚ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕਮਤ ਹੋ ਕੇ ਫੈਸਲਾ ਲੈਣਾ ਪੈਂਦਾ ਹੈ, ਜਿਵੇਂ ਕਿ ਸਦਨ ਤੋਂ ਵਾਕਆਊਟ ਕਰਨਾ ਜਾਂ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨਾ। ਜੇਕਰ ਕੋਈ ਵਿਅਕਤੀ ਇਹਨਾਂ ਸਮੂਹਿਕ ਫੈਸਲਿਆਂ ਦਾ ਸਮਰਥਨ ਨਹੀਂ ਕਰਦਾ ਅਤੇ ਪਾਰਟੀ ਲਾਈਨ ਦੇ ਉਲਟ ਜਾਂਦਾ ਹੈ, ਤਾਂ ਉਹ ਪਾਰਟੀ ਵ੍ਹਿਪ ਦੇ ਖਿਲਾਫ ਹੈ। ਜੋ ਵੀ ਪਾਰਟੀ ਵ੍ਹਿਪ ਦੇ ਖਿਲਾਫ ਜਾਵੇਗਾ, ਉਸ 'ਤੇ ਕਾਰਵਾਈ ਹੋਵੇਗੀ।

'ਆਪ' ਦੇ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਅਸੀਂ ਅਰਵਿੰਦ ਕੇਜਰੀਵਾਲ ਦੇ ਸੱਚੇ ਸਿਪਾਹੀ ਹਾਂ ਅਤੇ ਅਸੀਂ ਅਰਵਿੰਦ ਕੇਜਰੀਵਾਲ ਤੋਂ ਇੱਕੋ ਗੱਲ ਸਿੱਖੀ ਹੈ – ਨਿਡਰਤਾ, ਹਿੰਮਤ ਅਤੇ ਸਾਹਸ ਨਾਲ ਲੜਨਾ ਅਤੇ ਸੰਘਰਸ਼ ਕਰਨਾ। ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਦੇਸ਼ ਦੇ ਕਈ ਮੁੱਦਿਆਂ 'ਤੇ ਜਦੋਂ ਮੁੱਖ ਚੋਣ ਕਮਿਸ਼ਨਰ ਵਿਰੁੱਧ ਪ੍ਰਸਤਾਵ ਆਉਂਦਾ ਹੈ, ਤਾਂ ਰਾਘਵ ਚੱਢਾ ਉਸ 'ਤੇ ਹਸਤਾਖਰ ਨਹੀਂ ਕਰਦੇ। ਪੱਛਮੀ ਬੰਗਾਲ ਵਿੱਚ ਲੋਕਾਂ ਦੇ ਵੋਟ ਪਾਉਣ ਦੇ ਅਧਿਕਾਰ ਖੋਹੇ ਜਾ ਰਹੇ ਹਨ। ਦਿੱਲੀ ਵਿੱਚ ਅਸੀਂ ਦੇਖਿਆ ਕਿ ਚੋਣ ਕਮਿਸ਼ਨ ਦੀ ਦੁਰਵਰਤੋਂ ਕਿਵੇਂ ਹੋਈ। ਜਦੋਂ ਪੰਜਾਬ ਦਾ ਮੁੱਦਾ ਹੁੰਦਾ ਹੈ, ਤਾਂ ਉਹ ਉਸ ਸਮੇਂ ਖਾਮੋਸ਼ ਰਹਿੰਦੇ ਹਨ, ਕੁਝ ਨਹੀਂ ਬੋਲਦੇ। ਉਹ ਪ੍ਰਧਾਨ ਮੰਤਰੀ ਮੋਦੀ ਖਿਲਾਫ ਆਵਾਜ਼ ਨਹੀਂ ਉਠਾਉਂਦੇ।

ਸੰਜੇ ਸਿੰਘ ਨੇ ਅੱਗੇ ਕਿਹਾ ਕਿ ਜਨਹਿਤ ਨਾਲ ਜੁੜੇ ਮੁੱਦੇ, ਜੋ ਦੇਸ਼, ਆਮ ਆਦਮੀ ਪਾਰਟੀ ਅਤੇ ਪਾਰਟੀ ਵਰਕਰਾਂ ਨਾਲ ਜੁੜੇ ਹੋਏ ਹਨ, ਉਨ੍ਹਾਂ 'ਤੇ ਰਾਘਵ ਚੱਢਾ ਚੁੱਪ ਰਹਿੰਦੇ ਹਨ। ਗੁਜਰਾਤ ਵਿੱਚ 'ਆਪ' ਵਰਕਰਾਂ ਦੀ ਕੁੱਟਮਾਰ ਕੀਤੀ ਜਾਂਦੀ ਹੈ, ਉਹ ਉਸ 'ਤੇ ਨਹੀਂ ਬੋਲਦੇ। ਮੋਦੀ ਸਰਕਾਰ ਪੰਜਾਬ ਦੇ ਤਮਾਮ ਅਧਿਕਾਰ ਖੋਹਣ ਦਾ ਕੰਮ ਕਰਦੀ ਹੈ, ਉਸ 'ਤੇ ਵੀ ਉਹ ਕੁਝ ਨਹੀਂ ਬੋਲਦੇ। ਜਦੋਂ ਬਹੁਤ ਸਾਰੇ ਮੁੱਦਿਆਂ 'ਤੇ ਸਦਨ ਤੋਂ ਵਾਕਆਊਟ ਕਰਨ ਦੀ ਗੱਲ ਆਉਂਦੀ ਹੈ, ਤਾਂ ਉਹ ਵਾਕਆਊਟ ਨਹੀਂ ਕਰਦੇ। ਇਹ ਸਾਰੀਆਂ ਚੀਜ਼ਾਂ ਹਨ ਜਿਨ੍ਹਾਂ ਦਾ ਜਵਾਬ ਦੇਸ਼ ਅਤੇ ਜਨਤਾ ਰਾਘਵ ਚੱਢਾ ਤੋਂ ਚਾਹੁੰਦੀ ਹੈ।

ਆਮ ਆਦਮੀ ਪਾਰਟੀ ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਸੌਰਭ ਭਾਰਦਵਾਜ ਨੇ ਰਾਘਵ ਚੱਢਾ ਨੂੰ ਕਿਹਾ ਕਿ ਅਸੀਂ ਸਾਰੇ ਅਰਵਿੰਦ ਕੇਜਰੀਵਾਲ ਦੇ ਸਿਪਾਹੀ ਹਾਂ ਅਤੇ ਅਸੀਂ ਇੱਕੋ ਗੱਲ ਸਿੱਖੀ ਹੈ ਕਿ "ਜੋ ਡਰ ਗਿਆ, ਸਮਝੋ ਮਰ ਗਿਆ।" ਅਸੀਂ ਸਾਰਿਆਂ ਨੇ ਸਰਕਾਰ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਜਨਤਾ ਦੇ ਮੁੱਦੇ ਚੁੱਕਣੇ ਸੀ। ਪਿਛਲੇ ਕੁਝ ਦਿਨਾਂ ਵਿੱਚ ਅਸੀਂ ਦੇਖਿਆ ਹੈ ਕਿ ਜੋ ਵੀ ਵਿਅਕਤੀ ਸਰਕਾਰ ਵਿਰੁੱਧ ਗੰਭੀਰ ਮੁੱਦੇ ਚੁੱਕਦਾ ਹੈ, ਸਰਕਾਰ ਤੋਂ ਸਵਾਲ ਪੁੱਛਦਾ ਹੈ ਅਤੇ ਲੋਕਾਂ ਦੀ ਗੱਲ ਕਰਦਾ ਹੈ, ਸਰਕਾਰ ਇੱਕ ਤਾਨਾਸ਼ਾਹ ਵਾਂਗ ਉਸਨੂੰ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਬੈਨ ਕਰ ਰਹੀ ਹੈ। ਚਾਹੇ ਉਹ ਐਕਸ (ਟਵਿੱਟਰ) ਹੋਵੇ, ਫੇਸਬੁੱਕ ਹੋਵੇ ਜਾਂ ਯੂਟਿਊਬ, ਹਰ ਜਗ੍ਹਾ ਬੈਨ ਕੀਤਾ ਜਾ ਰਿਹਾ ਹੈ। ਐਫਆਈਆਰ ਦਰਜ ਕੀਤੀਆਂ ਜਾ ਰਹੀਆਂ ਹਨ ਅਤੇ ਮੁਕੱਦਮੇ ਚਲਾਏ ਜਾ ਰਹੇ ਹਨ।

ਸੌਰਭ ਭਾਰਦਵਾਜ ਨੇ ਕਿਹਾ ਕਿ ਸਰਕਾਰ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਸੰਸਦ ਵਿੱਚ ਆਪਣਾ 'ਸੌਫਟ ਪੀਆਰ' ਕਰੇ। ਸੰਸਦ ਵਿੱਚ ਇੱਕ ਛੋਟੀ ਜਿਹੀ ਪਾਰਟੀ ਕੋਲ ਬਹੁਤ ਸੀਮਤ ਸਮਾਂ ਹੁੰਦਾ ਹੈ। ਉਸ ਵਿੱਚ ਜੇਕਰ ਕੋਈ ਸਮੋਸਿਆਂ ਦੀ ਗੱਲ ਕਰ ਰਿਹਾ ਹੈ, ਤਾਂ ਉਸ ਤੋਂ ਕਿਤੇ ਜ਼ਿਆਦਾ ਜ਼ਰੂਰੀ ਹੈ ਕਿ ਦੇਸ਼ ਦੇ ਵੱਡੇ ਮੁੱਦਿਆਂ ਨੂੰ ਉਠਾਇਆ ਜਾਵੇ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਦੇ ਹਰ ਸੂਬੇ ਵਿੱਚ ਅਸੀਂ ਦੇਖਿਆ ਹੈ ਕਿ ਚੋਣਾਂ ਤੋਂ ਪਹਿਲਾਂ ਸਹੀ ਲੋਕਾਂ ਦੀਆਂ ਵੋਟਾਂ ਕੱਟੀਆਂ ਜਾਂਦੀਆਂ ਹਨ ਅਤੇ ਜਾਅਲੀ ਵੋਟਾਂ ਬਣਾ ਕੇ ਸਰਕਾਰ ਪੂਰੀ ਬੇਈਮਾਨੀ ਨਾਲ ਸਿਸਟਮ 'ਤੇ ਕਬਜ਼ਾ ਕਰਕੇ ਚੋਣਾਂ ਜਿੱਤ ਰਹੀ ਹੈ। ਪੱਛਮੀ ਬੰਗਾਲ ਵਿੱਚ ਵੀ ਇਹੀ ਹੋ ਰਿਹਾ ਹੈ।

# ਬਰਜਿੰਦਰ ਸਿੰਘ ਬਰਾੜ ਨੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਤੋਂ ਦਿੱਤਾ ਅਸਤੀਫ਼ਾ



ਬਰਜਿੰਦਰ ਸਿੰਘ ਬਰਾੜ ਨੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਤੋਂ ਅਸਤੀਫ਼ਾ ਦਿੱਤਾ ਹੈ। ਇਸ ਦੀ ਜਾਣਕਾਰੀ ਉਨ੍ਹਾਂ ਨੇ ਖੁਦ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਕੀਤੀ। ਪੋਸਟ ਵਿਚ ਉਨ੍ਹਾਂ ਲਿਖਿਆ-ਮੈਂ ਭਰੇ ਮਨ ਨਾਲ ਸ਼੍ਰੋਅਦ ਪੁਨਰ ਸੁਰਜੀਤ ਦਲ ਦੇ ਸਾਰੇ ਅਹੁਦਿਆਂ ਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦਿੰਦਾ ਹਾਂ। ਏਜੰਸੀਆਂ ਨਾਲ ਮਿਲ ਕੇ ਪੰਥ ਤੇ ਪੰਜਾਬ ਨੂੰ ਗੁੰਮਰਾਹ ਕਰ ਰਹੇ ਹਨ ਗਿਆਨੀ ਹਰਪ੍ਰੀਤ ਸਿੰਘ ਤੇ ਇਆਲੀ। ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਨਾਂ 'ਤੇ ਕੌਮ ਨੂੰ ਭਾਵੁਕ ਕਰਕੇ ਬੀਤੇ ਸਮੇਂ ਵਿਚ ਕੁਝ ਲੋਕਾਂ ਵੱਲੋਂ ਵੱਡੀ ਸਾਜਿਸ਼ ਰਚੀ ਗਈ ਜਿਸ ਨੂੰ ਅੱਗੇ ਜਾ ਕੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦਾ ਨਾਂ ਦਿੱਤਾ ਗਿਆ। ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਮੈਨੂੰ ਉਹ ਗੱਲਾਂ ਦਾ ਪਤਾ ਲੱਗਾ ਜੋ ਕਿ ਪੰਥ ਤੇ ਪੰਜਾਬ ਤੋਂ ਓਹਲੇ ਪਰਦੇ ਦੇ ਪਿੱਛੇ ਚੱਲ ਰਹੀਆਂ ਸਨ। ਪੰਥ ਦੀ ਨੁਮਾਇੰਦਾ ਜਥੇਬੰਦੀ ਨੂੰ ਖਤਮ ਕਰਨ ਲਈ ਕੇਂਦਰੀ ਤਾਕਤਾਂ ਨੇ ਐਸੀ ਸਾਜਿਸ਼ ਘੜੀ ਕਿ ਕਿਸੇ ਨੂੰ ਭਿਣਕ ਤੱਕ ਨਾ ਲੱਗੀ। ਇਸ ਸਾਜਿਸ਼ ਦਾ ਹਿੱਸਾ ਕੇਂਦਰੀ ਏਜੰਸੀਆਂ ਤੇ ਪੰਜਾਬ ਦੀ ਆਪ ਸਰਕਾਰ ਵੀ ਸੀ ਜਿਨ੍ਹਾਂ ਨੇ ਪੰਥ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਹਰ ਦਾਅ ਵਰਤਿਆ।

ਪੰਥਕ ਪਰਿਵਾਰ ਹੋਣ ਕਰਕੇ ਸਾਨੂੰ ਵੀ ਇਸ ਜਾਲ ਵਿਚ ਫਸਾਉਣ ਲਈ ਮਨਪ੍ਰੀਤ ਸਿੰਘ ਇਆਲੀ ਨੇ ਭੂਮਿਕਾ ਨਿਭਾਈ ਤੇ ਮੈਂ ਉਸ ਦੇ ਨਾਲ ਇਸ ਦਲ ਵਿਚ ਚਲਾ ਗਿਆ। ਪਰ ਜਦ ਵੀ ਗੱਲ ਪੰਥ ਤੇ ਪੰਜਾਬ ਦੇ ਹਿੱਤ ਦੀ ਆਉਂਦੀ ਹੈ ਤਾਂ ਮਨਪ੍ਰੀਤ ਇਆਲੀ ਚੁੱਪ ਵੱਟ ਲੈਂਦਾ। ਉਹ ਸਿਰਫ ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ ਬਿਆਨਬਾਜ਼ੀ ਵੇਲੇ ਹੀ ਅੱਗੇ ਆਉਂਦਾ ਤੇ ਖੁੱਲ੍ਹ ਕੇ ਬੋਲਦਾ ਪਰ ਸਰਕਾਰਾਂ ਖਿਲਾਫ ਇਕ ਲਫਜ਼ ਨਹੀਂ ਬੋਲਦਾ। ਇਸ ਦਾ ਵੱਡਾ ਕਾਰਨ ਇਆਲੀ ਦੇ ਵਪਾਰਕ ਹਿੱਤ ਕਾਲੋਨੀਆਂ ਆਦਿ ਦੇ ਕੰਮ ਹੋ ਸਕਦੇ ਹਨ, ਇਆਲੀ ਦੀ ਭਗਵੰਤ ਮਾਨ ਤੇ ਕੇਂਦਰ ਸਰਕਾਰ ਨਾਲ ਇਕ ਗੱਲਬਾਤ ਹੈ। ਕਈ ਵਾਰ ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਮੈਨੂੰ ਡਿਪਟੀ ਸੀਐੱਮ ਬਣਨ ਦੀ ਪੇਸ਼ਕਸ਼ ਵੀ ਆਈ ਹੈ। ਗਿਆਨੀ ਹਰਪ੍ਰੀਤ ਸਿੰਘ ਬਾਰੇ ਤਾਂ ਹੁਣ ਸੰਗਤ ਖੁਦ ਹੀ ਜਾਣ ਚੁੱਕੀ ਹੈ ਕਿ ਕਿਵੇਂ ਉਸ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਵਰਤ ਕੇ ਪੰਥ ਦੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ ਕੇਂਦਰੀ ਏਜੰਸੀਆਂ ਦੇ ਆਖੇ ਖਤਮ ਕਰਨ ਦਾ ਹਰ ਹੀਲਾ ਵਰਤਿਆ। ਗਿਆਨੀ ਹਰਪ੍ਰੀਤ ਸਿੰਘ ਓਹੀ ਕਰਦਾ ਤੇ ਬੋਲਦਾ ਹੈ ਜੋ ਉਸ ਨੂੰ ਦਿੱਲੀ ਤੋਂ ਇਸ਼ਾਰਾ ਹੁੰਦਾ ਹੈ। ਮੈਂ ਪਾਰਟੀ ਵਿਚ ਰਹਿੰਦੇ ਕਾਫੀ ਸਮੇਂ ਤੋਂ ਇਹ ਸਭ ਕੁਝ ਹੁੰਦਾ ਦੇਖ ਰਿਹਾ ਹਾਂ ਪਰ ਹੁਣ ਮੇਰੀ ਜਮੀਰ ਇਜਾਜ਼ਤ ਨਹੀਂ ਦਿੰਦੀ ਕਿ ਮੈਂ ਪੰਥ ਤੋਂ ਇਹ ਸਭ ਛੁਪਾ ਕੇ ਰੱਖਾਂ। ਮੈਨੂੰ ਅਫਸੋਸ ਹੈ ਕਿ ਮੈਂ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਇਸ ਦਾ ਹਿੱਸਾ ਬਣਿਆ। ਮੈਂ ਅੱਜ ਇਸ ਨਵੇਂ ਦਲ ਦੇ ਸਾਰੇ ਅਹੁਦਿਆਂ ਤੇ ਮੁੱਢਲੀ ਮੈਂਬਰਸ਼ਿਪ ਤੋਂ ਆਪਣਾ ਅਸਤੀਫਾ ਦਿੰਦਾ ਹਾਂ। ਆਉਣ ਵਾਲੇ ਸਮੇਂ ਵਿਚ ਪੰਥ ਦੀ ਕਚਿਹਰੀ ਵਿਚ ਸੱਚ ਸਭ ਦੇ ਸਾਹਮਣੇ ਰੱਖਾਂਗਾ।

# ਰਾਜਨੀਤੀ 'ਚ ਇਲਜ਼ਾਮ ਲਗਾਉਣਾ ਸਭ ਤੋਂ ਸੌਖਾ ਕੰਮ ਹੈ : ਮਨਪ੍ਰੀਤ ਸਿੰਘ ਇਆਲੀ

## ਕਿਹਾ : ਸੱਚ ਦੀ ਰਾਹ 'ਤੇ ਅਡੋਲ ਖੜ੍ਹਨਾ ਸਭ ਤੋਂ ਔਖਾ



ਚੰਡੀਗੜ੍ਹ : ਬਰਜਿੰਦਰ ਸਿੰਘ ਬਰਾੜ ਵਲੋਂ ਅਕਾਲੀ ਦਲ (ਪੁਨਰ ਸੁਰਜੀਤ) ਤੋਂ ਅਸਤੀਫ਼ਾ ਦੇਣ ਤੋਂ ਬਾਅਦ ਮਨਪ੍ਰੀਤ ਸਿੰਘ ਇਆਲੀ ਉਤੇ ਪੰਥ ਤੇ ਪੰਜਾਬ ਨੂੰ ਗੁੰਮਰਾਹ ਕਰਨ ਦੇ ਲਗਾਏ ਦੋਸ਼ਾਂ ਤੋਂ ਬਾਅਦ ਮਨਪ੍ਰੀਤ ਇਆਲੀ ਦਾ ਬਿਆਨ ਸਾਹਮਣੇ ਆਇਆ ਹੈ । ਮਨਪ੍ਰੀਤ ਇਆਲੀ ਨੇ ਸੋਸ਼ਲ ਮੀਡੀਆ ਰਾਹੀਂ ਬਰਾੜ ਨੂੰ ਜਵਾਬ ਦਿੰਦਿਆਂ ਲਿਖਿਆ ਹੈ ਕਿ ਰਾਜਨੀਤੀ 'ਚ ਇਲਜ਼ਾਮ ਲਗਾਉਣਾ ਸਭ ਤੋਂ ਸੌਖਾ ਕੰਮ ਹੈ, ਪਰ ਸੱਚ ਦੀ ਰਾਹ 'ਤੇ ਅਡੋਲ ਖੜ੍ਹਨਾ ਸਭ ਤੋਂ ਔਖਾ। ਅਸੀਂ ਪਹਿਲਾਂ ਵੀ ਕਿਹਾ ਸੀ ਅਤੇ ਅੱਜ ਫਿਰ ਦੁਹਰਾਉਂਦੇ ਹਾਂ ਕਿ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਪੰਥ ਦੀ ਭਲਾਈ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਨਿਰਸੁਆਰਥ ਹੋ ਕੇ ਨਿੱਕਲੇ ਹਾਂ। ਸਾਡਾ ਮਕਸਦ ਕੋਈ ਅਹੁਦਾ ਜਾਂ ਕੁਰਸੀ ਨਹੀਂ, ਸਗੋਂ ਕੌਮ ਦੀਆਂ ਮਹਾਨ ਸੰਸਥਾਵਾਂ ਦੀਆਂ ਮਰਿਆਦਾਵਾਂ ਨੂੰ ਬਹਾਲ ਕਰਨਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕਈ ਵਾਰ ਸੱਚ ਦੇ ਰਸਤੇ 'ਤੇ ਚੱਲਦਿਆਂ ਆਪਣੇ ਹੀ ਸਾਥ ਛੱਡ ਜਾਂਦੇ ਹਨ, ਪਰ ਸਾਡਾ ਇਰਾਦਾ ਚੱਟਾਨ ਵਾਂਗ ਪੱਕਾ ਹੈ । ਕੌਣ ਸਾਡੇ ਨਾਲ ਖੜ੍ਹਦਾ ਹੈ ਤੇ ਕੌਣ ਨਹੀਂ, ਸਾਨੂੰ ਇਸ ਦੀ ਪ੍ਰਵਾਹ ਨਹੀਂ—ਪਰ ਅਸੀਂ ਪੰਥ ਅਤੇ ਪੰਜਾਬ ਦੇ ਹਿੱਤਾਂ ਲਈ ਆਖਰੀ ਦਮ ਤੱਕ ਡਟੇ ਰਹਾਂਗੇ। ਇਆਲੀ ਨੇ ਕਿਹਾ ਕਿ ਸੱਚਾਈ ਇਹ ਹੈ ਕਿ ਜਦੋਂ ਤੁਸੀਂ ਮਹਾਨ ਪੰਥਕ ਸੰਸਥਾਵਾਂ ਅਤੇ ਪਾਰਟੀ ਵਿਚ ਸੁਧਾਰ ਦੀ ਗੱਲ ਕਰਦੇ ਹੋ, ਤਾਂ ਸਿਸਟਮ 'ਤੇ ਕਾਬਜ਼ ਧਿਰਾਂ ਤੁਹਾਡੇ ਉੱਤੇ ਚਿੱਕੜ ਉਛਾਲ ਕੇ ਤੁਹਾਨੂੰ ਡਰਾਉਣਾ ਚਾਹੁੰਦੀਆਂ ਹਨ। ਪਰ ਉਹ ਸ਼ਾਇਦ ਇਹ ਭੁੱਲ ਗਏ ਹਨ ਕਿ ਸੱਚ ਦੇ ਕਾਫ਼ਲੇ ਕਦੇ ਰੁਕਿਆ ਨਹੀਂ ਕਰਦੇ।

GTA Plumbing & Electrical Supplies
GTA Plumbing & Electrical Supplies



ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁੜਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ਪੰਜਾਬ ਸਟਾਰ
www.punjabstar.com

# ਰੇਬੀਜ਼ ਵਾਇਰਸ (THE RABIES VIRUS)



ਰੇਬੀਜ਼ ਇੱਕ ਗੰਭੀਰ ਵਾਇਰਲ ਬਿਮਾਰੀ ਹੈ ਜੋ ਮਨੁੱਖਾਂ ਅਤੇ ਜਾਨਵਰਾਂ ਦੇ ਦਿਮਾਗ ਅਤੇ ਨਾੜੀ ਤੰਤਰ ਨੂੰ ਪ੍ਰਭਾਵਿਤ ਕਰਦੀ ਹੈ। ਇਹ ਮੁੱਖ ਤੌਰ 'ਤੇ ਸੰਕਰਮਿਤ ਜਾਨਵਰਾਂ, ਖ਼ਾਸ ਕਰਕੇ ਕੁੱਤਿਆਂ ਦੇ ਕੱਟਣ ਨਾਲ ਫੈਲਦੀ ਹੈ। ਹਾਲਾਂਕਿ ਇਹ ਬਹੁਤ ਖਤਰਨਾਕ ਹੈ, ਪਰ ਚੰਗੀ ਗੱਲ ਇਹ ਹੈ ਕਿ ਸਮੇਂ ਸਿਰ ਸਹੀ ਕਦਮ ਚੁੱਕਣ ਨਾਲ ਇਸ ਤੋਂ ਪੂਰੀ ਤਰ੍ਹਾਂ ਬਚਿਆ ਜਾ ਸਕਦਾ ਹੈ।

**ਰੇਬੀਜ਼ ਦਾ ਕਾਰਨ ਕੀ ਹੈ?**

ਰੇਬੀਜ਼ ਇੱਕ ਵਾਇਰਸ ਕਰਕੇ ਹੁੰਦੀ ਹੈ ਜਿਸਨੂੰ ਰੇਬੀਜ਼ ਵਾਇਰਸ ਕਿਹਾ ਜਾਂਦਾ ਹੈ। ਇਹ ਸਰੀਰ ਵਿੱਚ ਹੇਠਾਂ ਦਿੱਤੇ ਤਰੀਕਿਆਂ ਨਾਲ ਦਾਖਲ ਹੁੰਦਾ ਹੈ:

- ਜਾਨਵਰਾਂ ਦੇ ਕੱਟਣ ਨਾਲ (ਜ਼ਿਆਦਾਤਰ ਕੁੱਤੇ ਦੇ ਕੱਟਣ ਨਾਲ)।
- ਸੰਕਰਮਿਤ ਜਾਨਵਰਾਂ ਦੀਆਂ ਖਰੋਚਾਂ ਨਾਲ।
- ਸੰਕਰਮਿਤ ਲਾਰ ਦਾ ਖੁੱਲ੍ਹੇ ਜ਼ਖ਼ਮਾਂ, ਅੱਖਾਂ ਜਾਂ ਮੂੰਹ ਨਾਲ ਸੰਪਰਕ ਨਾਲ।

ਮਨੁੱਖਾਂ ਵਿੱਚ ਲਗਭਗ 99% ਰੇਬੀਜ਼ ਦੇ ਮਾਮਲੇ ਕੁੱਤਿਆਂ ਕਾਰਨ ਹੁੰਦੇ ਹਨ।

**ਕੀ ਰੇਬੀਜ਼ ਸੰਕ੍ਰਾਮਕ ਹੈ?**

ਹਾਂ, ਰੇਬੀਜ਼ ਇੱਕ ਸੰਕ੍ਰਾਮਕ ਬਿਮਾਰੀ ਹੈ, ਪਰ ਇਹ ਮੁੱਖ ਤੌਰ 'ਤੇ ਜਾਨਵਰਾਂ ਤੋਂ ਮਨੁੱਖਾਂ ਵਿੱਚ ਫੈਲਦੀ ਹੈ। ਇਹ ਮਨੁੱਖ ਤੋਂ ਮਨੁੱਖ ਵਿੱਚ ਆਸਾਨੀ ਨਾਲ ਨਹੀਂ ਫੈਲਦੀ। ਇਸ ਲਈ ਸੰਕਰਮਿਤ ਲਾਰ ਨਾਲ ਸਿੱਧਾ ਸੰਪਰਕ ਲਾਜ਼ਮੀ ਹੁੰਦਾ ਹੈ।

**ਰੇਬੀਜ਼ ਦੇ ਲੱਛਣ**

ਰੇਬੀਜ਼ ਦੇ ਲੱਛਣ ਤੁਰੰਤ ਨਹੀਂ ਦਿਖਾਈ ਦਿੰਦੇ। ਆਮ ਤੌਰ 'ਤੇ ਇਹ 1 ਤੋਂ 3 ਮਹੀਨੇ ਬਾਅਦ ਪ੍ਰਗਟ ਹੁੰਦੇ ਹਨ, ਪਰ ਕਈ ਵਾਰ ਇਸ ਤੋਂ ਜਲਦੀ ਜਾਂ ਦੇਰ ਨਾਲ ਵੀ ਹੋ ਸਕਦੇ ਹਨ।

**ਸ਼ੁਰੂਆਤੀ ਲੱਛਣ:**

- ਬੁਖਾਰ
- ਸਿਰ ਦਰਦ
- ਕੱਟ ਵਾਲੀ ਥਾਂ 'ਤੇ ਦਰਦ ਜਾਂ ਚੁੱਭਣ

ਬਾਅਦ ਦੇ ਲੱਛਣ:

- ਪਾਣੀ ਤੋਂ ਡਰ (ਹਾਈਡ੍ਰੋਫੋਬੀਆ)
- ਘਬਰਾਹਟ ਜਾਂ ਹਿੰਸਕ ਵਿਓਹਾਰ
- ਲੱਕਵਾ
- ਵਧੇਰੇ ਲਾਰ ਆਉਣਾ

ਜਦੋਂ ਇਹ ਲੱਛਣ ਦਿਖਣ ਲੱਗ ਪੈਂਦੇ ਹਨ, ਤਾਂ ਇਹ ਬਿਮਾਰੀ ਲਗਭਗ ਮੌਤ ਦਾ ਕਾਰਨ ਬਣਦੀ ਹੈ।

**ਕੀ ਰੇਬੀਜ਼ ਖਤਰਨਾਕ ਹੈ?**

ਹਾਂ, ਰੇਬੀਜ਼ ਬਹੁਤ ਹੀ ਖਤਰਨਾਕ ਬਿਮਾਰੀ ਹੈ। ਇਹ ਸਭ ਤੋਂ ਘਾਤਕ ਬਿਮਾਰੀਆਂ ਵਿੱਚੋਂ ਇੱਕ ਹੈ ਅਤੇ ਜਦੋਂ ਲੱਛਣ ਸ਼ੁਰੂ ਹੋ ਜਾਂਦੇ ਹਨ, ਤਾਂ ਇਸ ਨਾਲ ਮੌਤ ਲਗਭਗ ਨਿਸ਼ਚਿਤ ਹੁੰਦੀ ਹੈ। ਇਸ ਲਈ ਜਲਦੀ ਇਲਾਜ ਬਹੁਤ ਜ਼ਰੂਰੀ ਹੈ।

**ਰੇਬੀਜ਼ ਦਾ ਇਲਾਜ**

ਲੱਛਣ ਆਉਣ ਤੋਂ ਬਾਅਦ ਇਸ ਦਾ ਕੋਈ ਇਲਾਜ ਨਹੀਂ ਹੈ, ਪਰ ਜੇ ਸਮੇਂ ਸਿਰ ਇਲਾਜ ਕੀਤਾ ਜਾਵੇ ਤਾਂ ਇਸ ਤੋਂ ਬਚਿਆ ਜਾ ਸਕਦਾ ਹੈ।

**ਕੱਟਣ ਤੋਂ ਬਾਅਦ ਕੀ ਕਰਨਾ ਚਾਹੀਦਾ ਹੈ:**

- ਜ਼ਖ਼ਮ ਨੂੰ ਤੁਰੰਤ ਘੱਟੋ-ਘੱਟ 15 ਮਿੰਟ ਲਈ ਸਾਬਣ ਅਤੇ ਪਾਣੀ ਨਾਲ ਧੋਵੋ।
- ਜਲਦੀ ਤੋਂ ਜਲਦੀ ਡਾਕਟਰ ਕੋਲ ਜਾਓ।
- ਰੇਬੀਜ਼ ਵੈਕਸੀਨ ਲਗਵਾਓ।
- ਗੰਭੀਰ ਮਾਮਲਿਆਂ ਵਿੱਚ ਡਾਕਟਰ ਰੇਬੀਜ਼ ਇਮਿਊਨੋਗਲੋਬੁਲਿਨ (RIG) ਦੇ ਸਕਦੇ ਹਨ।

ਇਲਾਜ ਵਿੱਚ ਆਮ ਤੌਰ 'ਤੇ ਕੁਝ ਹਫ਼ਤਿਆਂ ਵਿੱਚ 4-5 ਟੀਕੇ ਲੱਗਦੇ ਹਨ।

**ਕੀ ਰੇਬੀਜ਼ ਦਾ ਕੁਦਰਤੀ ਇਲਾਜ ਸੰਭਵ ਹੈ?**

ਨਹੀਂ, ਰੇਬੀਜ਼ ਦਾ ਇਲਾਜ ਘਰੇਲੂ ਨੁਸਖਿਆਂ ਜਾਂ ਜੜ੍ਹੀਆਂ-ਬੂਟੀਆਂ ਨਾਲ ਨਹੀਂ ਕੀਤਾ ਜਾ ਸਕਦਾ। ਰਵਾਇਤੀ ਤਰੀਕੇ ਇਸ ਬਿਮਾਰੀ ਨੂੰ ਠੀਕ ਨਹੀਂ ਕਰ ਸਕਦੇ। ਸਿਰਫ਼ ਮੈਡੀਕਲ ਇਲਾਜ ਹੀ ਜ਼ਿੰਦਗੀ ਬਚਾ ਸਕਦਾ ਹੈ।

**ਰੇਬੀਜ਼ ਤੋਂ ਬਚਾਅ ਲਈ ਸਾਵਧਾਨੀਆਂ**

- ਆਵਾਰਾ ਜਾਨਵਰਾਂ ਨਾਲ ਸੰਪਰਕ ਤੋਂ ਬਚੋ।
- ਜਾਨਵਰਾਂ ਨੂੰ ਛੇੜੋ ਜਾਂ ਉਕਸਾਓ ਨਾ।
- ਆਪਣੇ ਪਾਲਤੂ ਕੁੱਤਿਆਂ ਨੂੰ ਨਿਯਮਿਤ ਵੈਕਸੀਨ ਲਗਵਾਓ।
- ਬੱਚਿਆਂ ਨੂੰ ਜਾਨਵਰਾਂ ਤੋਂ ਸੁਰੱਖਿਅਤ ਰਹਿਣ ਦੀ ਸਿੱਖਿਆ ਦਿਓ।
- ਕਿਸੇ ਵੀ ਕੱਟ ਜਾਂ ਖਰੋਚ ਨੂੰ ਤੁਰੰਤ ਸਾਫ਼ ਕਰੋ।

**ਜ਼ਿੰਦਗੀ 'ਤੇ ਪ੍ਰਭਾਵ**

ਰੇਬੀਜ਼ ਦਿਮਾਗ ਨੂੰ ਗੰਭੀਰ ਨੁਕਸਾਨ ਪਹੁੰਚਾਉਂਦੀ ਹੈ, ਦਰਦਨਾਕ ਲੱਛਣ ਪੈਦਾ ਕਰਦੀ ਹੈ ਅਤੇ ਜੇ ਇਲਾਜ ਨਾ ਹੋਵੇ ਤਾਂ ਮੌਤ ਦਾ ਕਾਰਨ ਬਣਦੀ ਹੈ। ਇਹ ਪਰਿਵਾਰਾਂ 'ਤੇ ਮਾਨਸਿਕ ਅਤੇ ਆਰਥਿਕ ਬੋਝ ਵੀ ਪਾਂਦੀ ਹੈ।

**ਕੀ ਰੇਬੀਜ਼ ਨੂੰ ਖਤਮ ਕੀਤਾ ਜਾ ਸਕਦਾ ਹੈ?**

ਹਾਂ, ਰੇਬੀਜ਼ ਨੂੰ ਨਿਯੰਤਰਿਤ ਅਤੇ ਖਤਮ ਕੀਤਾ ਜਾ ਸਕਦਾ ਹੈ। ਇਸ ਲਈ ਲੋੜ ਹੈ:

- ਕੁੱਤਿਆਂ ਦੀ ਵੱਡੇ ਪੱਧਰ 'ਤੇ ਵੈਕਸੀਨੇਸ਼ਨ
- ਆਵਾਰਾ ਜਾਨਵਰਾਂ ਦੀ ਸੰਖਿਆ 'ਤੇ ਕਾਬੂ
- ਲੋਕਾਂ ਵਿੱਚ ਜਾਗਰੂਕਤਾ
- ਤੁਰੰਤ ਇਲਾਜ ਦੀ ਸਹੂਲਤ

ਜੇ ਜ਼ਿਆਦਾਤਰ ਕੁੱਤੇ ਵੈਕਸੀਨੇਟ ਹੋਣ, ਤਾਂ ਰੇਬੀਜ਼ ਦਾ ਫੈਲਾਅ ਰੋਕਿਆ ਜਾ ਸਕਦਾ ਹੈ।

ਰੇਬੀਜ਼ ਇੱਕ ਘਾਤਕ ਪਰ ਬਚਾਅਯੋਗ ਬਿਮਾਰੀ ਹੈ। ਸੁਰੱਖਿਆ ਦੀ ਕੁੰਜੀ ਹੈ-ਜਾਨਵਰ ਦੇ ਕੱਟਣ ਤੋਂ ਬਾਅਦ ਤੁਰੰਤ ਕਾਰਵਾਈ।

**ਹਮੇਸ਼ਾਂ ਯਾਦ ਰੱਖੋ:**

"ਜ਼ਖ਼ਮ ਧੋਵੋ, ਟੀਕਾ ਲਗਵਾਓ, ਅਤੇ ਕੱਟ ਨੂੰ ਕਦੇ ਵੀ ਨਜ਼ਰਅੰਦਾਜ਼ ਨਾ ਕਰੋ।"



ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਲਿਵਰ ਖ਼ਰਾਬ ਹੋਣ ਦੇ ਲੱਛਣ!

## ਲਿਵਰ ਖ਼ਰਾਬ ਹੋਣ 'ਤੇ ਨਾ ਕਰੋ ਨਜ਼ਰਅੰਦਾਜ਼!



ਖ਼ਰਾਬ ਲਾਈਫਸਟਾਈਲ, ਜੰਕ ਫੂਡ, ਸ਼ਰਾਬ ਅਤੇ ਮੋਟਾਪੇ ਕਾਰਨ ਲਿਵਰ 'ਤੇ ਕਾਫ਼ੀ ਦਬਾਅ ਪੈਂਦਾ ਹੈ ਅਤੇ ਉਹ ਹੌਲੀ-ਹੌਲੀ ਖ਼ਰਾਬ ਹੋਣ ਲੱਗਦਾ ਹੈ। ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਲਿਵਰ ਡੈਮੇਜ ਦਾ ਸ਼ੁਰੂਆਤੀ ਦਿਨਾਂ ਵਿੱਚ ਪਤਾ ਹੀ ਨਹੀਂ ਲੱਗਦਾ ਅਤੇ ਜਦੋਂ ਤੱਕ ਪਤਾ ਲੱਗਦਾ ਹੈ, ਸਥਿਤੀ ਗੰਭੀਰ ਹੋ ਚੁੱਕੀ ਹੁੰਦੀ ਹੈ।

ਆਓ ਜਾਣੀਏ ਕਿ ਲਿਵਰ ਆਪਣੀ ਬਿਮਾਰੀ ਕਿਵੇਂ ਛੁਪਾ ਕੇ ਰੱਖਦਾ ਹੈ ਅਤੇ ਇਸ ਦੇ ਸ਼ੁਰੂਆਤੀ ਲੱਛਣ ਕਿਹੋ ਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

**ਲਿਵਰ ਡੈਮੇਜ ਦਾ ਦੇਰ ਨਾਲ ਪਤਾ ਲੱਗਣ ਦਾ ਕਾਰਨ**

ਲਿਵਰ ਦੀ ਸਭ ਤੋਂ ਖ਼ਾਸ ਗੱਲ ਇਹ ਹੈ ਕਿ ਇਹ ਆਪਣੇ ਆਪ ਨੂੰ ਠੀਕ ਕਰਨ ਵਿੱਚ ਮਾਹਰ ਹੈ। ਜੇਕਰ ਲਿਵਰ ਦਾ ਇੱਕ ਹਿੱਸਾ ਡੈਮੇਜ ਹੋ ਜਾਵੇ, ਤਾਂ ਬਚਿਆ ਹੋਇਆ ਹਿੱਸਾ ਸਰੀਰ ਦੇ ਕੰਮਾਂ ਨੂੰ ਜਾਰੀ ਰੱਖਣ ਲਈ ਆਪਣੀ ਸਮਰੱਥਾ ਵਧਾ ਦਿੰਦਾ ਹੈ। ਲਿਵਰ ਉਦੋਂ ਤੱਕ ਚੁੱਪਚਾਪ ਕੰਮ ਕਰਦਾ ਰਹਿੰਦਾ ਹੈ ਜਦੋਂ ਤੱਕ ਕਿ ਉਹ ਪੂਰੀ ਤਰ੍ਹਾਂ ਹਾਰ ਨਾ ਮੰਨ ਲਵੇ। ਜਦੋਂ ਤੱਕ ਲਿਵਰ 70-80% ਤੱਕ ਖ਼ਰਾਬ ਨਹੀਂ ਹੋ ਜਾਂਦਾ, ਉਦੋਂ ਤੱਕ ਸਰੀਰ ਵਿੱਚ ਕੋਈ ਵੱਡੇ ਲੱਛਣ ਦਿਖਾਈ ਨਹੀਂ ਦਿੰਦੇ।

ਲਿਵਰ ਦੇ ਅੰਦਰ ਦਰਦ ਮਹਿਸੂਸ ਕਰਨ ਵਾਲੀਆਂ ਨਸਾਂ ਨਹੀਂ ਹੁੰਦੀਆਂ। ਦਰਦ ਉਦੋਂ ਮਹਿਸੂਸ ਹੁੰਦਾ ਹੈ ਜਦੋਂ ਲਿਵਰ ਦਾ ਆਕਾਰ ਵੱਧ ਜਾਂਦਾ ਹੈ ਅਤੇ ਉਹ ਆਪਣੀ ਬਾਹਰੀ ਪਰਤ 'ਤੇ ਦਬਾਅ ਪਾਉਂਦਾ ਹੈ। ਉਦੋਂ ਤੱਕ ਸਥਿਤੀ ਕਾਫ਼ੀ ਅੱਗੇ ਵੱਧ ਚੁੱਕੀ ਹੁੰਦੀ ਹੈ।

**ਇਨ੍ਹਾਂ ਸ਼ੁਰੂਆਤੀ ਲੱਛਣਾਂ ਨੂੰ ਕਦੇ ਨਾ ਕਰੋ ਨਜ਼ਰਅੰਦਾਜ਼**

ਲਿਵਰ ਡੈਮੇਜ ਹੌਲੀ-ਹੌਲੀ ਵੱਧਦਾ ਹੈ, ਇਸ ਲਈ ਸਰੀਰ ਕੁਝ ਛੋਟੇ ਸੰਕੇਤ ਦਿੰਦਾ ਹੈ। ਜੇਕਰ ਤੁਸੀਂ ਸਮੇਂ ਸਿਰ ਇਨ੍ਹਾਂ ਨੂੰ ਪਛਾਣ ਲਵੋ, ਤਾਂ ਲਿਵਰ ਨੂੰ ਗੰਭੀਰ ਡੈਮੇਜ ਤੋਂ ਬਚਾਇਆ ਜਾ ਸਕਦਾ ਹੈ:

ਲਗਾਤਾਰ ਥਕਾਵਟ: ਇਹ ਲਿਵਰ ਡੈਮੇਜ ਦਾ ਸਭ ਤੋਂ ਆਮ ਲੱਛਣ ਹੈ। ਜਦੋਂ ਲਿਵਰ ਮੈਟਾਬੋਲਿਜ਼ਮ ਨੂੰ ਠੀਕ ਤਰ੍ਹਾਂ ਮੈਨੇਜ ਨਹੀਂ ਕਰ ਪਾਉਂਦਾ, ਤਾਂ ਸਰੀਰ ਵਿੱਚ ਐਨਰਜੀ ਦੀ ਕਮੀ ਹੋਣ ਲੱਗਦੀ ਹੈ ਅਤੇ ਵਿਅਕਤੀ ਹਰ ਸਮੇਂ ਸੁਸਤੀ ਮਹਿਸੂਸ ਕਰਦਾ ਹੈ।

ਭੁੱਖ ਵਿੱਚ ਕਮੀ ਅਤੇ ਜੀਅ ਕੱਚਾ ਹੋਣਾ: ਜੇਕਰ ਤੁਹਾਨੂੰ ਅਚਾਨਕ ਖਾਣ ਦੀ ਇੱਛਾ ਘੱਟ ਗਈ ਹੈ ਜਾਂ ਵਾਰ-ਵਾਰ ਉਲਟੀ ਵਰਗਾ ਮਹਿਸੂਸ ਹੁੰਦਾ ਹੈ, ਤਾਂ ਇਹ ਸੰਕੇਤ ਹੈ ਕਿ ਲਿਵਰ ਬਾਇਲ (bile) ਠੀਕ ਤਰ੍ਹਾਂ ਰਿਲੀਜ਼ ਨਹੀਂ ਕਰ ਰਿਹਾ ਹੈ।

ਪੇਟ ਦੇ ਉੱਪਰਲੇ ਸੱਜੇ ਹਿੱਸੇ ਵਿੱਚ ਤਕਲੀਫ਼: ਪਸਲੀ ਦੇ ਠੀਕ ਹੇਠਾਂ ਸੱਜੇ ਪਾਸੇ ਭਾਰੀਪਨ ਜਾਂ ਹਲਕਾ ਦਰਦ ਲਿਵਰ ਵਿੱਚ ਸੋਜ ਦਾ ਸੰਕੇਤ ਹੋ ਸਕਦਾ ਹੈ। ਇਸ ਨੂੰ ਅਕਸਰ ਲੋਕ ਗੈਸ ਜਾਂ ਬਦਹਜ਼ਮੀ ਸਮਝ ਕੇ ਛੱਡ ਦਿੰਦੇ ਹਨ।

ਸਕਿੰਨ 'ਚ ਖਾਰਸ਼: ਜਦੋਂ ਲਿਵਰ ਖੂਨ ਵਿੱਚੋਂ ਬਿਲੀਰੂਬਿਨ ਨੂੰ ਸਾਫ਼ ਨਹੀਂ ਕਰ ਪਾਉਂਦਾ, ਤਾਂ ਇਹ ਚਮੜੀ ਦੇ ਹੇਠਾਂ ਜਮ੍ਹਾ ਹੋਣ ਲੱਗਦਾ ਹੈ, ਜਿਸ ਨਾਲ ਲਗਾਤਾਰ ਖਾਰਸ਼ ਦੀ ਸਮੱਸਿਆ ਹੋ ਸਕਦੀ ਹੈ।

ਮਲ ਦੇ ਰੰਗ ਵਿੱਚ ਬਦਲਾਅ: ਆਮ ਤੌਰ 'ਤੇ ਮਲ ਦਾ ਰੰਗ ਬਿਲੀਰੂਬਿਨ ਕਾਰਨ ਭੂਰਾ ਹੁੰਦਾ ਹੈ। ਜੇਕਰ ਮਲ ਦਾ ਰੰਗ ਮਿੱਟੀ ਵਰਗਾ ਪੀਲਾ ਜਾਂ ਬਹੁਤ ਹਲਕਾ ਹੋ ਜਾਵੇ, ਤਾਂ ਇਹ ਲਿਵਰ ਜਾਂ ਬਾਇਲ ਡਕਟ ਵਿੱਚ ਰੁਕਾਵਟ ਦਾ ਸੰਕੇਤ ਹੈ।

**ਬਚਾਅ ਹੀ ਹੈ ਅਸਲੀ ਇਲਾਜ**

ਲਿਵਰ ਨੂੰ ਹੈਲਦੀ ਰੱਖਣ ਲਈ ਸਹੀ ਡਾਈਟ, ਸ਼ਰਾਬ ਤੋਂ ਪਰਹੇਜ਼, ਨਿਯਮਿਤ ਐਕਸਰਸਾਈਜ਼ ਅਤੇ ਬਿਨਾਂ ਡਾਕਟਰ ਦੀ ਸਲਾਹ ਦੇ ਦਵਾਈ ਲੈਣ ਤੋਂ ਬਚਣਾ ਤੁਹਾਡੇ ਲਿਵਰ ਨੂੰ ਲੰਬੀ ਉਮਰ ਦੇ ਸਕਦਾ ਹੈ।

# ਸ਼ੂਗਰ ਦੇ ਮਰੀਜ਼ ਦਾ Diet Plan ਕਿਹੋ ਜਿਹਾ ਹੋਣਾ ਚਾਹੀਦਾ ਹੈ?

ਸ਼ੂਗਰ ਅੱਜ ਸਭ ਤੋਂ ਗੰਭੀਰ ਬਿਮਾਰੀਆਂ ਵਿੱਚੋਂ ਇੱਕ ਬਣ ਗਈ ਹੈ, ਜਿਸਨੂੰ ਇੱਕ ਸਿਹਤਮੰਦ ਜੀਵਨ ਸ਼ੈਲੀ ਅਤੇ ਇੱਕ ਚੰਗੀ ਖੁਰਾਕ ਦੁਆਰਾ ਕੰਟਰੋਲ ਕੀਤਾ ਜਾ ਸਕਦਾ ਹੈ। ਲੋਕ ਅਕਸਰ ਦਵਾਈਆਂ 'ਤੇ ਨਿਰਭਰ ਹੋ ਜਾਂਦੇ ਹਨ, ਪਰ ਅਸਲ ਵਿੱਚ, ਤੁਹਾਡੀ ਰੋਜ਼ਾਨਾ ਖੁਰਾਕ ਬਲੱਡ ਸ਼ੂਗਰ ਦੇ ਪ੍ਰਬੰਧਨ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਉਂਦੀ ਹੈ। ਕੀ ਖਾਣਾ ਹੈ, ਕਿੰਨਾ ਖਾਣਾ ਹੈ, ਅਤੇ ਕਦੋਂ ਖਾਣਾ ਹੈ, ਇਹ ਸਭ ਸ਼ੂਗਰ ਨੂੰ ਕੰਟਰੋਲ ਕਰਨ ਲਈ ਮਹੱਤਵਪੂਰਨ ਹਨ। ਜੇਕਰ ਤੁਸੀਂ ਆਪਣੀ ਖੁਰਾਕ ਬਾਰੇ ਉਲਝਣ ਵਿੱਚ ਹੋ, ਤਾਂ ਇੱਥੇ ਇੱਕ ਸਧਾਰਨ ਅਤੇ ਪ੍ਰਭਾਵਸ਼ਾਲੀ ਖੁਰਾਕ ਗਾਈਡ ਹੈ ਜੋ ਤੁਹਾਡੇ ਸ਼ੂਗਰ ਦੇ ਪੱਧਰ ਨੂੰ ਸੰਤੁਲਿਤ ਰੱਖਣ ਵਿੱਚ ਤੁਹਾਡੀ ਮਦਦ ਕਰੇਗੀ।

**ਤੁਹਾਡੀ ਖੁਰਾਕ ਕਿਹੋ ਜਿਹੀ ਹੋਣੀ ਚਾਹੀਦੀ ਹੈ?**

ਕਾਰਬੋਹਾਈਡਰੇਟ: ਕਾਰਬੋਹਾਈਡਰੇਟ ਦਾ ਬਲੱਡ ਗਲੂਕੋਜ਼ ਦੇ ਪੱਧਰਾਂ 'ਤੇ ਸਭ ਤੋਂ ਵੱਧ ਪ੍ਰਭਾਵ ਪੈਂਦਾ ਹੈ, ਇਸ ਲਈ ਸਹੀ ਕਾਰਬੋਹਾਈਡਰੇਟ ਚੁਣਨਾ ਸ਼ੂਗਰ ਪ੍ਰਬੰਧਨ ਦਾ ਪਹਿਲਾ ਅਤੇ ਮੁੱਖ ਟੀਚਾ ਹੈ। ਸ਼ੂਗਰ ਦੇ ਮਰੀਜ਼ ਦੀ ਖੁਰਾਕ ਵਿੱਚ ਸਧਾਰਨ ਕਾਰਬੋਹਾਈਡਰੇਟ ਦੀ ਬਜਾਏ ਗੁੰਝਲਦਾਰ ਕਾਰਬੋਹਾਈਡਰੇਟ ਅਤੇ ਘੱਟ ਗਲਾਈਸੈਮਿਕ ਇੰਡੈਕਸ (GI) ਵਾਲੇ ਭੋਜਨ ਸ਼ਾਮਲ ਹੋਣੇ ਚਾਹੀਦੇ ਹਨ।

ਚੌਲਾਂ ਦੀ ਬਜਾਏ ਰੋਟੀਆਂ ਦੀ ਚੋਣ ਕਰੋ, ਕਿਉਂਕਿ ਚੌਲਾਂ ਵਿੱਚ ਰੋਟੀਆਂ ਨਾਲੋਂ ਜ਼ਿਆਦਾ ਗਲਾਈਸੈਮਿਕ ਇੰਡੈਕਸ ਹੁੰਦਾ ਹੈ।

ਤੁਸੀਂ ਕਣਕ ਦਾ ਆਟਾ, ਬਾਜਰੇ ਦਾ ਆਟਾ, ਜਾਂ ਛੋਲਿਆਂ ਦੇ ਆਟੇ ਨੂੰ ਮਿਲਾ ਕੇ ਵੀ ਰੋਟੀਆਂ ਬਣਾ ਸਕਦੇ ਹੋ, ਜੋ ਪੋਸ਼ਣ ਨੂੰ ਹੋਰ ਵਧਾਏਗਾ।

ਜੇਕਰ ਤੁਸੀਂ ਆਪਣੀ ਖੁਰਾਕ ਵਿੱਚ ਚੌਲਾਂ ਤੋਂ ਇਲਾਵਾ ਕੁਝ ਹੋਰ ਕਲਪਨਾ ਨਹੀਂ ਕਰ ਸਕਦੇ, ਤਾਂ ਚਿੱਟੇ ਚੌਲਾਂ ਦੀ ਬਜਾਏ ਭੂਰੇ ਚੌਲਾਂ ਦੀ ਚੋਣ ਕਰੋ, ਕਿਉਂਕਿ ਇਸ ਵਿੱਚ ਜ਼ਿਆਦਾ ਫਾਈਬਰ ਅਤੇ ਘੱਟ GI ਹੁੰਦਾ ਹੈ।



**ਪ੍ਰੋਟੀਨ:** ਪ੍ਰੋਟੀਨ ਸ਼ੂਗਰ ਰੋਗੀਆਂ ਦੀ ਖੁਰਾਕ ਦਾ ਇੱਕ ਵੱਡਾ ਹਿੱਸਾ ਹੋਣੇ ਚਾਹੀਦੇ ਹਨ, ਕਿਉਂਕਿ ਇਹ ਖੂਨ ਵਿੱਚ ਗਲੂਕੋਜ਼ ਦੇ ਪੱਧਰ ਨੂੰ ਵਧਾਏ ਬਿਨਾਂ ਇਨਸੁਲਿਨ ਪ੍ਰਤੀਕ੍ਰਿਆ ਨੂੰ ਵਧਾ ਸਕਦੇ ਹਨ।

ਚੰਗੀ ਮਾਤਰਾ ਵਿੱਚ ਪ੍ਰੋਟੀਨ ਪ੍ਰਾਪਤ ਕਰਨ ਲਈ ਆਪਣੇ ਦਿਨ ਦੀ ਸ਼ੁਰੂਆਤ ਇੱਕ ਗਲਾਸ ਸਕਿਮਡ ਦੁੱਧ ਨਾਲ ਕਰੋ।

ਕੱਚੀਆਂ ਸਬਜ਼ੀਆਂ ਅਤੇ ਬਿਨਾਂ ਪ੍ਰੋਸੈਸ ਕੀਤੇ ਅਨਾਜ ਖਾਓ, ਕਿਉਂਕਿ ਇਹ ਫਾਈਬਰ ਅਤੇ ਪ੍ਰੋਟੀਨ ਦੋਵਾਂ ਵਿੱਚ ਅਮੀਰ ਹੁੰਦੇ ਹਨ।

ਆਪਣੀ ਰਸੋਈ ਵਿੱਚ ਕਈ ਤਰ੍ਹਾਂ ਦੀਆਂ ਦਾਲਾਂ ਸਟੋਰ ਕਰੋ, ਜਿਵੇਂ ਕਿ ਮੂੰਗ ਦਾਲ, ਅਰਹਰ ਦੀ ਦਾਲ, ਉੜਦ ਦੀ ਦਾਲ, ਛੋਲਿਆਂ ਦੀ ਦਾਲ ਅਤੇ ਮਸੂਰ ਦੀ ਦਾਲ।

ਆਪਣੀ ਖੁਰਾਕ ਵਿੱਚ ਘੱਟ ਚਰਬੀ ਵਾਲੇ ਡੇਅਰੀ ਉਤਪਾਦ, ਘੱਟ ਚਰਬੀ ਵਾਲਾ ਮੀਟ, ਜਾਂ ਪ੍ਰੋਟੀਨ ਨਾਲ ਭਰਪੂਰ ਬੀਨਜ਼ ਸ਼ਾਮਲ ਕਰੋ।

ਜੇਕਰ ਤੁਸੀਂ ਆਪਣੇ ਪ੍ਰੋਟੀਨ ਦੀ ਮਾਤਰਾ ਵਧਾਉਣ ਲਈ ਪ੍ਰੋਟੀਨ ਸਪਲੀਮੈਂਟ ਲੈਣ ਬਾਰੇ ਵਿਚਾਰ ਕਰ ਰਹੇ ਹੋ, ਤਾਂ ਸ਼ੂਗਰ-ਮੁਕਤ ਚੁਣੋ।

ਫਲ ਅਤੇ ਸਬਜ਼ੀਆਂ: ਸ਼ੂਗਰ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਫਲ ਨਹੀਂ ਖਾ ਸਕਦੇ। ਫਲ ਅਤੇ ਸਬਜ਼ੀਆਂ ਵਿਟਾਮਿਨ, ਖਣਿਜ, ਫਾਈਬਰ ਅਤੇ ਐਂਟੀਆਕਸੀਡੈਂਟ ਨਾਲ ਭਰਪੂਰ ਹੁੰਦੀਆਂ ਹਨ, ਅਤੇ ਉਨ੍ਹਾਂ ਵਿੱਚ ਕੈਲੋਰੀ ਵੀ ਘੱਟ ਹੁੰਦੀ ਹੈ। ਇਸ ਲਈ, ਉਹ ਤੁਹਾਡੀ ਖੁਰਾਕ ਦਾ ਇੱਕ ਵੱਡਾ ਹਿੱਸਾ ਹੋ ਸਕਦੇ ਹਨ।

ਤੁਹਾਨੂੰ ਆਪਣੇ ਬਲੱਡ ਗਲੂਕੋਜ਼ ਦੇ ਪੱਧਰ ਨੂੰ ਕੰਟਰੋਲ ਵਿੱਚ ਰੱਖਣ ਲਈ ਘੱਟ ਗਲਾਈਸੈਮਿਕ ਇੰਡੈਕਸ ਵਾਲੇ ਫਲ ਅਤੇ ਸਬਜ਼ੀਆਂ ਦੀ ਚੋਣ ਕਰਨੀ ਚਾਹੀਦੀ ਹੈ। ਫਲਾਂ ਜਾਂ ਸਬਜ਼ੀਆਂ ਦੇ ਜੂਸਾਂ ਨਾਲੋਂ ਪੂਰੇ ਫਲਾਂ ਅਤੇ ਸਬਜ਼ੀਆਂ (ਸਲਾਦ ਦੇ ਰੂਪ ਵਿੱਚ) ਨੂੰ ਤਰਜੀਹ ਦਿਓ।

ਜੂਸਾਂ ਵਿੱਚ ਫਾਈਬਰ ਦੀ ਘਾਟ ਹੁੰਦੀ ਹੈ ਅਤੇ ਫਲਾਂ ਦੀ ਸ਼ੂਗਰ ਦੀ ਮਾਤਰਾ ਜ਼ਿਆਦਾ ਹੁੰਦੀ ਹੈ।
ਖਾਣੇ ਤੋਂ ਤੁਰੰਤ ਬਾਅਦ ਫਲ ਖਾਣ ਤੋਂ ਬਚੋ, ਕਿਉਂਕਿ ਇਸ ਨਾਲ ਬਲੱਡ ਗਲੂਕੋਜ਼ ਦੇ ਪੱਧਰ ਵਿੱਚ ਅਚਾਨਕ ਵਾਧਾ ਹੋ ਸਕਦਾ ਹੈ।












# ਰਾਸ਼ੀਫਲ

**ਮੇਖ :** ਨੌਕਰੀ ਅਤੇ ਕਾਰੋਬਾਰ: ਮਹੀਨੇ ਦੀ ਸ਼ੁਰੂਆਤ ਵਿੱਚ ਕੰਮ ਦਾ ਦਬਾਅ ਰਹੇਗਾ। 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਤੁਹਾਡੇ ਅਧਿਕਾਰਾਂ ਵਿੱਚ ਵਾਧਾ ਕਰੇਗਾ ਅਤੇ ਮਾਨ-ਸਨਮਾਨ ਦਿਵਾਏਗਾ।

ਆਰਥਿਕ ਸਥਿਤੀ: ਪਹਿਲੇ 15 ਦਿਨਾਂ ਵਿੱਚ ਅਚਾਨਕ ਖਰਚੇ ਹੋਣਗੇ। ਪਰ 19 ਅਪ੍ਰੈਲ ਤੋਂ ਬਾਅਦ ਸ਼ੁੱਕਰ ਦਾ ਬ੍ਰਿਖ ਰਾਸ਼ੀ ਵਿੱਚ ਆਉਣਾ ਤੁਹਾਡੀ ਆਮਦਨ ਅਤੇ ਬੱਚਤ ਵਿੱਚ ਵਾਧਾ ਕਰੇਗਾ।

ਸਿਹਤ: ਨੀਂਦ ਦੀ ਕਮੀ ਜਾਂ ਪੈਰਾਂ ਵਿੱਚ ਦਰਦ ਹੋ ਸਕਦਾ ਹੈ। ਮਹੀਨੇ ਦੇ ਅੱਧ ਤੋਂ ਬਾਅਦ ਸਰੀਰ ਵਿੱਚ ਗਰਮੀ (ਪਿੱਤ) ਵਧਣ ਕਾਰਨ ਸਿਰਦਰਦ ਜਾਂ ਗੁੱਸਾ ਆ ਸਕਦਾ ਹੈ।

ਉਪਾਅ: ਰੋਜ਼ਾਨਾ ਸੂਰਜ ਨਮਸਕਾਰ ਕਰੋ ਅਤੇ ਹਨੂਮਾਨ ਚਾਲੀਸਾ ਦਾ ਪਾਠ ਕਰੋ ਤਾਂ ਜੋ ਗ੍ਰਹਿਆਂ ਦੀ ਨਕਾਰਾਤਮਕ ਊਰਜਾ ਤੋਂ ਬਚਿਆ ਜਾ ਸਕੇ।

**ਬ੍ਰਿਖ :** ਕਾਰੋਬਾਰ ਅਤੇ ਕਮਾਈ: 11ਵੇਂ ਘਰ ਵਿੱਚ ਸ਼ਨੀ-ਮੰਗਲ ਦੀ ਮਜ਼ਬੂਤ ਸਥਿਤੀ ਕਾਰਨ ਆਰਥਿਕ ਤਰੱਕੀ ਅਤੇ ਮਾਣ-ਸਨਮਾਨ ਵਿੱਚ ਵੱਡਾ ਵਾਧਾ ਹੋਵੇਗਾ।

ਯਾਤਰਾ ਅਤੇ ਖਰਚੇ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਵਿਦੇਸ਼ ਜਾਣ ਦੇ ਮੌਕੇ ਪ੍ਰਦਾਨ ਕਰੇਗਾ, ਪਰ ਘਰ ਜਾਂ ਗੱਡੀ 'ਤੇ ਵੱਡੇ ਖਰਚੇ ਵੀ ਹੋ ਸਕਦੇ ਹਨ।

ਸਿਹਤ ਅਤੇ ਖਿੱਚ: 19 ਅਪ੍ਰੈਲ ਤੋਂ ਸ਼ੁੱਕਰ ਦਾ ਤੁਹਾਡੀ ਰਾਸ਼ੀ ਵਿੱਚ ਆਉਣਾ 'ਮਾਲਵਯ ਯੋਗ' ਬਣਾਏਗਾ, ਜੋ ਪੁਰਾਣੀਆਂ ਬਿਮਾਰੀਆਂ ਨੂੰ ਦੂਰ ਕਰੇਗਾ ਅਤੇ ਤੁਹਾਡੀ ਸ਼ਖਸੀਅਤ ਨੂੰ ਚਮਕਾਏਗਾ।

ਉਪਾਅ: ਸ਼ੁੱਕਰਵਾਰ ਨੂੰ ਮਾਤਾ ਲਕਸ਼ਮੀ ਦੀ ਪੂਜਾ ਕਰੋ ਅਤੇ ਗਊ-ਸੇਵਾ ਕਰੋ। ਇਸ ਨਾਲ ਕਾਰੋਬਾਰ ਦੀਆਂ ਰੁਕਾਵਟਾਂ ਦੂਰ ਹੋਣਗੀਆਂ।

**ਮਿਥੁਨ :** ਨੌਕਰੀ ਅਤੇ ਕੰਮ: 10ਵੇਂ ਘਰ ਵਿੱਚ ਸ਼ਨੀ-ਮੰਗਲ ਦੀ ਯੁਤੀ ਕਾਰਨ ਕੰਮ ਦਾ ਬੋਝ ਅਤੇ ਮਾਨਸਿਕ ਦਬਾਅ ਰਹੇਗਾ। ਹਾਲਾਂਕਿ, ਤੁਹਾਡੀ ਹਿੰਮਤ ਨਾਲ ਤੁਸੀਂ ਸਭ ਕੁਝ ਸੰਭਾਲ ਲਵੋਂਗੇ।

ਸਫਲਤਾ ਅਤੇ ਲਾਭ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਤੁਹਾਡੀ ਕਿਸਮਤ ਚਮਕਾਏਗਾ। ਅਚਾਨਕ ਧਨ ਲਾਭ ਅਤੇ ਨੌਕਰੀ ਵਿੱਚ ਮਾਨ-ਸਨਮਾਨ ਮਿਲਣ ਦੇ ਯੋਗ ਹਨ।

ਆਰਥਿਕ ਸਥਿਤੀ: ਕਮਾਈ ਚੰਗੀ ਹੋਵੇਗੀ, ਪਰ 19 ਅਪ੍ਰੈਲ ਤੋਂ ਬਾਅਦ ਸ਼ੁੱਕਰ ਦੇ ਪ੍ਰਭਾਵ ਨਾਲ ਐਸ਼ੋ-ਆਰਾਮ ਅਤੇ ਯਾਤਰਾਵਾਂ 'ਤੇ ਵੱਡੇ ਖਰਚੇ ਹੋ ਸਕਦੇ ਹਨ।

ਉਪਾਅ: ਬੁੱਧਵਾਰ ਨੂੰ ਸ਼੍ਰੀ ਵਿਸ਼ਨੂੰ ਸਹਸ੍ਰਨਾਮ ਦਾ ਪਾਠ ਕਰੋ ਅਤੇ ਸ਼ਿਵ ਜੀ ਦਾ ਅਭਿਸ਼ੇਕ ਕਰੋ। ਇਸ ਨਾਲ ਕੰਮ ਵਿੱਚ ਆ ਰਹੀਆਂ ਰੁਕਾਵਟਾਂ ਦੂਰ ਹੋਣਗੀਆਂ।

**ਕਰਕ :** ਨੌਕਰੀ ਅਤੇ ਰੁਤਬਾ: 14 ਅਪ੍ਰੈਲ ਤੋਂ ਬਾਅਦ ਜਦੋਂ ਸੂਰਜ ਉੱਚਾ ਹੋਵੇਗਾ, ਤਾਂ ਤੁਹਾਡੇ ਅਹੁਦੇ ਅਤੇ ਮਾਣ-ਸਨਮਾਨ ਵਿੱਚ ਭਾਰੀ ਵਾਧਾ ਹੋਵੇਗਾ। ਲੰਬੇ ਸਮੇਂ ਤੋਂ ਰੁਕੀ ਤਰੱਕੀ ਮਿਲ ਸਕਦੀ ਹੈ।



ਧਨ ਅਤੇ ਖੁਸ਼ਹਾਲੀ: 19 ਅਪ੍ਰੈਲ ਤੋਂ ਸ਼ੁੱਕਰ ਦੀ ਮਜ਼ਬੂਤ ਸਥਿਤੀ ਕਾਰਨ ਆਰਥਿਕ ਪੱਖੋਂ ਬਹੁਤ ਲਾਭ ਹੋਵੇਗਾ। ਪੁਰਾਣੇ ਕਰਜ਼ੇ ਮੁੱਕਣਗੇ ਅਤੇ ਆਮਦਨ ਦੇ ਨਵੇਂ ਰਾਹ ਖੁੱਲ੍ਹਣਗੇ।

ਕਿਸਮਤ ਅਤੇ ਰੁਕਾਵਟਾਂ: 9ਵੇਂ ਘਰ ਵਿੱਚ ਸ਼ਨੀ-ਮੰਗਲ ਦੇ ਪ੍ਰਭਾਵ ਕਾਰਨ ਧਾਰਮਿਕ ਜਾਂ ਲੰਬੀਆਂ ਯਾਤਰਾਵਾਂ ਵਿੱਚ ਕੁਝ ਦੇਰੀ ਹੋ ਸਕਦੀ ਹੈ, ਪਰ ਤੁਹਾਡੀ ਮਿਹਨਤ ਅੰਤ ਵਿੱਚ ਰੰਗ ਲਿਆਵੇਗੀ।

ਉਪਾਅ: ਸੋਮਵਾਰ ਨੂੰ ਸ਼ਿਵ ਜੀ ਦਾ ਜਲ-ਅਭਿਸ਼ੇਕ ਕਰੋ ਅਤੇ ਵੀਰਵਾਰ ਨੂੰ ਪੀਲੇ ਰੰਗ ਦੇ ਕੱਪੜੇ ਪਹਿਨੋ। ਇਸ ਨਾਲ ਗ੍ਰਹਿਆਂ ਦੀ ਨਕਾਰਾਤਮਕ ਊਰਜਾ ਦੂਰ ਹੋਵੇਗੀ।

**ਸਿੰਘ :** ਕਿਸਮਤ ਦਾ ਸਾਥ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਜਦੋਂ ਤੁਹਾਡੀ ਰਾਸ਼ੀ ਦਾ ਸੁਆਮੀ ਸੂਰਜ ਭਾਗ ਸਥਾਨ ਵਿੱਚ ਉੱਚਾ ਹੋਵੇਗਾ, ਤਾਂ ਪੁਰਾਣੀਆਂ ਰੁਕਾਵਟਾਂ ਦੂਰ ਹੋਣਗੀਆਂ ਅਤੇ ਰੱਬੀ ਮਿਹਰ ਮਿਲੇਗੀ।

ਨੌਕਰੀ ਅਤੇ ਸਫਲਤਾ: ਮਹੀਨੇ ਦੇ ਸ਼ੁਰੂ ਵਿੱਚ ਕੰਮ ਦਾ ਦਬਾਅ ਰਹੇਗਾ, ਪਰ 19 ਅਪ੍ਰੈਲ ਤੋਂ ਸ਼ੁੱਕਰ ਦੀ ਮਜ਼ਬੂਤੀ ਨਾਲ ਕਰੀਅਰ ਵਿੱਚ ਵੱਡੀ ਤਰੱਕੀ ਅਤੇ ਅਧਿਕਾਰੀਆਂ ਤੋਂ ਸ਼ਾਬਾਸ਼ ਮਿਲੇਗੀ।

ਸਿਹਤ ਸਾਵਧਾਨੀ: ਅੱਠਵੇਂ ਘਰ ਵਿੱਚ ਸ਼ਨੀ-ਮੰਗਲ ਦੀ ਯੁਤੀ ਕਾਰਨ ਮਹੀਨੇ ਦੇ ਪਹਿਲੇ ਅੱਧ ਵਿੱਚ ਸੱਟ-ਚੋਟ ਜਾਂ ਅਚਾਨਕ ਬਿਮਾਰੀ ਤੋਂ ਸਾਵਧਾਨ ਰਹਿਣਾ ਬਹੁਤ ਜ਼ਰੂਰੀ ਹੈ।

ਉਪਾਅ: ਰੋਜ਼ਾਨਾ ਆਦਿਤਿਆ ਹਿਰਦੈ ਸਤੋਤਰ ਦਾ ਪਾਠ ਕਰੋ ਅਤੇ ਮੰਗਲਵਾਰ ਨੂੰ ਭਗਵਾਨ ਕਾਰਤੀਕੇ (ਸੁਬਰਾਮਣਯ) ਦੀ ਪੂਜਾ ਕਰੋ। ਇਸ ਨਾਲ ਸੂਰਜ ਦੀ ਸ਼ਕਤੀ ਵਧੇਗੀ ਅਤੇ ਮੰਗਲ ਦੇ ਬੁਰੇ ਪ੍ਰਭਾਵ ਸ਼ਾਂਤ ਹੋਣਗੇ।

**ਕੰਨਿਆ :** ਵਪਾਰ ਅਤੇ ਸਾਂਝੇਦਾਰੀ: 7ਵੇਂ ਘਰ ਵਿੱਚ ਸ਼ਨੀ-ਮੰਗਲ-ਬੁੱਧ ਦੀ ਯੁਤੀ ਕਾਰਨ ਵਪਾਰਕ ਸਾਂਝੇਦਾਰਾਂ ਨਾਲ ਵੱਡੇ ਮਤਭੇਦ ਹੋ ਸਕਦੇ ਹਨ। ਕਿਸੇ ਵੀ ਕਾਗਜ਼ 'ਤੇ ਬਿਨਾਂ ਪੜ੍ਹੇ ਦਸਤਖਤ ਨਾ ਕਰੋ।

ਧਨ ਅਤੇ ਕਿਸਮਤ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਅਚਾਨਕ ਧਨ ਲਾਭ ਦੇ ਯੋਗ ਬਣਨਗੇ। 19 ਅਪ੍ਰੈਲ ਤੋਂ ਸ਼ੁੱਕਰ ਦੀ ਸਥਿਤੀ ਤੁਹਾਡੀ ਕਿਸਮਤ ਨੂੰ ਚਮਕਾਏਗੀ ਅਤੇ ਆਰਥਿਕ ਤੰਗੀ ਦੂਰ ਕਰੇਗੀ।

ਸਿਹਤ: ਮਾਨਸਿਕ ਤਣਾਅ ਅਤੇ ਸਰੀਰ ਵਿੱਚ ਗਰਮੀ (ਪਿੱਤ) ਵਧਣ ਦੀ ਸ਼ਿਕਾਇਤ ਹੋ ਸਕਦੀ ਹੈ। ਵਾਹਨ ਚਲਾਉਂਦੇ ਸਮੇਂ ਬਹੁਤ ਸਾਵਧਾਨ ਰਹੋ।

ਉਪਾਅ: ਬੁੱਧਵਾਰ ਨੂੰ ਸ਼੍ਰੀ ਵਿਸ਼ਨੂੰ ਸਹਸ੍ਰਨਾਮ ਦਾ ਪਾਠ ਕਰੋ ਅਤੇ ਪੰਛੀਆਂ ਜਾਂ ਗਾਵਾਂ ਨੂੰ ਹਰੀ ਮੂੰਗੀ ਦੀ ਦਾਲ ਖੁਆਓ। ਇਸ ਨਾਲ ਕਾਰੋਬਾਰੀ ਰੁਕਾਵਟਾਂ ਦੂਰ ਹੋਣਗੀਆਂ।

**ਤੁਲਾ :** ਜਿੱਤ ਅਤੇ ਮੁਕਾਬਲਾ: 6ਵੇਂ ਘਰ ਵਿੱਚ ਸ਼ਨੀ-ਮੰਗਲ ਦੀ ਮਜ਼ਬੂਤ ਸਥਿਤੀ ਕਾਰਨ ਤੁਸੀਂ ਦੁਸ਼ਮਣਾਂ 'ਤੇ ਫਤਿਹ ਪਾਓਗੇ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਜਾਂ ਅਦਾਲਤੀ ਮਾਮਲਿਆਂ ਵਿੱਚ ਸਫਲ ਰਹੋਗੇ।
ਕਾਰੋਬਾਰ ਵਿੱਚ ਵਾਧਾ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਤੁਹਾਡੇ ਵਪਾਰ ਵਿੱਚ ਵੱਡੀ ਸਫਲਤਾ ਅਤੇ ਪ੍ਰਭਾਵਸ਼ਾਲੀ ਲੋਕਾਂ ਦਾ ਸਾਥ ਲੈ ਕੇ ਆਵੇਗਾ।

ਧਨ ਅਤੇ ਸੁੱਖ-ਸਹੂਲਤਾਂ: ਆਰਥਿਕ ਸਥਿਤੀ ਮਜ਼ਬੂਤ ਰਹੇਗੀ, ਪਰ 19 ਅਪ੍ਰੈਲ ਤੋਂ ਬਾਅਦ ਰਾਸ਼ੀ ਸੁਆਮੀ ਸ਼ੁੱਕਰ ਦੇ ਪ੍ਰਭਾਵ ਨਾਲ ਐਸ਼ੋ-ਆਰਾਮ, ਗੱਡੀਆਂ ਜਾਂ ਘਰ ਦੀ ਮੁਰੰਮਤ 'ਤੇ ਵੱਡੇ ਖਰਚੇ ਹੋ ਸਕਦੇ ਹਨ।

ਉਪਾਅ: ਗੁੱਸੇ 'ਤੇ ਕਾਬੂ ਰੱਖਣ ਲਈ ਹਰ ਮੰਗਲਵਾਰ ਹਨੂਮਾਨ ਚਾਲੀਸਾ ਦਾ ਪਾਠ ਕਰੋ ਅਤੇ ਮਾਨ-ਸਨਮਾਨ ਲਈ ਰੋਜ਼ਾਨਾ ਸੂਰਜ ਦੇਵਤਾ ਨੂੰ ਜਲ ਚੜ੍ਹਾਓ।

**ਬ੍ਰਿਸ਼ਚਕ :** ਨੌਕਰੀ ਵਿੱਚ ਜਿੱਤ: 14 ਅਪ੍ਰੈਲ ਤੋਂ ਬਾਅਦ ਜਦੋਂ ਸੂਰਜ ਉੱਚਾ ਹੋਵੇਗਾ, ਤਾਂ ਤੁਹਾਡੇ ਅਹੁਦੇ ਅਤੇ ਮਾਣ-ਸਨਮਾਨ ਵਿੱਚ ਭਾਰੀ ਵਾਧਾ ਹੋਵੇਗਾ। ਦੁਸ਼ਮਣ ਤੁਹਾਡੇ ਸਾਹਮਣੇ ਟਿਕ ਨਹੀਂ ਸਕਣਗੇ।

ਧਨ ਅਤੇ ਵਪਾਰ: 19 ਅਪ੍ਰੈਲ ਤੋਂ ਸ਼ੁੱਕਰ ਦਾ 'ਮਾਲਵਯ ਯੋਗ' ਕਾਰੋਬਾਰ ਵਿੱਚ ਬਰਕਤ ਲਿਆਵੇਗਾ। ਨਵੀਂਆਂ ਸਾਂਝੇਦਾਰੀਆਂ ਬਹੁਤ ਲਾਭਦਾਇਕ ਰਹਿਣਗੀਆਂ।

ਪਰਿਵਾਰਕ ਚਿੰਤਾ: 5ਵੇਂ ਘਰ ਵਿੱਚ ਸ਼ਨੀ-ਮੰਗਲ ਕਾਰਨ ਬੱਚਿਆਂ ਦੀ ਪੜ੍ਹਾਈ ਜਾਂ ਸਿਹਤ ਨੂੰ ਲੈ ਕੇ ਮਨ ਪਰੇਸ਼ਾਨ ਰਹਿ ਸਕਦਾ ਹੈ। ਧੀਰਜ ਨਾਲ ਕੰਮ ਲਓ।

ਉਪਾਅ: ਵੀਰਵਾਰ ਨੂੰ ਭਗਵਾਨ ਦੱਤਾਤਰੇਯ ਦੀ ਪੂਜਾ ਕਰੋ ਅਤੇ ਸ਼ਨੀਵਾਰ ਨੂੰ ਬਜ਼ੁਰਗਾਂ ਨੂੰ ਭੋਜਨ ਕਰਵਾਓ। ਇਸ ਨਾਲ 5ਵੇਂ ਘਰ ਦੇ ਦੋਸ਼ ਘੱਟ ਹੋਣਗੇ।

**ਧਨੁ :** ਪਰਿਵਾਰਕ ਜੀਵਨ: 4ਥੇ ਘਰ ਵਿੱਚ ਸ਼ਨੀ-ਮੰਗਲ-ਬੁੱਧ ਦੀ ਯੁਤੀ ਕਾਰਨ ਘਰ ਵਿੱਚ ਬੇਚੈਨੀ ਅਤੇ ਜਾਇਦਾਦ ਨਾਲ ਜੁੜਿਆ ਤਣਾਅ ਰਹਿ ਸਕਦਾ ਹੈ। ਧੀਰਜ ਬਣਾਈ ਰੱਖੋ।

ਬੱਚੇ ਅਤੇ ਕਲਾ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਤੁਹਾਡੇ ਬੱਚਿਆਂ ਲਈ ਵੱਡੀ ਸਫਲਤਾ ਲਿਆਵੇਗਾ। ਕਲਾਕਾਰਾਂ ਅਤੇ ਵਿਦਿਆਰਥੀਆਂ ਨੂੰ ਵਿਸ਼ੇਸ਼ ਮਾਣ-ਸਨਮਾਨ ਮਿਲੇਗਾ।

ਧਨ ਅਤੇ ਸਿਹਤ: ਮਹੀਨੇ ਦੇ ਵਿਚਕਾਰ ਆਮਦਨ ਦੇ ਚੰਗੇ ਸਾਧਨ ਬਣਨਗੇ, ਪਰ 19 ਅਪ੍ਰੈਲ ਤੋਂ ਬਾਅਦ ਸ਼ੁੱਕਰ ਦੇ ਪ੍ਰਭਾਵ ਨਾਲ ਸਿਹਤ ਜਾਂ ਰਿਸ਼ਤੇਦਾਰਾਂ 'ਤੇ ਖਰਚਾ ਹੋ ਸਕਦਾ ਹੈ।

ਉਪਾਅ: ਘਰ ਵਿੱਚ ਸ਼ਾਂਤੀ ਲਈ ਹਰ ਮੰਗਲਵਾਰ ਅਤੇ ਸ਼ਨੀਵਾਰ ਹਨੂਮਾਨ ਚਾਲੀਸਾ ਦਾ ਪਾਠ ਕਰੋ ਅਤੇ ਭਗਵਾਨ ਸ਼ਿਵ ਦੀ ਪੂਜਾ ਕਰੋ।

**ਮਕਰ :** ਹਿੰਮਤ ਅਤੇ ਕਰੀਅਰ: 3ਜੇ ਘਰ ਵਿੱਚ ਸ਼ਨੀ ਅਤੇ ਮੰਗਲ ਦੀ ਯੁਤੀ ਤੁਹਾਨੂੰ ਗਜ਼ਬ ਦੀ ਹਿੰਮਤ ਦੇਵੇਗੀ। ਤੁਸੀਂ ਆਫਿਸ ਵਿੱਚ ਚੁਣੌਤੀਆਂ ਨੂੰ ਪਾਰ ਕਰਦੇ ਹੋਏ ਆਪਣੇ ਵਿਰੋਧੀਆਂ ਤੋਂ ਅੱਗੇ ਨਿਕਲ ਜਾਵੋਗੇ।

ਜਾਇਦਾਦ ਅਤੇ ਰੁਤਬਾ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਉੱਚ ਦਾ ਸੂਰਜ ਜ਼ਮੀਨ-ਜਾਇਦਾਦ, ਨਵੀਂ ਗੱਡੀ ਅਤੇ ਸਮਾਜ ਵਿੱਚ ਮਾਣ-ਸਨਮਾਨ ਵਧਾਉਣ ਦੇ ਕਈ ਮੌਕੇ ਲਿਆਵੇਗਾ।

ਆਰਥਿਕ ਲਾਭ: ਤੁਹਾਡਾ ਸ਼ੁਭ ਗ੍ਰਹਿ ਸ਼ੁੱਕਰ 19 ਅਪ੍ਰੈਲ ਤੋਂ 5ਵੇਂ ਘਰ ਵਿੱਚ ਮਜ਼ਬੂਤ ਹੋਵੇਗਾ, ਜੋ ਧਨ ਲਾਭ, ਰਚਨਾਤਮਕ ਸਫਲਤਾ ਅਤੇ ਨਿਵੇਸ਼ ਤੋਂ ਚੰਗਾ ਮੁਨਾਫਾ ਦਿਵਾਏਗਾ।

ਉਪਾਅ: ਸ਼ੁੱਕਰਵਾਰ ਨੂੰ ਗਰੀਬ ਔਰਤਾਂ ਜਾਂ ਬੱਚਿਆਂ ਨੂੰ ਮਿਠਾਈ ਜਾਂ ਕੱਪੜੇ ਵੰਡੋ ਅਤੇ ਮਾਤਾ ਦੁਰਗਾ ਦੀ ਪੂਜਾ ਕਰੋ। ਇਸ ਨਾਲ ਆਰਥਿਕ ਬਰਕਤ ਵਧੇਗੀ।

**ਕੁੰਭ :** ਹਿੰਮਤ ਅਤੇ ਸਫਲਤਾ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਜਦੋਂ ਸੂਰਜ ਤੀਜੇ ਘਰ ਵਿੱਚ ਉੱਚਾ ਹੋਵੇਗਾ, ਤਾਂ ਤੁਹਾਡੇ ਕੰਮਾਂ ਵਿੱਚ ਤੇਜ਼ੀ ਆਵੇਗੀ ਅਤੇ ਤੁਸੀਂ ਵਿਰੋਧੀਆਂ ਨੂੰ ਪਛਾੜ ਕੇ ਜਿੱਤ ਹਾਸਲ ਕਰੋਗੇ।

ਬੋਲੀ ਅਤੇ ਧਨ: ਦੂਜੇ ਘਰ ਵਿੱਚ ਸ਼ਨੀ-ਮੰਗਲ ਦੇ ਪ੍ਰਭਾਵ ਕਾਰਨ ਗੁੱਸੇ ਵਿੱਚ ਆ ਕੇ ਕੁਝ ਵੀ ਕਹਿਣ ਤੋਂ ਬਚੋ, ਨਹੀਂ ਤਾਂ ਪਰਿਵਾਰਕ ਰਿਸ਼ਤਿਆਂ ਵਿੱਚ ਦੂਰੀਆਂ ਆ ਸਕਦੀਆਂ ਹਨ। ਆਰਥਿਕ ਪੱਖ ਮਿਲੇ-ਜੁਲੇ ਨਤੀਜੇ ਦੇਵੇਗਾ।

ਸੁੱਖ-ਸਹੂਲਤਾਂ: 19 ਅਪ੍ਰੈਲ ਤੋਂ ਬਾਅਦ ਸ਼ੁੱਕਰ ਦਾ 'ਮਾਲਵਯ ਯੋਗ' ਘਰ ਵਿੱਚ ਲਗਜ਼ਰੀ ਅਤੇ ਖੁਸ਼ਹਾਲੀ ਲਿਆਵੇਗਾ। ਨਵੀਂ ਗੱਡੀ ਜਾਂ ਘਰ ਖਰੀਦਣ ਲਈ ਇਹ ਉੱਤਮ ਸਮਾਂ ਹੈ।

ਉਪਾਅ: ਸਾਢੇ-ਸਤੀ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਹਰ ਮੰਗਲਵਾਰ ਹਨੂਮਾਨ ਚਾਲੀਸਾ ਦਾ ਪਾਠ ਕਰੋ ਅਤੇ ਮਾਨਸਿਕ ਸ਼ਾਂਤੀ ਲਈ ਰੋਜ਼ਾਨਾ ਮਾਤਾ ਦੁਰਗਾ ਦੀ ਪੂਜਾ ਕਰੋ।

**ਮੀਨ :** ਮਾਨਸਿਕ ਦਬਾਅ: ਲਗਨ ਵਿੱਚ ਸ਼ਨੀ-ਮੰਗਲ-ਬੁੱਧ ਦੀ ਭਾਰੀ ਯੁਤੀ ਕਾਰਨ ਮਾਨਸਿਕ ਚਿੰਤਾ ਅਤੇ ਸਿਹਤ ਵਿੱਚ ਨਰਮੀ ਰਹਿ ਸਕਦੀ ਹੈ। ਧੀਰਜ ਨਾਲ ਕੰਮ ਲਓ।

ਆਰਥਿਕ ਬਰਕਤ: 14 ਅਪ੍ਰੈਲ (ਵੈਸਾਖੀ) ਤੋਂ ਬਾਅਦ ਜਦੋਂ ਸੂਰਜ ਦੂਜੇ ਘਰ ਵਿੱਚ ਉੱਚਾ ਹੋਵੇਗਾ, ਤਾਂ ਪੈਸੇ ਦੀ ਤੰਗੀ ਦੂਰ ਹੋਵੇਗੀ ਅਤੇ ਪਰਿਵਾਰਕ ਸਹਿਯੋਗ ਮਿਲੇਗਾ।

ਸੁਰੱਖਿਆ ਕਵਚ: ਚੌਥੇ ਘਰ ਵਿੱਚ ਬੈਠਾ ਗੁਰੂ ਤੁਹਾਨੂੰ ਅੰਦਰੂਨੀ ਸ਼ਕਤੀ ਦੇਵੇਗਾ ਅਤੇ ਨੌਕਰੀ ਵਿੱਚ ਤੁਹਾਡੀ ਸਥਿਤੀ ਨੂੰ ਮਜ਼ਬੂਤ ਬਣਾਈ ਰੱਖੇਗਾ।

ਉਪਾਅ: ਲਗਨ ਦੇ ਦੋਸ਼ਾਂ ਨੂੰ ਸ਼ਾਂਤ ਕਰਨ ਲਈ ਸੋਮਵਾਰ ਨੂੰ ਭਗਵਾਨ ਸ਼ਿਵ ਦਾ ਰੁਦਰਾਭਿਸ਼ੇਕ ਕਰੋ ਅਤੇ ਵੀਰਵਾਰ ਨੂੰ ਭਗਵਾਨ ਦੱਤਾਤਰੇਯ ਜਾਂ ਸਾਈਂ ਬਾਬਾ ਦੇ ਮੰਦਰ ਜਾਓ।

# ਖਾਲਸਾ ਖਾਸ ਕਹਾਵੈ ਸੋਈ...



ਹਰ ਸਾਲ ਵਿਸਾਖੀ ਦਾ ਦਿਨ ਖਾਲਸੇ ਦਾ ਸਾਜਨਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਕਿਉਂਕਿ ਇਸ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ 'ਸੀਸ ਭੇਟਾ ਕਰਨ' ਦੀ ਕਸਵੱਟੀ ਲਗਾ ਕੇ ਪੰਜ ਪਿਆਰੇ ਸਾਜੇ ਸਨ। ਅਤੇ ਉਹਨਾਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਸਿੱਖ ਤੋਂ ਸਿੰਘ ਬਣਾਇਆ ਸੀ। ਗੁਰੂ ਜੀ ਖੁਦ ਵੀ ਇਹਨਾਂ ਪੰਜਾਂ ਤੋਂ ਖੰਡੇ ਕੀ ਪਾਹੁਲ ਛਕ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣ ਗਏ ਸਨ ਅਤੇ ਆਪੇ ਗੁਰ ਚੇਲਾ ਦੇ ਗੁਰੂ ਘਰ ਦੇ ਸਿਧਾਂਤ ਤੇ ਮੋਹਰ ਲਗਾ ਦਿੱਤੀ ਸੀ। ਖਾਲਸੇ ਦੇ ਸਾਜਨਾ ਦਿਵਸ ਤੇ ਅਸੀਂ ਖਾਲਸੇ ਦੀਆਂ ਵਿਸ਼ੇਸ਼ਤਾਈਆਂ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਕਿ ਇਹ ਵੀ ਦੇਖ ਸਕੀਏ ਕਿ ਕੀ ਅਜੋਕਾ ਖਾਲਸਾ ਉਹਨਾਂ ਵਿਸ਼ੇਸ਼ਤਾਈਆਂ ਨੂੰ ਕਾਇਮ ਰੱਖ ਸਕਿਆ ਹੈ ਜਾਂ ਨਹੀਂ। ਅਜਿਹੇ ਦਿਵਸ ਤੇ ਸਵੈ ਮੁੱਲਾਂਕਣ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ।

**1.ਖਾਲਸਾ ਦੀ ਪਰਿਭਾਸ਼ਾ :**-ਮਹਾਨ ਕੋਸ਼ ਵਿੱਚ ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਖਾਲਸਾ ਦੇ ਅਰਥ ਇਹ ਹਨ -'ਸ਼ੁੱਧ, ਬਿਨਾਂ ਮਿਲਾਵਟ ਨਿਰੋਲ, ਉਹ ਜਮੀਨ ਜਾਂ ਮੁਲਕ ਜੋ ਬਾਦਸ਼ਾਹ ਦਾ ਹੈ, ਜਿਸ ਪਰ ਕਿਸੇ ਜਗੀਰਦਾਰ ਜਾਂ ਜਿੰਮੀਦਾਰ ਦਾ ਸ੍ਵਤ੍ਵ ਨਹੀਂ,ਅਕਾਲੀ ਧਰਮ ਵਾਹਿਗੁਰੂ ਜੀ ਕਾ ਖਾਲਸਾ ਸਿੰਘ ਪੰਥ।' ਇਸ ਪਰਿਭਾਸ਼ਾ ਅਨੁਸਾਰ ਪਹਿਲੀ ਗੱਲ ਸ਼ੁੱਧ ਕਿਰਦਾਰ ਦੀ ਹੈ। ਦੂਸਰੀ ਗੱਲ ਖਾਲਸਾ ਸਿਰਫ ਅਕਾਲਪੁਰਖ ਦੇ ਅਧੀਨ ਹੈ, ਹੋਰ ਕਿਸੇ ਨੂੰ ਵੀ ਉਹ ਵਿਚੋਲਾ ਬਰਦਾਸ਼ਤ ਨਹੀਂ ਕਰਦਾ। ਉਸਦਾ ਸੰਬੰਧ ਸਿੱਧਾ ਪਰਮਾਤਮਾ ਨਾਲ ਹੈ। ਇਹ ਇੱਕ ਉੱਚੀ ਸੁੱਚੀ ਜੀਵਨ ਪ੍ਰਣਾਲੀ ਅਪਨਾਉਣ ਵਾਲਾ ਇਨਸਾਨ ਹੈ ਜੋ ਦੈਵੀ ਗੁਣਾਂ ਨਾਲ ਭਰਪੂਰ ਹੈ।

**2.ਖਾਲਸਾ ਪ੍ਰਗਟ ਹੋਇਆ ਹੈ:**- ਪ੍ਰਗਟ ਉਹ ਚੀਜ਼ ਹੁੰਦੀ ਹੈ, ਜੋ ਪਹਿਲਾਂ ਹੀ ਮੌਜੂਦ ਹੋਵੇ। ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਇੱਕ ਨਵਾਂ ਕਦਮ ਚੁੱਕਿਆ ਹੈ, ਜੋ ਪਹਿਲੇ ਗੁਰੂ ਸਾਹਿਬਾਨ ਵਿਚ ਨਹੀਂ ਸੀ। ਪਰ ਗੁਰਮਤਿ ਦੀ ਕਸਵੱਟੀ ਤੇ ਇਹ ਗੱਲ ਠੀਕ ਨਹੀਂ ਬੈਠਦੀ। ਪ੍ਰਗਟ ਹੋਣ ਵਾਲੀ ਗੱਲ ਦੇਖੀਏ ਤਾਂ ਸਭ ਤੋਂ ਪਹਿਲਾਂ ਗੁਰੂ ਨਾਨਕ ਜੀ ਪ੍ਰਗਟ ਹੋਏ।

ਗੁਰਮੁਖਿ ਕਲਿ ਵਿਚ ਪਰਗਟੁ ਹੋਆ।....(ਭਾਈ ਗੁਰਦਾਸ ਜੀ, ਵਾਰ 1 ਪਉੜੀ 27)

ਉਸ ਉਪਰੰਤ ਪ੍ਰਗਟ ਹੋਣਾ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਲਈ ਵੀ ਵਰਤਿਆ ਗਿਆ।

ਵਾਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥....(ਭਾਈ ਗੁਰਦਾਸ , ਵਾਰ 41, ਪਉੜੀ 17)
ਅਤੇ ਇਹੀ ਸ਼ਬਦ ਖਾਲਸੇ ਲਈ ਵੀ ਆਖਿਆ ਗਿਆ ਹੈ।

ਖਾਲਸਾ ਅਕਾਲ ਪੁਰਖ ਕੀ ਫੌਜ ॥
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ ॥.......(ਖਾਲਸਾ ਮਹਿਮਾ, ਸਰਬ ਲੋਹ ਗ੍ਰੰਥ)

ਇਸ ਤੋਂ ਸਿੱਧ ਹੁੰਦਾ ਹੈ ਕਿ ਖਾਲਸੇ ਨੂੰ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਸਤਿਕਾਰ ਦਿੱਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਆਪਣਾ ਗੁਰੂ ਕਿਹਾ ਹੈ ਅਤੇ ਮੰਨਿਆ ਵੀ ਹੈ।

**3. ਗੁਰਬਾਣੀ ਦਾ ਮਨੁੱਖ ਹੀ ਖਾਲਸਾ ਹੈ :**- ਜਿਸ ਨੂੰ ਭਗਤ ਰਵਿਦਾਸ ਜੀ ਨੇ ਬੇਗਮਪੁਰੇ ਦਾ ਵਾਸੀ ਕਿਹਾ ਹੈ, ਜਿਸ ਨੂੰ ਭਗਤ ਕਬੀਰ ਜੀ ਨੇ ਜਨ ਕਿਹਾ ਹੈ, ਗੁਰੂ ਨਾਨਕ ਨੇ ਗੁਰਮੁਖਿ ਆਖਿਆ ਹੈ, ਗੁਰੂ ਅਰਜਨ ਜੀਂ ਨੇ ਬ੍ਰਹਮ ਗਿਆਨੀ ਆਖਿਆ ਹੈ, ਓਸੇ ਮਨੁੱਖ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਆਖਿਆ ਹੈ । ਕਬੀਰ ਜੀ ਨੇ ਗੁਰਬਾਣੀ ਵਿਚ ਖਾਲਸਾ ਸ਼ਬਦ ਵਰਤਿਆ ਹੈ।

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ।......(ਪੰਨਾ 655, ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ 1)

ਗੁਰਬਾਣੀ ਦੇ ਮਨੁੱਖ ਜੋ ਨਿਰਭਉ ਹੈ, ਨਿਰਵੈਰ ਹੈ, ਪ੍ਰਭੂ ਨਾਲ ਪ੍ਰੇਮ ਕਰਨ ਵਾਲਾ ਹੈ, ਲੋਕਾਈ ਲਈ ਮੁਹੱਬਤ ਅਤੇ ਦਰਦ ਰੱਖਣ ਵਾਲਾ ਹੈ, ਸਮਦ੍ਰਿਸ਼ਟੀ ਅਤੇ ਏਕਤਾ ਦਾ ਮੁਦਈ ਹੈ, ਵਿਕਾਰਾਂ ਤੋਂ ਦੂਰ ਗੁਣਾਂ ਦੀ ਸਾਂਝ ਰੱਖਣ ਵਾਲਾ ਹੈ, ਓਸੇ ਦਾ ਜਾਹਰੀ ਰੂਪ ਅੰਮ੍ਰਿਤਧਾਰੀ ਖਾਲਸੇ ਦੇ ਰੂਪ ਵਿੱਚ ਸਾਹਮਣੇ ਆਇਆ ਹੈ।

ਇੱਕ ਵਿਦਵਾਨ ਅਨੁਸਾਰ –
**What was latent in Guru Nanak That was patent in Guru Gobind Singh**

ਪ੍ਰਸਿੱਧ ਵਿਦਵਾਨ ਡਾ. ਗੋਕਲ ਚੰਦ ਨਾਰੰਗ 'ਦੀ ਟ੍ਰਾਂਸਫਰਮੇਸ਼ਨ ਆਫ ਸਿਖਿਜਮ' ਵਿਚ ਲਿਖਦੇ ਹਨ, 'ਜਿਸ ਦਰਖਤ ਨੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਫਲ ਦਿੱਤਾ, ਉਸਦੀ ਬਿਜਾਈ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ। ਬਾਕੀ ਅੱਠ ਗੁਰੂ ਸਾਹਿਬਾਨ ਨੇ ਉਸਨੂੰ ਸਿੰਜਿਆ ਸੀ। ਜਿਹੜੀ ਕਿਰਪਾਨ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਦਿੱਤੀ, ਉਸਦਾ ਫੌਲਾਦ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ।'

**4.ਖਾਲਸੇ ਦਾ ਰੂਹਾਨੀ ਨਿਆਰਾਪਣ :**- ਖਾਲਸਾ ਹੋਰ ਧਰਮਾਂ ਜਾਂ ਮੱਤਾਂ ਵਾਂਗ ਤਪ ਕਰਨ, ਸਰੀਰਕ ਕਸ਼ਟ ਝੱਲਣ, ਸਮਾਧੀਆਂ ਲਗਾਉਣ, ਜੰਗਲਾਂ ਵਿਚ ਜਾਣ, ਅਤੇ ਜਪ ਤਪ ਦੇ ਹੋਰ ਕਿੰਨੇ ਹੀ ਕਰਮ ਕਾਂਡ ਕਰਨ ਵਿਚ ਬਿਲਕੁਲ ਵੀ ਵਿਸ਼ਵਾਸ ਨਹੀਂ ਰੱਖਦਾ। ਉਸ ਨੂੰ ਇਹੀ ਸਿੱਖਿਆ ਦਿੱਤੀ ਗਈ ਹੈ ਕਿ ਉਹ ਆਪਣੇ ਦੁਨਿਆਵੀ ਕਿਰਤ ਕਰਦਿਆਂ ਹੋਇਆਂ ਹਰ ਵੇਲੇ ਪਰਮਾਤਮਾ ਨੂੰ ਯਾਦ ਰੱਖੇ। ਇਹੀ ਉਸਦਾ ਜਪ ਤਪ ਹੈ। ਪ੍ਰਭੂ ਨੂੰ ਹਰ ਸਮੇਂ ਯਾਦ ਰੱਖਣ ਨਾਲ ਪਹਿਲੀ ਗੱਲ ਉਹ ਵਿਕਾਰਾਂ ਤੋਂ ਬਚ ਜਾਏਗਾ, ਦੂਸਰੇ ਪ੍ਰਭੂ ਨਾਲ ਪ੍ਰੀਤ ਗੂੜ੍ਹੀ ਹੋਏਗੀ।

ਜਾਗਤਿ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮਹਿ ਤਬ ਖਾਲਸ ਤਾਹਿ ਨਖਾਲਸ ਜਾਨੈ ॥.....(ਤੇਤੀ ਸਵਯੇ, ਸ੍ਰੀ ਮੁਖਵਾਕ ਪਾਤਿਸ਼ਾਹੀ 10)

**5.ਆਚਰਣ ਅਤੇ ਜੀਵਨ-ਸ਼ੈਲੀ ਵਿੱਚ ਨਿਆਰਾਪਣ :**- ਖਾਲਸਾ ਇੱਕ ਉੱਚ ਕਿਰਦਾਰ ਵਾਲਾ ਵਿਅਕਤੀ ਹੈ। ਉਸਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਉਹ ਉਮਰ ਅਨੁਸਾਰ ਪਰਾਈ ਔਰਤ ਨੂੰ ਆਪਣੀ ਮਾਂ, ਭੈਣ ਜਾਂ ਧੀ ਸਮਝੇ। ਉਸਨੇ ਆਪਣੇ ਆਪ ਨੂੰ ਪੰਜ ਮੁੱਖ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਦੂਰ ਰੱਖਣਾ ਹੈ। ਉਸ ਵਿੱਚ ਸੱਚਾਈ, ਧਰਮ,ਦਇਆ, ਨਿਮਰਤਾ, ਸਹਿਣਸ਼ੀਲਤਾ, ਧੀਰਜ, ਬਹਾਦਰੀ ਆਦਿ ਵਰਗੇ ਗੁਣ ਹੋਣੇ ਜ਼ਰੂਰੀ ਹਨ। ਉਸਦੀ ਜੀਵਨ ਸ਼ੈਲੀ ਅਜਿਹੀ ਹੈ ਜਿਸ ਵਿਚ ਉਹ ਸਰੀਰਕ ਤੌਰ ਤੇ ਤੰਦਰੁਸਤ, ਮਾਨਸਿਕ ਰੂਪ ਵਿੱਚ ਚੜ੍ਹਦੀ ਕਲਾ ਵਾਲਾ ਜਿੰਦਦਿਲ ਇਨਸਾਨ ਹੈ। ਪੰਜ ਕਕਾਰੀ ਰਹਿਤ ਉਸਨੂੰ ਇਹਨਾਂ ਗੁਣਾਂ ਦਾ ਧਾਰਨੀ ਬਣਾਉਣ ਵਿੱਚ ਸਹਾਇਕ ਹੈ। ਉਸਦਾ ਖਾਣ ਪੀਣ, ਉਸਦਾ ਪਹਿਰਾਵਾ, ਉਸਦਾ ਜੀਵਨ ਢੰਗ ਬਹੁਤ ਹੀ ਸਾਦਾ, ਖੁੱਲ੍ਹਾ ਡੁੱਲ੍ਹਾ, ਬਿਨਾਂ ਕਿਸੇ ਦਿਖਾਵੇ ਵਾਲਾ ਹੋਣ ਕਰਕੇ ਸਾਰੇ ਸੰਸਾਰ ਵਿੱਚ ਨਿਆਰੀ ਹੋਂਦ ਰੱਖਦਾ ਹੈ। ਉਸਦੀ ਦਸਤਾਰ, ਕੇਸ, ਅਤੇ ਪੰਜ ਕਕਾਰੀ ਰਹਿਤ ਉਸਨੂੰ ਵਿਸ਼ਵ ਵਿੱਚ ਇੱਕ ਵਿਲੱਖਣ ਪਹਿਚਾਣ ਦਿੰਦੇ ਹਨ, ਜਿਸ ਤੇ ਉਹ ਮਾਣ ਵੀ ਕਰਦਾ ਹੈ ਅਤੇ ਇਸਨੂੰ ਕਾਇਮ ਰੱਖਣ ਖਾਤਰ ਹਰ ਤਰਾਂ ਦਾ ਸੰਘਰਸ਼ ਵੀ ਕਰਦਾ ਰਿਹਾ ਹੈ। ਉਹ ਨਸ਼ਿਆਂ ਅਤੇ ਫੈਸ਼ਨ ਤੋਂ ਦੂਰ ਹੈ। ਅਤੇ ਦੂਜਿਆਂ ਲਈ ਆਪਣੀ ਜਾਨ ਤੱਕ ਵੀ ਕੁਰਬਾਨ ਕਰਨ ਵਾਲਾ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਦੱਸੀ ਗਈ ਰਹਿਤ, ਜਿਹੜੀ ਵੱਖ ਵੱਖ ਸਮੇਂ ਸਮਕਾਲੀ ਸਿੱਖਾਂ ਨੇ ਰਹਿਤਨਾਮਿਆਂ ਵਿੱਚ ਵੀ ਦਰਜ ਕੀਤੀ, ਉਸ ਵਿੱਚ ਵੀ ਰਹਿਣੀ ਤੇ ਬਹੁਤ ਜੋਰ ਦਿੱਤਾ ਗਿਆ ਹੈ। ਉਹ ਅੰਦਰੂਨੀ ਅਤੇ ਬਾਹਰਲੀ ਦੋਵੇਂ ਰਹਿਤ ਦਾ ਮੇਲ ਹੈ।



ਜਸਵਿੰਦਰ ਸਿੰਘ ਰੁਪਾਲ
9814715796

ਰਹਿਣੀ ਰਹੈ ਸੋਈ ਸਿੱਖ ਮੇਰਾ ॥
ਉਹ ਸਾਹਿਬ ਮੈਂ ਉਸਕਾ ਚੇਰਾ ॥......(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

**6. ਸਮਾਜਿਕ ਅਤੇ ਸਿਆਸੀ ਨਿਆਰਾਪਣ :**- ਸਮਾਜਿਕ ਪੱਖ ਵਿੱਚ ਖਾਲਸਾ ਸਮਦ੍ਰਿਸ਼ਟੀ ਵਾਲਾ ਅਤੇ ਬ੍ਰਹਿਮੰਡੀ ਪ੍ਰੇਮ ਰੱਖਣ ਵਾਲਾ ਹੈ। ਉਹ ਜਾਤ ਪਾਤ, ਮਜ਼ਹਬ, ਭਾਸ਼ਾ, ਇਲਾਕੇ ਆਦਿ ਦੇ ਵਿਤਕਰੇ ਵਿੱਚ ਨਹੀਂ ਪੈਂਦਾ। ਸਾਰਿਆਂ ਵਿੱਚ ਇੱਕ ਜੋਤ ਪਹਿਚਾਣਦਾ ਹੈ। ਇਸਤਰੀ ਨੂੰ ਬਰਾਬਰ ਦਾ ਮਾਣ ਸਤਿਕਾਰ ਦਿੰਦਾ ਹੈ। ਸਿਆਸੀ ਤੌਰ ਤੇ ਉਹ ਨਿਆਂ ਪਸੰਦ ਹੈ। ਉਸਨੂੰ ਗੁਰੂ ਜੀ ਨੇ ਨਿਰਭਉ ਅਤੇ ਨਿਰਵੈਰ ਰਹਿਣ ਦੀ ਜਾਚ ਸਿਖਾਈ ਹੈ।

ਇਸ ਲਈ ਜਿੱਥੇ ਉਹ ਹਾਕਮਾਂ ਤੋਂ ਡਰਨ ਵਾਲਾ ਨਹੀਂ, ਸਗੋਂ ਉਹਨਾਂ ਦੀਆਂ ਗਲਤੀਆਂ ਤੋਂ ਟੋਕਣ ਵਾਲਾ ਹੈ। ਉੱਥੇ ਉਹ ਮਜਲੂਮ ਅਤੇ ਲਿਤਾੜੇ ਵਰਗ ਦੇ ਹੱਕ ਵਿਚ ਖੜ੍ਹਨ ਵਾਲਾ ਹੈ। ਜ਼ੁਲਮ ਨੂੰ ਰੋਕਣ ਖਾਤਰ ਉਹ ਆਪਣੀ ਕਿਰਪਾਨ ਵਰਤਣ ਤੋਂ ਵੀ ਸੰਕੋਚ ਨਹੀਂ ਕਰਦਾ। ਉਸਦੀ ਕਿਰਪਾਨ ਸਿਰਫ ਜ਼ੁਲਮ ਰੋਕਣ ਲਈ ਹੈ, ਕਿਸੇ ਵੀ ਤਰਾਂ ਦਾ ਰੋਹਬ ਜਾਂ ਡਰ ਪਾਉਣ ਲਈ ਨਹੀਂ ਹੈ । ਨਾ ਉਹ ਕਿਸੇ ਤਰਾਂ ਦਾ ਵਹਿਮ ਹੀ ਕਰਦਾ ਹੈ ਅਤੇ ਨਾ ਕਿਸੇ ਖਾਸ ਭੇਖ ਵਿਚ ਵਿਸ਼ਵਾਸ ਕਰਦਾ ਹੈ ।

ਖਾਲਸਾ ਖਾਸ ਕਹਾਵੈ ਸੋਈ ॥
ਜਾ ਕੈ ਹਿਰਦੈ ਭਰਮ ਨਾ ਹੋਈ ॥
ਭਰਮ ਭੇਖ ਤੇ ਰਹੈ ਨਿਆਰਾ ॥
ਸੋ ਖਾਲਸਾ ਸਤਿਗੁਰੂ ਹਮਾਰਾ ॥....( ਸ੍ਰੀ ਗੁਰੂ ਸੋਭਾ ਕ੍ਰਿਤ ਸੈਨਾਪਤਿ)

**7.ਗੁਰਮਤਿ ਦੇ ਨਿਆਰੇ ਸਿਧਾਂਤਾਂ ਦਾ ਪਹਿਰੇਦਾਰ :**- ਗੁਰਮਤਿ ਦੇ ਸਿਧਾਂਤ ਸ਼ੁਰੂ ਤੋਂ ਹੀ ਬਾਕੀ ਧਰਮਾਂ ਨਾਲੋਂ ਨਿਆਰੇ ਹਨ। ਖਾਲਸੇ ਨੇ ਉਨ੍ਹਾਂ ਸਿਧਾਂਤਾਂ ਤੇ ਡਟ ਕੇ ਪਹਿਰਾ ਦੇਣਾ ਹੈ। ਉਸ ਵਿੱਚ ਉਸ ਵੇਲੇ ਦੇ ਚਾਰੇ ਵਰਣਾਂ ਦੇ ਕਹੇ ਜਾਂਦੇ ਕੰਮ ਸ਼ਾਮਲ ਹਨ। ਉਹ ਬ੍ਰਾਹਮਣਾਂ ਵਾਂਗ ਪੜ੍ਹਨ ਪੜ੍ਹਾਉਣ ਵਾਲਾ ਵੀ ਹੈ। ਸ਼ਬਦ ਗੁਰੂ ਉਸਦਾ ਪ੍ਰਮੁੱਖ ਸਿਧਾਂਤ ਅਤੇ ਜੀਵਨ ਆਸਰਾ ਹੈ। ਖਤ੍ਰੀਆਂ ਵਾਂਗ ਦੁਸ਼ਮਣ ਤੋਂ ਰੱਖਿਆ ਕਰਨ ਲਈ ਤੇਗ ਵਾਹੁਣਾ ਵੀ ਜਾਣਦਾ ਹੈ। ਸ਼ਸ਼ਤਰ ਉਹ ਹਮੇਸ਼ਾ ਧਾਰਨ ਕਰਦਾ ਹੈ ਅਤੇ ਲੋੜ ਪੈਣ ਤੇ ਮਜਲੂਮ ਦੀ ਰਾਖੀ ਲਈ ਇਸਦੀ ਵਰਤੋਂ ਵੀ ਕਰਦਾ ਹੈ। ਵੈਸ਼ ਵਾਂਗ ਉਹ ਆਰਥਿਕ ਪੱਖ ਵਿੱਚ ਵੀ ਮਜਬੂਤ ਹੈ। ਉਹ ਇੱਕ ਸਫਲ ਕਿਰਤੀ ਹੈ। ਅਤੇ ਸ਼ੂਦਰ ਵਾਂਗ ਸੇਵਾ ਕਰਨ ਵਿੱਚ ਵੀ ਉਹ ਸਭ ਤੋਂ ਮੋਹਰੀ ਹੈ। ਉਸ ਵਿੱਚ ਸਾਰੇ ਵਰਣਾਂ ਦੇ ਲੱਛਣ ਹੋਣ ਕਾਰਨ ਉਹ ਕਿਸੇ ਵੀ ਇੱਕ ਵਰਣ ਵਾਲਾ ਨਹੀਂ, ਸਗੋਂ ਸਾਰਿਆਂ ਦਾ ਸਾਂਝਾ ਹੈ। ਗੁਰਮਤਿ ਸਿਧਾਂਤ ਸੇਵਾ, ਸਿਮਰਨ ਉਹ ਹਮੇਸ਼ਾ ਖੁਸ਼ੀ ਨਾਲ ਮੰਨਦਾ ਹੈ। ਸ਼ਬਦ ਨੂੰ ਆਪਣਾ ਗੁਰੂ ਮੰਨਣ ਕਾਰਨ, ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਦੇਹਧਾਰੀ ਗੁਰੂ ਨੂੰ ਉਹ ਨਹੀਂ ਮੰਨਦਾ। ਸੰਕਟ ਸਮੇਂ ਵੀ ਚੜ੍ਹਦੀ ਕਲਾ ਵਿੱਚ ਰਹਿਣ ਵਾਲਾ ਇਹ ਦੈਵੀ ਪੁਰਸ਼ ਦੂਜਿਆਂ ਦੀ ਹਰ ਸੰਕਟ ਸਮੇਂ ਅੱਗੇ ਹੋ ਕੇ ਮੱਦਦ ਕਰਦਾ ਹੈ। ਇਹ ਮੱਦਦ ਕਿਸੇ ਵੀ ਤਰਾਂ ਦੀ ਹੋ ਸਕਦੀ ਹੈ, ਖਾਲਸੇ ਨੇ ਕਦੇ ਪਿੱਠ ਨਹੀਂ ਦਿਖਾਈ।

**8.ਅੰਤਰਰਾਸ਼ਟਰੀ ਪੱਧਰ ਤੇ ਨਿਆਰਾਪਣ :**- ਅੰਤਰਰਾਸ਼ਟਰੀ ਪੱਧਰ ਤੇ ਉਹ ਆਪਣੇ ਕਿਰਦਾਰ ਦਾ ਲੋਹਾ ਮਨਾਉਣ ਵਿੱਚ ਕਾਮਯਾਬ ਰਿਹਾ ਹੈ। ਵੱਖ ਵੱਖ ਦੇਸ਼ਾਂ ਵਿੱਚ ਬਣੇ ਹੋਏ ਗੁਰਦੁਆਰਿਆਂ ਦੇ ਝੂਲਦੇ ਨਿਸ਼ਾਨ ਸਾਹਿਬ ਅੱਜ ਵੀ ਹਰ ਲੋੜਵੰਦ ਨੂੰ ਲੰਗਰ, ਕੱਪੜਾ, ਰਹਿਣ ਲਈ ਸਥਾਨ ਅਤੇ ਹੋਰ ਹਰ ਤਰਾਂ ਦੀ ਮੱਦਦ ਦੇਣ ਦਾ ਭਰੋਸਾ ਦਿਵਾਉਂਦੇ ਹਨ। ਵੱਖ ਵੱਖ ਸਮੇਂ ਆਏ ਹੋਏ ਵੱਖ ਵੱਖ ਸੰਕਟ ਜਿਵੇਂ ਹੜ੍ਹ, ਭੂਚਾਲ, ਮਹਾਂਮਾਰੀ, ਆਦਿ ਸਮੇਂ ਖਾਲਸੇ ਨੇ ਦੁਖੀ ਅਤੇ ਪੀੜਿਤ ਲੋਕਾਂ ਦੀ ਹਰ ਤਰਾਂ ਦੀ ਮੱਦਦ ਕਰਕੇ ਆਪਣੇ ਨਿਆਰੇਪਣ ਨੂੰ ਕਾਇਮ ਰੱਖਿਆ ਹੈ ਜਿਸ ਦੀ ਗੂੰਜ ਯੂ.ਐਨ.ਓ. ਤੱਕ ਵੀ ਪਹੁੰਚੀ ਹੈ।

**9.ਬੁਰੇ ਲੋਕਾਂ ਨਾਲ ਵਿਵਹਾਰ:**- ਵਿਦਵਾਨਾਂ ਨੇ ਤਿੰਨ ਤਰਾਂ ਦੇ ਬੁਰੇ ਲੋਕ ਮੰਨੇ ਹਨ। ਪਹਿਲੇ ਖਲ ,ਜੋ ਕਿਸੇ ਖਾਸ ਸਮੇਂ ਜਾਂ ਖਾਸ ਸਥਿਤੀ ਵਿੱਚ ਬੁਰੇ ਹੋਣ, ਦੂਸਰੀ ਤਰਾਂ ਦੇ ਲੋਕਾਂ ਨੂੰ ਅਰਿ ਜਿਹੜੇ ਕਿਸੇ ਮੱਤਭੇਦ ਕਰਕੇ ਵਿਰੋਧੀ ਵਤੀਰਾ ਰੱਖਦੇ ਹਨ । ਜਿਵੇਂ ਕਿਸੇ ਇੱਕ ਵਾਦ ਵਾਲੇ ਦੂਜੇ ਦੇ ਵਿਰੋਧੀ ਹੋ ਜਾਣ। ਤੀਸਰੀ ਸ਼੍ਰੇਣੀ ਲਈ ਦੁਸ਼ਟ ਸ਼ਬਦ ਹੈ ਇਹ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਆਪਣੇ ਸੁਭਾਅ ਕਰਕੇ ਹੀ ਮਾੜੇ ਹਨ। ਇਨ੍ਹਾਂ ਤੋਂ ਕਿਸੇ ਚੰਗੇ ਦੀ ਆਸ ਨਹੀਂ ਰੱਖੀ ਜਾ ਸਕਦੀ। ਪਰ ਪ੍ਰਭੂ ਪਿਤਾ ਦਾ ਖਾਲਸਾ ਇਹਨਾਂ ਨਾਲ ਕਿਵੇਂ ਨਜਿੱਠਦਾ ਹੈ-- ਖਲ ਖੰਡਨ ਹੈ।

ਅਰਿ ਘਾਲਯ ਹੈ।
ਦੁਸ਼ਟ ਭੰਜਨ ਹੈ।........(ਜਾਪੁ ਸਾਹਿਬ)

ਖਾਲਸਾ ਕਿਉਂਕਿ ਅਕਾਲ ਪੁਰਖ ਦੀ ਫੌਜ ਹੈ, ਇਸ ਲਈ ਉਹ ਹਰ ਬੁਰੇ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ। ਪਰ ਉਹ ਖੁਦ ਕਿਸੇ ਨਾਲ ਵੈਰ ਬਿਲਕੁਲ ਨਹੀਂ ਰੱਖਦਾ। ਉਸਦੀ ਜੰਗ ਤਾਂ ਬੁਰਾਈ ਨਾਲ ਹੈ, ਬੁਰੇ ਨਾਲ ਨਹੀਂ।

**ਅਜੋਕੀ ਦਸ਼ਾ ਅਤੇ ਖਾਲਸਾ:**- ਬਹੁਤ ਦੁੱਖ ਹੁੰਦਾ ਹੈ ਜਦੋਂ ਅਜੋਕੇ ਖਾਲਸੇ ਦਾ ਹਾਲ ਦੇਖਦੇ ਹਾਂ। ਉਹ ਗੁਰਬਾਣੀ ਸਿਧਾਂਤਾਂ ਤੋਂ ਬਹੁਤ ਪਿੱਛੇ ਰਹਿ ਗਿਆ ਹੈ। ਦੇਹਧਾਰੀ ਬਾਬਿਆਂ ਦੇ ਦਰਾਂ ਤੇ ਮੱਥੇ ਟੇਕਦਾ ਫਿਰਦਾ ਹੈ ਅਤੇ ਅਜਿਹੇ ਸਾਰੇ ਕਰਮ ਕਾਂਡ ਕਰਦਾ ਨਜ਼ਰ ਆ ਰਿਹਾ ਹੈ ਜਿਸ ਨੂੰ ਗੁਰਬਾਣੀ ਵਿੱਚ ਵੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਮਨ੍ਹਾ ਕੀਤਾ ਹੈ। ਉਸ ਵਿਚ ਧੀਰਜ, ਖਿਮਾ, ਮਿੱਠਤ ਅਤੇ ਸਹਿਣਸ਼ੀਲਤਾ ਨਜਰ ਨਹੀਂ ਆ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ਬਿਪਰਨ ਕੀ ਰੀਤ ਤੋਂ ਵਰਜਿਆ ਸੀ ਅਤੇ ਭਰਮ ਭੇਖ ਤੋਂ ਦੂਰ ਰਹਿਣ ਵਾਲੇ ਖਾਲਸੇ ਨੂੰ ਆਪਣਾ ਸਤਿਗੁਰ ਆਖਿਆ ਸੀ। ਪਰ ਅਜੋਕਾ ਖਾਲਸਾ ਕੁਝ ਕਰਮ ਕਾਂਡਾਂ ਨੂੰ ਹੀ ਸਿੱਖੀ ਸਮਝ ਬੈਠਾ ਹੈ। ਸ਼ਕਤੀ ਦੀ ਵਰਤੋਂ ਉਦੋਂ ਜਾਇਜ਼ ਕਿਹਾ ਸੀ, ਜਦੋ ਸਾਰੇ ਉਪਾਅ ਅਸਫ਼ਲ ਹੋ ਜਾਣ। ਪਰ ਆਧੁਨਿਕ ਖਾਲਸਾ ਸੰਵਾਦ ਨੂੰ ਭੁੱਲ ਕੇ ਵਿਵਾਦ ਵੱਲ ਪੈ ਗਿਆ ਹੈ ਅਤੇ ਬਹੁਤ ਹੀ ਛੋਟੀ ਜਿਹੀ ਗੱਲ ਤੇ ਕਿਰਪਾਨ ਕੱਢ ਲੈਂਦਾ ਹੈ। ਸਾਡੀਆਂ ਸੰਸਥਾਵਾਂ, ਪ੍ਰਚਾਰਕ, ਕੀਰਤਨੀਏ, ਸੰਤ ਬਾਬੇ, ਸਿਆਸੀ ਲੋਕ, ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਤੱਕ ਵੀ ਇਸ ਖਾਲਸੇ ਨੂੰ ਇੱਕ ਰੱਖ ਸਕਣ ਵਿਚ ਬੇਬਸ ਦਿਖਾਈ ਦੇ ਰਹੇ ਹਨ। ਵੱਡਾ ਅਤੇ ਮੁੱਖ ਕਾਰਨ ਇੱਕੋ ਹੈ, ਗੁਰਬਾਣੀ ਤੋਂ ਦੂਰ ਹੋ ਜਾਣਾ। ਜਿੰਨੀ ਦੇਰ ਗੁਰਬਾਣੀ ਦਾ ਭੈਅ ਅਤੇ ਸਤਿਕਾਰ ਰਹੇਗਾ, ਖਾਲਸਾ ਥਿੜਕ ਨਹੀਂ ਸਕਦਾ। ਅੱਜ ਵੀ ਗੁਰੂ ਕਿਰਪਾ ਸਦਕਾ ਕੁਝ ਖਾਲਸੇ ਅਜਿਹੇ ਹਨ, ਜਿਹਨਾਂ ਨੇ ਅਸਲ ਵਿੱਚ ਗੁਰਬਾਣੀ ਅਨੁਸਾਰ ਆਪਣੀ ਜਿੰਦਗੀ ਨੂੰ ਜਿਉਣ ਦਾ ਸੰਕਲਪ ਰੱਖਿਆ ਹੋਇਆ ਹੈ। ਉਹਨਾਂ ਤੇ ਵਾਹਿਗੁਰੂ ਜੀ ਦੀ ਬਖਸ਼ਿਸ਼ ਹੈ ਅਤੇ ਕਲਾ ਵਰਤਦੀ ਵੀ ਹੈ। ਕਿਉਂਕਿ ਇਹੀ ਗੁਰੂ ਆਸ਼ਾ ਹੈ

ਗੁਰਸਿਖਾ ਅੰਦਰ ਸਤਿਗੁਰੁ ਵਰਤੈ ਚੁਣਿ ਕਢੈ ਲਧੋਵਾਰੇ ॥.....(ਪੰਨਾ 312, ਸਲੋਕ ਮਹਲਾ 4)

ਇਸੇ ਤਰਾਂ ਗੁਰੂ ਗੋਬਿੰਦ ਸਿੰਘ ਜੀ ਵੀ ਖਾਲਸੇ ਵਿੱਚ ਵਿਚਰਦੇ ਹਨ ਜੇ ਉਹ ਆਪਣੀ ਰਹਿਤ ਅਤੇ ਕਿਰਦਾਰ ਉੱਤੇ ਪੂਰਾ ਉੱਤਰੇ। ਸਰਬ ਲੋਹ ਗ੍ਰੰਥ ਵਿੱਚ ਇੰਝ ਆਖਿਆ ਗਿਆ ਹੈ --

ਜਬ ਲਗ ਰਹੇ ਖਾਲਸਾ ਨਿਆਰਾ।
ਤਬ ਲਗੁ ਤੇਜ ਦੀਓ ਮੈਂ ਸਾਰਾ ।
ਜਬ ਇਹ ਗਹੈ ਬਿਪਰਨ ਕੀ ਰੀਤ ।
ਮੈਂ ਨ ਕਰੂੰ ਇਨਕੀ ਪਰਤੀਤ ॥.....(ਸਰਬ ਲੋਹ ਗ੍ਰੰਥ)

ਪਾਤਸ਼ਾਹ ਬਖਸ਼ਿਸ਼ ਕਰਨ, ਅਸੀਂ ਗੁਰਬਾਣੀ ਨਾਲ ਜੁੜ ਸਕੀਏ, ਖਾਲਸਾ ਦੇ ਅਸਲ ਅਰਥ ਸਮਝ ਸਕੀਏ ਅਤੇ ਗੁਰੂ ਸਾਹਿਬ ਜੀ ਦੇ ਦੱਸੇ ਅਨੁਸਾਰ ਆਪਣਾ ਜੀਵਨ ਬਣਾ ਸਕੀਏ ।

# ਐਂਟੀਓਕਸੀਡੈਂਟਸ: ਸਿਹਤਮੰਦ ਜੀਵਨ ਲਈ ਕੁਦਰਤ ਦਾ ਰੱਖਿਆ ਕਵਚ

**ਐਂਟੀਓਕਸੀਡੈਂਟਸ ਕੀ ਹਨ?**

ਐਂਟੀਓਕਸੀਡੈਂਟਸ ਕੁਦਰਤੀ ਜਾਂ ਕ੍ਰਿਤ੍ਰਿਮ ਪਦਾਰਥ ਹੁੰਦੇ ਹਨ ਜੋ ਸਾਡੇ ਸਰੀਰ ਦੀਆਂ ਕੋਸ਼ਿਕਾਵਾਂ ਨੂੰ ਨੁਕਸਾਨ ਤੋਂ ਬਚਾਉਂਦੇ ਹਨ। ਇਹ ਨੁਕਸਾਨ ਹਾਨੀਕਾਰਕ ਅਣੂਆਂ, ਜਿਨ੍ਹਾਂ ਨੂੰ ਫ੍ਰੀ ਰੈਡੀਕਲਸ ਕਿਹਾ ਜਾਂਦਾ ਹੈ, ਕਾਰਨ ਹੁੰਦਾ ਹੈ।

ਫ੍ਰੀ ਰੈਡੀਕਲਸ ਅਸਥਿਰ ਅਣੂ ਹੁੰਦੇ ਹਨ ਜੋ ਸਰੀਰ ਦੀਆਂ ਆਮ ਪ੍ਰਕਿਰਿਆਵਾਂ ਜਿਵੇਂ ਕਿ ਪਾਚਣ ਅਤੇ ਸਾਹ ਲੈਣ ਦੌਰਾਨ ਬਣਦੇ ਹਨ ਜਾਂ ਬਾਹਰੀ ਕਾਰਕਾਂ ਜਿਵੇਂ ਪ੍ਰਦੂਸ਼ਣ, ਸਿਗਰਟਨੋਸ਼ੀ ਅਤੇ ਰੇਡੀਏਸ਼ਨ ਨਾਲ ਵੀ ਪੈਦਾ ਹੁੰਦੇ ਹਨ।

ਇਸ ਨੁਕਸਾਨੀ ਪ੍ਰਕਿਰਿਆ ਨੂੰ ਆਕਸੀਡੇਟਿਵ ਸਟਰੈੱਸ ਕਿਹਾ ਜਾਂਦਾ ਹੈ, ਜੋ ਕੋਸ਼ਿਕਾਵਾਂ, ਪ੍ਰੋਟੀਨ ਅਤੇ ਡੀ.ਐਨ.ਏ. ਨੂੰ ਨੁਕਸਾਨ ਪਹੁੰਚਾ ਸਕਦੀ ਹੈ।

**ਮਨੁੱਖੀ ਜੀਵਨ ਵਿੱਚ ਐਂਟੀਓਕਸੀਡੈਂਟਸ ਦਾ ਮਹੱਤਵ**

ਐਂਟੀਓਕਸੀਡੈਂਟਸ ਸਾਡੀ ਸਿਹਤ ਲਈ ਬਹੁਤ ਜ਼ਰੂਰੀ ਹਨ। ਇਹ ਕੋਸ਼ਿਕਾਵਾਂ ਨੂੰ ਨੁਕਸਾਨ ਤੋਂ ਬਚਾਉਂਦੇ ਹਨ, ਬੁਢਾਪੇ ਦੀ ਪ੍ਰਕਿਰਿਆ ਨੂੰ ਹੋਲੀ ਕਰਦੇ ਹਨ, ਰੋਗ-ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਬਣਾਉਂਦੇ ਹਨ ਅਤੇ ਲੰਬੇ ਸਮੇਂ ਵਾਲੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਘਟਾਉਂਦੇ ਹਨ।

ਜੇਕਰ ਐਂਟੀਓਕਸੀਡੈਂਟਸ ਨਾ ਹੋਣ, ਤਾਂ ਫ੍ਰੀ ਰੈਡੀਕਲਸ ਸਾਡੇ ਸਰੀਰ ਨੂੰ ਜ਼ਿਆਦਾ ਤੇਜ਼ੀ ਨਾਲ ਨੁਕਸਾਨ ਪਹੁੰਚਾਉਣਗੇ, ਜਿਸ ਨਾਲ ਜਲਦੀ ਬੁਢਾਪਾ ਅਤੇ ਬਿਮਾਰੀਆਂ ਵੱਧ ਸਕਦੀਆਂ ਹਨ।

**ਐਂਟੀਓਕਸੀਡੈਂਟਸ ਦੇ ਲਾਭ**

ਐਂਟੀਓਕਸੀਡੈਂਟਸ ਕਈ ਤਰੀਕਿਆਂ ਨਾਲ ਲਾਭਦਾਇਕ ਹਨ:

(1)ਬਿਮਾਰੀਆਂ ਤੋਂ ਬਚਾਅ
ਇਹ ਕੈਂਸਰ, ਦਿਲ ਦੀ ਬਿਮਾਰੀ ਅਤੇ ਐਲਜ਼ਾਈਮਰ ਵਰਗੀਆਂ ਗੰਭੀਰ ਬਿਮਾਰੀਆਂ ਦੇ ਖ਼ਤਰੇ ਨੂੰ ਘਟਾਉਂਦੇ ਹਨ।

(2) ਰੋਗ-ਪ੍ਰਤੀਰੋਧਕ ਸ਼ਕਤੀ ਵਿੱਚ ਵਾਧਾ
ਇਹ ਸਰੀਰ ਦੀ ਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਦੇ ਹਨ ਅਤੇ ਇਨਫੈਕਸ਼ਨ ਨਾਲ ਲੜਨ ਵਿੱਚ ਮਦਦ ਕਰਦੇ ਹਨ।

(3) ਬੁਢਾਪਾ ਰੋਕਣ ਵਾਲੇ ਗੁਣ
ਇਹ ਚਮੜੀ ਨੂੰ ਨੁਕਸਾਨ, ਝੁਰੜੀਆਂ ਅਤੇ ਬੁਢਾਪੇ ਦੇ ਨਿਸ਼ਾਨ ਘਟਾਉਂਦੇ ਹਨ।

(4) ਦਿਮਾਗੀ ਸਿਹਤ ਲਈ ਲਾਭਦਾਇਕ
ਇਹ ਦਿਮਾਗ ਦੀਆਂ ਕੋਸ਼ਿਕਾਵਾਂ ਦੀ ਰੱਖਿਆ ਕਰਦੇ ਹਨ ਅਤੇ ਯਾਦਸ਼ਕਤੀ ਅਤੇ ਸੋਚਣ ਦੀ ਸਮਰੱਥਾ ਨੂੰ ਸੁਧਾਰਦੇ ਹਨ।

**ਐਂਟੀਓਕਸੀਡੈਂਟਸ ਦੇ ਕੁਦਰਤੀ ਸਰੋਤ**

ਕੁਦਰਤ ਵਿੱਚ ਐਂਟੀਓਕਸੀਡੈਂਟਸ ਨਾਲ ਭਰਪੂਰ ਖੁਰਾਕਾਂ ਦੀ ਕੋਈ ਘਾਟ ਨਹੀਂ ਹੈ।

ਫਲਾਂ ਵਿੱਚ—ਬੈਰੀਜ਼ (ਬਲੂਬੈਰੀ, ਸਟਰਾਬੈਰੀ), ਸੰਤਰੇ ਅਤੇ ਸਿਟਰਸ ਫਲ, ਅੰਗੂਰ

ਸਬਜ਼ੀਆਂ ਵਿੱਚ—ਪਾਲਕ, ਗਾਜਰ, ਬ੍ਰੋਕਲੀ

ਹੋਰ ਸਰੋਤ—ਮੇਵੇ ਅਤੇ ਬੀਜ, ਗ੍ਰੀਨ ਟੀ, ਡਾਰਕ ਚਾਕਲੇਟ, ਮੋਟਾ ਅਨਾਜ

ਖੁਰਾਕ ਵਿੱਚ ਮੌਜੂਦ ਮਹੱਤਵਪੂਰਨ ਐਂਟੀਓਕਸੀਡੈਂਟਸ ਵਿੱਚ ਵਿਟਾਮਿਨ ਸੀ , ਵਿਟਾਮਿਨ ਈ, ਬੀਟਾ-ਕੈਰੋਟੀਨ ਅਤੇ ਫਲੇਵਨੋਇਡ ਸ਼ਾਮਲ ਹਨ।

ਸੰਤੁਲਿਤ ਖੁਰਾਕ ਇਹਨਾਂ ਪੋਸ਼ਕ ਤੱਤਾਂ ਨੂੰ ਪ੍ਰਾਪਤ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ।

**ਕੀ ਕ੍ਰਿਤ੍ਰਿਮ ਐਂਟੀਓਕਸੀਡੈਂਟਸ ਵੀ ਹੁੰਦੇ ਹਨ?**

ਹਾਂ, ਐਂਟੀਓਕਸੀਡੈਂਟਸ ਦੇ ਕ੍ਰਿਤ੍ਰਿਮ ਰੂਪ ਵੀ ਮੌਜੂਦ ਹਨ, ਜੋ ਆਮ ਤੌਰ ‘ਤੇ ਇਹਨਾਂ ਵਿੱਚ ਵਰਤੇ ਜਾਂਦੇ ਹਨ:

ਖੁਰਾਕੀ ਸਪਲੀਮੈਂਟ (ਗੋਲੀਆਂ, ਕੈਪਸੂਲ)

ਪ੍ਰੋਸੈਸ ਕੀਤੇ ਖਾਣੇ (ਉਨ੍ਹਾਂ ਦੀ ਮਿਆਦ ਵਧਾਉਣ ਲਈ)

ਉਦਾਹਰਨ ਵਜੋਂ—ਬਿਊਟਿਲੇਟਡ ਹਾਈਡਰੋਕਸੀਐਨੀਸੋਲ (BHA), ਬਿਊਟਿਲੇਟਡ ਹਾਈਡਰੋਕਸੀਟੋਲੁਇਨ (BHT)।
ਹਾਲਾਂਕਿ ਇਹ ਕਈ ਵਾਰ ਲਾਭਦਾਇਕ ਹੁੰਦੇ ਹਨ, ਪਰ ਜ਼ਿਆਦਾ ਮਾਤਰਾ ਵਿੱਚ ਵਰਤੋਂ ਸੁਰੱਖਿਅਤ ਨਹੀਂ ਹੁੰਦੀ। ਕੁਦਰਤੀ ਸਰੋਤ ਹਮੇਸ਼ਾਂ ਜ਼ਿਆਦਾ ਸਿਹਤਮੰਦ ਮੰਨੇ ਜਾਂਦੇ ਹਨ।

**ਆਧੁਨਿਕ ਯੁੱਗ ਵਿੱਚ ਐਂਟੀਓਕਸੀਡੈਂਟਸ ਦੀ ਵੱਧਦੀ ਮਹੱਤਤਾ**

ਅੱਜਕੱਲ੍ਹ ਐਂਟੀਓਕਸੀਡੈਂਟਸ ਬਹੁਤ ਪ੍ਰਸਿੱਧ ਹੋ ਗਏ ਹਨ, ਜਿਸ ਦੇ ਕਈ ਕਾਰਨ ਹਨ:

(1) ਵੱਧਦਾ ਪ੍ਰਦੂਸ਼ਣ ਅਤੇ ਤਣਾਅ
ਆਧੁਨਿਕ ਜੀਵਨਸ਼ੈਲੀ ਵਿੱਚ ਵੱਧਦੇ ਜ਼ਹਿਰੀਲੇ ਤੱਤਾਂ ਕਾਰਨ ਐਂਟੀਓਕਸੀਡੈਂਟਸ ਦੀ ਲੋੜ ਵੱਧ ਗਈ ਹੈ।

(2) ਜੀਵਨਸ਼ੈਲੀ ਸੰਬੰਧੀ ਬਿਮਾਰੀਆਂ ਵਿੱਚ ਵਾਧਾ
ਸ਼ੂਗਰ, ਦਿਲ ਦੀ ਬਿਮਾਰੀ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਦੇ ਵਾਧੇ ਨਾਲ ਲੋਕ ਸਿਹਤ ਪ੍ਰਤੀ ਜਾਗਰੂਕ ਹੋ ਰਹੇ ਹਨ।

(3) ਮੀਡੀਆ ਰਾਹੀਂ ਜਾਗਰੂਕਤਾ
ਸੋਸ਼ਲ ਮੀਡੀਆ ਅਤੇ ਸਿਹਤ ਮੁਹਿੰਮਾਂ ਰਾਹੀਂ ਐਂਟੀਓਕਸੀਡੈਂਟਸ ਬਾਰੇ ਜਾਣਕਾਰੀ ਵਧੀ ਹੈ।

(4) ਸੁੰਦਰਤਾ ਅਤੇ ਬੁਢਾਪਾ ਰੋਕਣ ‘ਤੇ ਧਿਆਨ
ਚਮੜੀ ਦੀ ਦੇਖਭਾਲ ਵਾਲੇ ਉਤਪਾਦਾਂ ਵਿੱਚ ਐਂਟੀਓਕਸੀਡੈਂਟਸ ਨੂੰ ਖਾਸ ਤੌਰ ‘ਤੇ ਉਜਾਗਰ ਕੀਤਾ ਜਾਂਦਾ ਹੈ।

(5) ਵਿਗਿਆਨਕ ਖੋਜਾਂ
ਆਕਸੀਡੇਟਿਵ ਸਟਰੈੱਸ ਅਤੇ ਬਿਮਾਰੀਆਂ ਦੇ ਸੰਬੰਧ ਬਾਰੇ ਖੋਜਾਂ ਨੇ ਲੋਕਾਂ ਦੀ ਦਿਲਚਸਪੀ ਵਿੱਚ ਵਾਧਾ ਕੀਤਾ ਹੈ।

ਐਂਟੀਓਕਸੀਡੈਂਟਸ ਸਾਡੇ ਸਰੀਰ ਦੀ ਰੱਖਿਆ ਕਰਨ ਅਤੇ ਸਿਹਤਮੰਦ ਜੀਵਨ ਬਿਤਾਉਣ ਲਈ ਬਹੁਤ ਜ਼ਰੂਰੀ ਹਨ। ਭਾਵੇਂ ਆਧੁਨਿਕ ਵਿਗਿਆਨ ਕ੍ਰਿਤ੍ਰਿਮ ਵਿਕਲਪ ਮੁਹੱਈਆ ਕਰਦਾ ਹੈ, ਪਰ ਸਭ ਤੋਂ ਵਧੀਆ ਅਤੇ ਸੁਰੱਖਿਅਤ ਤਰੀਕਾ ਕੁਦਰਤੀ ਖੁਰਾਕ ਰਾਹੀਂ ਇਹਨਾਂ ਨੂੰ ਪ੍ਰਾਪਤ ਕਰਨਾ ਹੈ। ਸਾਧਾਰਣ ਸ਼ਬਦਾਂ ਵਿੱਚ, ਐਂਟੀਓਕਸੀਡੈਂਟਸ ਸਾਡੇ ਸਰੀਰ ਦੇ ਸੁਰੱਖਿਆ ਕਰਮੀ ਹਨ ਜੋ ਸਾਨੂੰ ਲੰਬੀ ਅਤੇ ਸਿਹਤਮੰਦ ਜ਼ਿੰਦਗੀ ਜੀਊਣ ਵਿੱਚ ਮਦਦ ਕਰਦੇ ਹਨ।

ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।






# ਟੀ.ਪੀ.ਏ.ਆਰ. ਕਲੱਬ ਦਾ ਹਾਫ਼-ਮੈਰਾਥਨ ਦੌੜਾਕ - ਧਰਮ ਰੰਧਾਵਾ











ਡਾ. ਸੁਖਦੇਵ ਸਿੰਘ ਝੰਡ
1-647-567-9128

ਦੌੜਾਂ ਤੇ ਖੇਡਾਂ ਸਰੀਰ ਅਤੇ ਦਿਮਾਗ਼ ਨੂੰ ਚੁਸਤ-ਦਰੁੱਸਤ ਤੇ ਤੰਦਰੁਸਤ ਰੱਖਦੀਆਂ ਹਨ। ਖੇਡ ਅਜਿਹੀ ਸਰੀਰਕ ਕਿਰਿਆ ਹੈ ਜਿਸ ਨਾਲ ਕੋਈ ਵਿਅੱਕਤੀ ਜਾਂ ਟੀਮ ਆਪਣੀ ਤਾਕਤ ਜਾਂ ਦਿਮਾਗ਼ੀ ਹੁਨਰ ਨਾਲ ਦੂਸਰਿਆਂ ਦਾ ਸ਼ੌਕੀਆ ਮੁਕਾਬਲਾ ਕਰਦੀ ਹੈ ਜਾਂ ਇਸ ਦਾ ਇੱਕ ਹੋਰ ਨਿਸ਼ਾਨਾ ਦੂਸਰੇ ਲੋਕਾਂ ਦਾ ਮਨ-ਪ੍ਰਚਾਵਾ ਕਰਨਾ ਹੁੰਦਾ ਹੈ। ਕਈ ਵਾਰ ਇਹ ਮੰਤਵ ਮੁਕਾਬਲਾ ਅਤੇ ਮਨ-ਪ੍ਰਚਾਵਾ ਦੋਨੋਂ ਹੀ ਹੁੰਦੇ ਹਨ। ਬਹੁਤ ਸਾਰੀਆਂ ਖੇਡਾਂ, ਜਿਵੇਂ ਫ਼ੀਲਡ ਹਾਕੀ, ਆਈਸ ਹਾਕੀ, ਫੁੱਟਬਾਲ, ਬੇਸਬਾਲ, ਬਾਸਕਟਬਾਲ, ਵਗ਼ੈਰਾ ਲਈ ਦੌੜਨ ਦੀ ਜ਼ਰੂਰਤ ਪੈਂਦੀ ਹੈ। ਦੌੜ ਪੈਰਾਂ ਦੀ ਤੇਜ਼ ਗਤੀ ਨਾਲ ਚੱਲਣ ਦੀ ਪ੍ਰਕਿਰਿਆ ਹੈ ਅਤੇ ਇਸ ਨਾਲ ਸਰੀਰ ਦੇ ਸਾਰੇ ਹੀ ਅੰਗਾਂ ਦੀ ਕਸਰਤ ਹੋ ਜਾਂਦੀ ਹੈ। ਏਸੇ ਲਈ ਸਰੀਰ ਨੂੰ ਤੰਦਰੁਸਤ ਰੱਖਣ ਲਈ ਡਾਕਟਰਾਂ ਵੱਲੋਂ ਰੋਜ਼ਾਨਾ ਅੱਧਾ ਘੰਟਾ ਸੈਰ ਕਰਨ ਜਾਂ ਦੌੜਨ ਦਾ ਮਸ਼ਵਰਾ ਦਿੱਤਾ ਜਾਂਦਾ ਹੈ

ਟੀ.ਪੀ.ਏ.ਆਰ. ਕਲੱਬ ਦਾ ਸਰਗਰਮ ਮੈਂਬਰ ਧਰਮ ਸਿੰਘ ਰੰਧਾਵਾ 'ਹਾਫ਼-ਮੈਰਾਥਨ' ਦੌੜਦਾ ਹੈ ਅਤੇ ਇਸ ਵਿੱਚ ਉਹ ਅਕਸਰ ਪਹਿਲੀਆਂ ਪੋਜ਼ੀਸ਼ਨਾਂ 'ਤੇ ਰਹਿੰਦਾ ਹੈ। ਉਸਦਾ ਜਨਮ ਪੰਜਾਬ ਦੇ ਇਤਿਹਾਸਕ ਸ਼ਹਿਰ ਤਰਨ ਤਾਰਨ ਦੇ ਨੇੜੇ, ਇਸ ਤੋਂ ਮਹਿਜ਼ ਡੇਢ-ਦੋ ਕਿਲੋਮੀਟਰ ਦੂਰ ਪਿੰਡ ਪੰਡੋਰੀ ਗੋਲਾ ਵਿਖੇ ਸ. ਚਰਨ ਸਿੰਘ ਰੰਧਾਵਾ ਅਤੇ ਮਾਤਾ ਅਰੂੜ ਕੌਰ ਦੇ ਘਰ 10 ਅਪ੍ਰੈਲ 1962 ਨੂੰ ਹੋਇਆ। ਉਹ ਚਾਰ ਕੁ ਸਾਲਾਂ ਦਾ ਹੀ ਸੀ ਜਦੋਂ ਉਸਦੇ ਪਿਤਾ ਜੀ ਨੇ ਤਰਨ ਤਾਰਨ ਵਿੱਚ ਮੱਝਾਂ ਦੀ ਡੇਅਰੀ ਬਣਾ ਲਈ ਅਤੇ ਪਰਿਵਾਰ ਨੇ ਆਪਣੀ ਰਿਹਾਇਸ਼ ਇੱਥੇ ਇਸ ਸ਼ਹਿਰ ਵਿੱਚ ਕਰ ਲਈ। ਉੱਥੇ ਉਹ ਪੰਜਵੀਂ ਜਮਾਤ ਤੱਕ ਇਤਿਹਾਸਕ 'ਮੀਨਾਰੇ ਵਾਲੇ ਪ੍ਰਾਇਮਰੀ ਸਕੂਲ' ਵਿੱਚ ਪੜ੍ਹਿਆ ਅਤੇ ਫਿਰ ਉਸਨੇ ਖਾਲਸਾ ਹਾਇਰ ਸੈਕੰਡਰੀ ਸਕੂਲ ਤਰਨ ਤਾਰਨ ਤੋਂ ਗਿਆਰਵੀਂ ਜਮਾਤ ਪਾਸ ਕੀਤੀ। ਇਸ ਤੋਂ ਅਗਲੀ ਪੜ੍ਹਾਈ ਲਈ ਉਸਨੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦਾਖ਼ਲਾ ਲਿਆ ਅਤੇ ਬੀ.ਏ. ਭਾਗ ਪਹਿਲਾ ਤੇ ਦੂਸਰਾ ਦੋ ਸਾਲ ਉੱਥੇ ਪੜ੍ਹਿਆ। ਇਸ ਤੋਂ ਅੱਗੇ ਉਹ ਨਾ ਪੜ੍ਹ ਸਕਿਆ ਅਤੇ ਆਪਣੇ ਪਿਤਾ ਜੀ ਨਾਲ ਖੇਤੀਬਾੜੀ ਅਤੇ ਡੇਅਰੀ ਦੇ ਕੰਮ ਵਿੱਚ ਹੱਥ ਵਟਾਉਣ ਲੱਗ ਪਿਆ।

ਸਕੂਲ 'ਚ ਪੜ੍ਹਦੇ ਸਮੇਂ ਉਹ 800 ਮੀਟਰ ਅਤੇ 1500 ਮੀਟਰ ਦੌੜ ਵਿੱਚ ਹਿੱਸਾ ਲੈਂਦਾ ਸੀ। ਅੰਮ੍ਰਿਤਸਰ ਵਿੱਚ ਹੋਣ ਵਾਲੇ ਜ਼ਿਲਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਉਹ ਅੱਠਵੀ ਤੋਂ ਗਿਆਰਵੀਂ ਜਮਾਤ ਦੌਰਾਨ ਚਾਰ ਸਾਲ (1976-1979) ਲਗਾਤਾਰ ਸ਼ਾਮਲ ਹੁੰਦਾ ਰਿਹਾ ਅਤੇ ਇਸ ਦੌਰਾਨ ਦੋ ਵਾਰ ਦੂਸਰੇ ਤੇ ਤੀਸਰੇ ਨੰਬਰ 'ਤੇ ਆ ਕੇ ਆਪਣੇ ਸਕੂਲ ਦੀ ਸ਼ਾਨਦਾਰ ਪ੍ਰਤੀਨਿਧਤਾ ਕੀਤੀ। ਇਸਦੇ ਨਾਲ ਹੀ ਉਸਨੇ ਆਪਣੇ ਸਕੂਲ ਦੀ ਵਾਲੀਬਾਲ ਟੀਮ ਵਿੱਚ ਸ਼ਾਮਲ ਹੋ ਕੇ 1977 ਅਤੇ 1978 ਵਿੱਚ ਦੋ ਸਾਲ ਪੰਜਾਬ ਪੱਧਰ 'ਤੇ ਟੂਰਨਾਮੈਂਟਾਂ ਵਿੱਚ ਭਾਗ ਲਿਆ। ਕਾਲਜ ਵਿੱਚ ਜਾ ਕੇ ਉਸਨੇ ਕਾਲਜ ਦੇ ਡੀ.ਪੀ.ਈ. ਅਜੀਤ ਸਿੰਘ ਰੰਧਾਵਾ ਦੀ ਪ੍ਰੇਰਨਾ ਨਾਲ ਹਾਕੀ ਦੀ ਗੇਮ ਨਾਲ 5,000 ਮੀਟਰ ਅਤੇ 10,000 ਮੀਟਰ ਲੰਮੀਆਂ ਦੌੜਾਂ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਿਦਿਆਰਥੀਆਂ ਦੀ ਘੱਟ ਗਿਣਤੀ ਵਾਲੇ ਕਾਲਜਾਂ ਦੇ 'ਬੀ ਗਰੁੱਪ' ਮੁਕਾਬਲਿਆਂ ਵਿੱਚ 1979 ਤੋਂ 1981 ਦੌਰਾਨ ਤਿੰਨ ਵਾਰ ਭਾਗ ਲਿਆ ਅਤੇ 1981 ਵਿੱਚ ਉਨ੍ਹਾਂ ਦੀ ਹਾਕੀ ਟੀਮ ਇਸ ਟੂਰਨਾਮੈਂਟ ਵਿੱਚ ਪਹਿਲੇ ਨੰਬਰ 'ਤੇ ਆਈ। ਇਸ ਤਰ੍ਹਾਂ ਧਰਮ ਰੰਧਾਵਾ ਸਕੂਲ ਅਤੇ ਕਾਲਜ ਪੱਧਰ 'ਤੇ ਵੱਖ-ਵੱਖ ਖੇਡਾਂ ਅਤੇ ਲੰਮੀ ਦੂਰੀ ਦੀਆਂ ਦੌੜਾਂ ਵਿੱਚ ਸਰਗਰਮੀ ਨਾਲ ਭਾਗ ਲੈਂਦਾ ਰਿਹਾ। ਧਰਮ ਰੰਧਾਵਾ ਦੇ ਮਾਪਿਆਂ ਨੇ 1991 ਵਿੱਚ ਉਸਨੂੰ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਭੇਜ ਦਿੱਤਾ ਅਤੇ ਕਈ ਸਾਲਾਂ ਬਾਅਦ 1998 ਵਿੱਚ ਉਹ ਕੈਨੇਡਾ ਦਾ 'ਪੱਕਾ ਵਸਨੀਕ' (Permanent Resident) ਬਣਿਆ। ਇਸ ਦੌਰਾਨ ਇੱਥੇ 'ਵਰਕ-ਪਰਮਿਟ' 'ਤੇ ਕੰਮ ਕਰਦਿਆਂ ਉਸਨੇ ਕਈ ਪਾਪੜ ਵੇਲੇ। ਸੱਭ ਤੋਂ ਪਹਿਲਾਂ ਇੱਕ ਗੈਸ-ਸਟੇਸ਼ਨ ਉੱਪਰ ਕੁਝ ਮਹੀਨੇ ਕੰਮ ਕੀਤਾ ਅਤੇ ਇਸਦੇ ਨਾਲ 'ਪਾਰਟ-ਟਾਈਮ' ਟੈਕਸੀ ਚਲਾਈ। ਉਸ ਤੋਂ ਬਾਅਦ ਉਸਨੇ 'ਕੌਨਕੋਰਡ ਕਰੋਮ ਕੰਪਨੀ' ਵਿੱਚ ਕਰੋਮ-ਪਲੇਟਿੰਗ ਅਤੇ 'ਡਾਨਾ' (DANA) ਕੰਪਨੀ ਦੇ 'ਸੀ.ਐੱਨ.ਸੀ.' (ਕੰਪਿਊਟਰ ਨੁਮੈਰੀਕਲ ਕੰਟਰੋਲ) ਵਿਭਾਗ ਵਿੱਚ ਕਈ ਸਾਲ ਕੰਮ ਕੀਤਾ ਜਿੱਥੇ ਕਈ ਤਰ੍ਹਾਂ ਦੇ 'ਰੋਟਰ' (Rotor) ਤਿਆਰ ਕੀਤੇ ਜਾਂਦੇ ਸਨ। ਫਿਰ 'ਮੈਗਨਾ' (Megna) ਕੰਪਨੀ ਵਿੱਚ 2005 ਤੋਂ 2017 ਤੱਕ ਕੰਮ ਕੀਤਾ ਜਿਸ ਵਿੱਚ 'ਹੌਂਡਾ', 'ਟਿਓਟਾ', 'ਨਿਸਾਨ' ਅਤੇ 'ਫੋਰਡ' ਵਰਗੀਆਂ ਨਾਮੀ ਕਾਰਾਂ ਦੇ ਕਈ ਹਿੱਸੇ-ਪੁਰਜ਼ੇ (Parts) ਬਣਾਏ ਜਾਂਦੇ ਸਨ।

2018 ਵਿੱਚ ਉਹ 'ਏਅਰ ਫ਼ਲਾਈਟ ਕੰਪਨੀ' ਵਿੱਚ ਪੱਕੇ ਤੌਰ 'ਤੇ ਟੈਕਸੀ ਡਰਾਈਵਰ ਬਣ ਗਿਆ ਜਿੱਥੇ ਉਹ ਇਸ ਤੋਂ ਪਹਿਲਾਂ ਕਈ ਸਾਲ 'ਪਾਰਟ-ਟਾਈਮ' ਕੰਮ ਕਰਦਾ ਰਿਹਾ ਸੀ। 2020 ਵਿੱਚ ਉਸਨੇ ਆਪਣੀ 'ਮਰਸੀਡੀਜ਼ ਆਟੋ ਵੈਨ' ਖ਼੍ਰੀਦ ਲਈ ਅਤੇ ਇਸ ਨੂੰ ਅਮਰੀਕਾ ਦੀ ਕੰਪਨੀ 'ਐਸਾਪ' (ASAP) ਨਾਲ ਲਗਾ ਲਿਆ। ਉਸ ਕਈ ਸਾਲ ਇਸ ਵੈਨ ਵਿੱਚ ਕਾਰਾਂ ਦੇ ਆਟੋ-ਪਾਰਟਸ ਲੈ ਕੇ ਅਮਰੀਕਾ ਜਾਂਦਾ ਰਿਹਾ। ਪਰ ਬਾਅਦ 2024 ਵਿੱਚ ਇਸ ਕੰਪਨੀ ਦਾ ਕੰਮ ਢਿੱਲਾ ਪੈ ਜਾਣ ਕਾਰਨ 'ਲਿਮੋਜ਼ੀਨ' ਕੰਪਨੀ ਵਿੱਚ ਟੈਕਸੀ ਚਲਾਉਣ ਲੱਗ ਪਿਆ ਜਿੱਥੇ ਉਹ ਹੁਣ ਵੀ ਇਹ ਕੰਮ ਕਰ ਰਿਹਾ ਹੈ।

ਕੈਨੇਡਾ ਆ ਕੇ ਦੌੜਾਂ ਵਿੱਚ ਹਿੱਸਾ ਲੈਣ ਬਾਰੇ ਪੁੱਛਣ 'ਤੇ ਉਸਨੇ ਦੱਸਿਆ ਕਿ 2017 ਵਿੱਚ ਉਹ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦੀ ਪ੍ਰੇਰਨਾ ਨਾਲ ਇਸ ਕਲੱਬ ਦਾ ਮੈਂਬਰ ਬਣਿਆਂ ਅਤੇ ਟੋਰਾਂਟੋ ਵਿੱਚ ਕਰਵਾਈ ਜਾਂਦੇ 'ਸ਼ਕੋਸ਼ੀਆਬੈਂਕ ਵਾਟਰਫਰੰਟ ਮੈਰਾਥਨ' ਈਵੈਂਟ ਵਿੱਚ ਸੱਭ ਤੋਂ ਪਹਿਲਾਂ 2018 ਵਿੱਚ ਉਸਨੇ ਹਾਫ਼-ਮੈਰਾਥਨ ਦੌੜ ਵਿੱਚ ਭਾਗ ਲਿਆ। ਇਸ ਤੋਂ ਪਹਿਲਾਂ ਦੌੜ ਦੇ ਅਭਿਆਸ ਵਜੋਂ ਉਹ ਸ਼ੌਕੀਆ ਤੌਰ 'ਤੇ ਕਦੇ-ਕਦੇ ਦੌੜਦਾ ਸੀ। 2020 ਵਿੱਚ 'ਕਰੋਨਾ-19' ਦੇ ਆਉਣ ਕਰਕੇ ਦੋ ਸਾਲ ਖੇਡਾਂ ਦਾ ਕੋਈ ਵੀ ਈਵੈਂਟ ਨਾ ਹੋ ਸਕਿਆ ਅਤੇ ਫਿਰ 2022, 2023 ਅਤੇ 2024 ਵਿੱਚ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨਾਲ ਉਹ ਇਸਦੇ ਹਾਫ਼-ਮੈਰਾਥਨ ਈਵੈਂਟ ਵਿੱਚ ਲਗਾਤਾਰ ਸ਼ਾਮਲ ਹੁੰਦਾ ਰਿਹਾ।

ਇਸ ਤੋਂ ਇਲਾਵਾ ਧਰਮ ਰੰਧਾਵਾ ਵੱਲੋਂ ਹੋਰ ਦੌੜਾਂ ਵਿੱਚ ਹਿੱਸਾ ਲੈਣ ਦਾ ਵੇਰਵਾ ਇਸ ਪ੍ਰਕਾਰ ਹੈ:

1. 'ਏਅਰਪੋਰਟ ਰਨਵੇਅ ਰਨ' ਵਿੱਚ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨਾਲ ਉਸਨੇ 2018 ਵਿੱਚ ਭਾਗ ਲਿਆ।
2. ਬਰੈਂਪਟਨ ਦੇ ਪ੍ਰੋਫ਼ੈਸਰਜ਼ ਲੇਕ ਕਮਿਊਨਿਟੀ ਸੈਂਟਰ 'ਤੇ ਹੋਣ ਵਾਲੀ 'ਰਨ ਫ਼ਾਰ ਹੋਪ' ਵਿੱਚ ਧਰਮ ਉਸਨੇ 2022 ਵਿੱਚ 10 ਕਿਲੋਮੀਟਰ ਦੌੜ ਵਿੱਚ ਹਿੱਸਾ ਲਿਆ।
3. 'ਮਿਸੀਸਾਗਾ ਰਨ' ਈਵੈਂਟ ਵਿੱਚ ਉਸਨੇ ਹਾਫ਼-ਮੈਰਾਥਨ ਵਿੱਚ ਉਸਨੇ 2024 ਵਿੱਚ ਭਾਗ ਲਿਆ।
4. 'ਜੌਰਜਿਨਾ ਮੈਰਾਥਨ' ਈਵੈਂਟ ਵਿਚ ਉਸਨੇ 2022 ਅਤੇ 2024 ਵਿੱਚ ਦੋ ਵਾਰੀ ਭਾਗ ਲਿਆ।
5. ਪੀਲ ਪੋਲੀਸ ਵੱਲੋਂ ਹਰ ਸਾਲ ਕਰਵਾਈ ਜਾਂਦੀ 'ਰੇਸ ਅਗੇਨਸਟ ਰੇਸਿਜ਼ਮ' ਵਿੱਚ ਉਸਨੇ ਪਹਿਲੀ ਵਾਰ 2024 ਵਿੱਚ ਹਿੱਸਾ ਲਿਆ ਅਤੇ ਇਸ ਵਿੱਚ ਆਪਣੇ ਉਮਰ-ਵਰਗ ਵਿੱਚ ਉਹ ਪਹਿਲੇ ਨੰਬਰ 'ਤੇ ਆਇਆ।
6. 'ਪੀਟਰਬੋਰੋ ਬਟਰਫ਼ਲਾਈ 10 ਕਿਲੋਮੀਟਰ ਰਨ' ਵਿੱਚ ਉਸਨੇ 2024 ਅਤੇ 2025 ਵਿੱਚ ਦੋ ਵਾਰ ਭਾਗ ਲਿਆ। ਇਸ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਦੌੜਾਕਾਂ ਨੂੰ ਪ੍ਰਬੰਧਕਾਂ ਵੱਲੋਂ ਤਿਤਲੀ ਦੀ ਸ਼ਕਲ ਵਾਲੇ ਸ਼ਾਨਦਾਰ ਮੈਡਲਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ।
7. ਲੇਕਸ਼ੋਰ ਦੇ ਕੰਢੇ ਹੋਣ ਵਾਲੀ 5 ਕਿਲੋਮੀਟਰ 'ਬਿੰਗੋ ਗਲੋਬਲ ਰਨ' ਵਿੱਚ ਉਸਨੇ 2024 ਅਤੇ 2025 ਵਿੱਚ ਦੋ ਵਾਰ ਸ਼ਮੂਲੀਅਤ ਕੀਤੀ।
8. ਟੋਰਾਂਟੋ ਵਿੱਚ ਰਾਤ ਨੂੰ ਹੋਣ ਵਾਲੀ 'ਬਰੀਟਾ ਨਾਈਟ ਰਨ' ਵਿੱਚ ਉਹ ਪਹਿਲੀ ਵਾਰ 2025 ਵਿੱਚ ਸ਼ਾਮਲ ਹੋਇਆ।
9. ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਡੇਸ਼ਨ ਵੱਲੋਂ ਪਿਛਲੇ ਕਈ ਸਾਲਾਂ ਤੋਂ ਹਰ ਸਾਲ ਕਰਵਾਏ ਜਾਂਦੇ 'ਇੰਸਪੀਰੇਸ਼ਨਲ ਸਟੈੱਪਸ' ਈਵੈਂਟ ਵਿੱਚ ਉਹ ਦੋ ਵਾਰ 2024 ਅਤੇ 2025 ਵਿੱਚ 10 ਕਿਲੋਮੀਟਰ ਦੌੜਿਆ।
10. ਬਰੈਂਪਟਨ ਵਿੱਚ ਕਰਵਾਈ ਗਈ 'ਬੀ.ਵੀ.ਡੀ. ਹਾਫ਼-ਮੈਰਾਥਨ' ਵਿੱਚ ਉਹ 2025 ਵਿੱਚ ਸ਼ਾਮਲ ਹੋਇਆ।

ਦੌੜਨ ਦੇ ਨਾਲ ਨਾਲ ਧਰਮ ਰੰਧਾਵਾ ਟੀ.ਪੀ.ਏ.ਆਰ. ਕਲੱਬ ਦੇ ਆਪਣੇ ਸਾਥੀਆਂ ਨਾਲ ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਦੇ ਈਵੈਂਟ ਵਿੱਚ ਵੀ ਬੜੇ ਸ਼ੌਕ ਨਾਲ ਹਿੱਸਾ ਲੈਂਦਾ ਹੈ। ਹਲਕੇ-ਫੁਲਕੇ ਅਤੇ ਦੌੜਾਂ ਦੇ ਅਭਿਆਸ ਨਾਲ ਗੱਠੇ ਹੋਏ ਸਰੀਰ ਸਦਕਾ ਉਹ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ 17-18 ਮਿੰਟਾਂ ਵਿੱਚ ਰਵਾਂ-ਰਵੀਂ ਚੜ੍ਹ ਜਾਂਦਾ ਹੈ। ਉਸਨੇ 2018, 2024 ਅਤੇ 2025 ਵਿੱਚ ਤਿੰਨ ਵਾਰ ਪੌੜੀਆਂ ਚੜ੍ਹਨ ਦੇ ਇਸ ਈਵੈਂਟ ਵਿੱਚ ਹਿੱਸਾ ਲਿਆ ਹੈ ਅਤੇ ਪਿਛਲੇ ਸਾਲ 2025 ਵਿੱਚ ਉਹ ਇਹ ਪੌੜੀਆਂ 17 ਮਿੰਟ 35 ਸਕਿੰਟਾਂ ਵਿੱਚ ਚੜ੍ਹਿਆ। ਹੁਣ 2 ਮਈ ਨੂੰ ਹੋਣ ਵਾਲੇ ਇਸ ਈਵੈਂਟ ਲਈ ਉਹ ਇਸਦੀ ਤਿਆਰੀ ਕਰ ਰਿਹਾ ਹੈ। ਆਪਣੀ ਖ਼ੁਰਾਕ ਬਾਰੇ ਗੱਲ ਕਰਦਿਆਂ ਧਰਮ ਰੰਧਾਵਾ ਨੇ ਦੱਸਿਆ ਕਿ ਉਹ ਘਰੇਲੂ ਸਾਦਾ ਖਾਣਾ ਪਸੰਦ ਕਰਦਾ ਹੈ ਜਿਸ ਵਿੱਚ ਦਾਲ, ਸਬਜ਼ੀ, ਸਲਾਦ, ਦਹੀਂ, ਅੰਡੇ ਅਤੇ ਫੁਲਕੇ ਸ਼ਾਮਲ ਹੁੰਦੇ ਹਨ। ਹਫ਼ਤੇ ਇੱਕ-ਦੋ ਵਾਰੀ ਉਹ ਚਿਕਨ ਵੀ ਲੈਂਦਾ ਹੈ ਪਰ ਗੋਟ ਮੀਟ ਭਾਰਾ ਹੋਣ ਕਰਕੇ ਉਸਨੂੰ ਬਹੁਤਾ ਪਸੰਦ ਨਹੀਂ ਹੈ, ਕਿਉਂਕਿ ਇਹ ਜਲਦੀ ਹਜ਼ਮ ਨਹੀਂ ਹੁੰਦਾ। ਦੌੜਨ ਤੋਂ ਇਲਾਵਾ ਕਿਸੇ ਹੋਰ ਸ਼ੁਗਲ ਬਾਰੇ ਪੁੱਛਣ 'ਤੇ ਉਸਨੇ ਦੱਸਿਆ ਕਿ ਗਰਮੀਆਂ ਵਿੱਚ ਘਰ ਦੇ ਬੈਕਯਾਰਡ ਵਿੱਚ ਸਬਜ਼ੀਆਂ ਅਤੇ ਫੁੱਲ-ਬੂਟੇ ਉਗਾਉਣ ਦਾ ਉਸਨੂੰ ਬੜਾ ਸ਼ੌਕ ਹੈ ਅਤੇ ਉਸਦੇ ਨਾਲੋਂ ਵੀ ਵਧੇਰੇ ਇਹ ਸ਼ੌਕ ਉਸਦੀ ਪਤਨੀ ਨੂੰ ਹੈ। ਧਰਮ ਰੰਧਾਵਾ ਤਾਂ ਇਨ੍ਹਾਂ ਦੀ ਪਨੀਰੀ ਲਿਆ ਕੇ ਪਹਿਲਾਂ ਤੋਂ ਬਣੀਆਂ ਹੋਈਆਂ ਕਿਆਰੀਆਂ ਵਿੱਚ ਇਹ ਲਗਾ ਦਿੰਦਾ ਹੈ ਪਰ ਉਸ ਤੋਂ ਬਾਅਦ ਉਨ੍ਹਾਂ ਦੀ ਦੇਖ-ਭਾਲ ਉਸਦੀ ਪਤਨੀ ਹੀ ਕਰਦੀ ਹੈ। ਉਸਦਾ ਕਹਿਣਾ ਹੈ ਕਿ ਘਰ ਵਿੱਚ ਆਪਣੇ ਹੱਥੀਂ ਤਿਆਰ ਕੀਤੀਆਂ ਗਈਆਂ ਔਰਗੈਨਿਕ ਸਬਜ਼ੀਆਂ ਖਾਣ ਦਾ ਆਪਣਾ ਹੀ ਮਜ਼ਾ ਹੈ। ਉਂਜ ਵੀ ਘਰ ਦੇ ਪਿਛਵਾੜੇ ਹਰਿਆਵਲ ਅਤੇ ਫੁੱਲਾਂ-ਬੂਟਿਆਂ ਦੀ ਸਜਾਵਟ ਅੱਖਾਂ ਨੂੰ ਚੰਗੀ ਲੱਗਦੀ ਹੈ।

ਪਰਿਵਾਰਕ ਮੈਂਬਰਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਧਰਮ ਰੰਧਾਵਾ ਨੇ ਦੱਸਿਆ ਕਿ ਉਸਦਾ ਇੱਕ ਬੇਟਾ ਅਤੇ ਦੋ ਬੇਟੀਆਂ ਹਨ। ਬੇਟਾ ਜੋਧ ਸਿੰਘ ਰੰਧਾਵਾ ਡੀਜ਼ਲ ਮਕੈਨਿਕ ਹੈ। ਉਸਨੇ ਆਪਣੀ ਮੋਬਾਈਲ-ਵੈਨ ਬਣਾਈ ਹੋਈ ਹੈ ਅਤੇ ਪਿਕਰਿੰਗ ਵਿੱਚ ਟਰੱਕਾਂ ਦੀ ਇੱਕ ਵਰਕਸ਼ਾਪ ਨਾਲ ਲੱਗਾ ਹੋਇਆ ਹੈ। ਵੱਡੀ ਬੇਟੀ ਪ੍ਰਭਜੋਤ ਰੰਧਾਵਾ ਨੇ ਸਕੂਲੀ ਪੜ੍ਹਾਈ ਪਿੱਛੋਂ ਮੈਡੀਕਲ ਸਾਇੰਸ ਵਿੱਚ ਚਾਰ-ਸਾਲਾ ਡਿਗਰੀ ਕੋਰਸ ਕਰਨ ਤੋਂ ਬਾਅਦ ਇੱਕ ਮੈਡੀਕਲ ਕਲਿਨਿਕ ਵਿੱਚ ਕੰਮ ਕਰ ਰਹੀ ਹੈ। ਛੋਟੀ ਬੇਟੀ ਰਵਿੰਦਰ ਰੰਧਾਵਾ ਨੇ ਸਕੂਲ ਦੀ ਪੜ੍ਹਾਈ ਪਿੱਛੋਂ ਯੌਰਕ ਯੂਨੀਵਰਸਿਟੀ ਤੋਂ ਬੀ.ਐੱਸ.ਸੀ. ਕੀਤੀ ਅਤੇ ਫਿਰ ਉਸ ਤੋਂ ਬਾਅਦ ਅਮਰੀਕਾ ਦੀ ਸ਼ਿਕਾਗੋ ਯੂਨੀਵਰਸਿਟੀ ਤੋਂ ਡਾਕਟਰ ਆਫ਼ ਔਪਟੀਮੀਟਰੀ ਦੀ ਡਿਗਰੀ ਹਾਸਲ ਕੀਤੀ। ਇਸ ਸਮੇਂ ਉਹ ਅੱਖਾਂ ਦੀ ਡਾਕਟਰੀ ਦੇ ਇਸ ਖ਼ੇਤਰ ਵਿੱਚ ਵਿੱਚ ਸੇਵਾ ਕਰ ਰਹੀ ਹੈ।

ਧਰਮ ਸਿੰਘ ਰੰਧਾਵਾ ਦੇ ਤਿੰਨੇ ਬੱਚੇ ਵਿਆਹੇ ਹੋਏ ਹਨ। 63 ਸਾਲ ਦੀ ਉਮਰ ਵਿੱਚ ਧਰਮ ਰੰਧਾਵਾ ਇਸ ਸਮੇਂ 'ਦੋਹਤ-ਪੋਤ' ਵਾਲਾ ਹੈ ਜੋ ਉਹ ਆਪਣੇ ਸਰੀਰ ਦੀ ਇਕਹਿਰੀ ਦਿੱਖ ਤੋਂ ਇੰਜ ਲੱਗਦਾ ਨਹੀਂ ਹੈ। ਉਸਦੀ ਪਤਨੀ ਜਸਬੀਰ ਕੌਰ ਸੋਫ਼ੇ ਬਨਾਉਣ ਦੀ ਇੱਕ ਫ਼ੈਕਟਰੀ ਵਿੱਚ ਸਿਲਾਈ ਦਾ ਕੰਮ ਕਰਦੀ ਹੈ। ਇਹ ਪੁੱਛਣ 'ਤੇ ਪਰਿਵਾਰਕ ਮੈਂਬਰਾਂ ਵੱਲੋਂ ਉਸਨੂੰ ਦੌੜਾਂ ਦੇ ਵੱਖ-ਵੱਖ ਈਵੈਂਟਾਂ ਵਿੱਚ ਸ਼ਾਮਲ ਹੋਣ ਲਈ ਕਿੰਨਾਂ ਕੁ ਸਹਿਯੋਗ ਮਿਲਦਾ ਹੈ, ਧਰਮ ਰੰਧਾਵਾ ਨੇ ਦੱਸਿਆ ਕਿ ਉਸਦੇ ਬੱਚੇ ਤਾਂ ਇਸਨੂੰ ਸਮੇਂ-ਸਮੇਂ ਕਾਫ਼ੀ ਉਤਸ਼ਾਹਿਤ ਕਰਦੇ ਰਹਿੰਦੇ ਹਨ ਪਰ ਪਤਨੀ ਵੱਲੋਂ ਇਸ ਦੇ ਲਈ ਹੁਣ ਓਨਾ ਵਧੀਆ ਹੁੰਗਾਰਾ ਨਹੀਂ ਮਿਲਦਾ। ਉਹ ਤਾਂ ਕਈ ਵਾਰੀ ਕਹਿ ਦਿੰਦੀ ਹੈ, "ਛੱਡੋ ਪਰਾਂ, ਹੁਣ ਇਨ੍ਹਾਂ ਦੌੜਾਂ-ਦੂੜਾਂ ਨੂੰ ਤੇ ਘਰ-ਗ੍ਰਹਿਸਤੀ ਵੱਲ ਧਿਆਨ ਦਿਓ।" ਪਰ ਧਰਮ ਰੰਧਾਵਾ ਆਪਣੀ ਪਤਨੀ ਦੇ ਇਸ 'ਨਾਂਹ-ਪੱਖੀ' ਰਵੱਈਏ ਵੱਲ ਬਹੁਤਾ ਧਿਆਨ ਨਹੀਂ ਦਿੰਦਾ। ਹਾਫ਼-ਮੈਰਾਥਨ ਤਾਂ ਉਹ ਇਸ ਸਮੇਂ ਸਫ਼ਲਤਾ ਪੂਰਵਕ ਲਗਾ ਹੀ ਰਿਹਾ ਹੈ। ਉਸਦਾ ਨਿਸ਼ਾਨਾ ਅੱਗੋਂ 'ਫੁੱਲ-ਮੈਰਾਥਨ' ਵੱਲ ਵੱਧਣ ਦਾ ਹੈ। 'ਟੋਰਾਂਟੋ ਸਕੋਸ਼ੀਆਬੈਂਕ ਵਾਟਰਫਰੰਟ ਮੈਰਾਥਨ' ਅਤੇ 'ਨਿਆਗਰਾ ਫ਼ਾਲਜ਼ ਮੈਰਾਥਨ' ਵਿੱਚ ਹਿੱਸਾ ਲੈ ਕੇ ਅੱਗੋਂ 'ਪ੍ਰੋਫ਼ੈਸ਼ਨਲ ਰਨਿੰਗ' ਵੱਲ ਜਾਣ ਦਾ ਉਸਦਾ ਨਿਸ਼ਾਨਾ ਹੈ। ਉਸਦੇ ਸ਼ੁਭ-ਚਿੰਤਕ ਅਸੀਂ ਸਾਰੇ ਉਸਦੀ ਇਹ ਇੱਛਾ ਪੂਰੀ ਹੋਣ ਦੀ ਪੂਰੀ ਆਸ ਰੱਖਦੇ ਹਾਂ ਅਤੇ ਇਸਦੇ ਲਈ ਉਸਨੂੰ ਆਪਣੇ ਵੱਲੋਂ ਸ਼ੁਭ-ਇੱਛਾਵਾਂ ਦਿੰਦੇ ਹਾਂ।

# ਪੰਜਾਬੀ ਗਾਇਕਾ ਸੁਨੰਦਾ ਸ਼ਰਮਾ ਨੂੰ ਛੂਹਣ ਲਈ ਸਟੇਜ 'ਤੇ ਚੜ੍ਹਿਆ ਨੌਜਵਾਨ



ਪੰਜਾਬੀ ਗਾਇਕ ਸੁਨੰਦਾ ਸ਼ਰਮਾ ਨੇ ਗਾਜ਼ੀਆਬਾਦ 'ਚ ਇਕ ਲਾਈਵ ਸ਼ੋਅ ਨੂੰ ਅੱਧ ਵਿਚਾਲੇ ਹੀ ਰੱਦ ਕਰ ਦਿੱਤਾ ਅਤੇ ਪਰਫਾਰਮੈਂਸ ਛੱਡ ਕੇ ਚਲੀ ਗਈਆਂ। 3 ਅਪ੍ਰੈਲ ਦੀ ਰਾਤ ਆਰ.ਕੇ.ਜੀ.ਆਈ.ਟੀ. ਕਾਲਜ ਵਿੱਚ ਚੱਲ ਰਹੇ ਸ਼ੋਅ ਦੌਰਾਨ ਅਚਾਨਕ ਇੱਕ ਨੌਜਵਾਨ ਸਟੇਜ ਉੱਤੇ ਚੜ੍ਹ ਗਿਆ ਅਤੇ ਉਹ ਗਾਇਕਾ ਨੂੰ ਛੂਹਣ ਦੀ ਕੋਸ਼ਿਸ਼ ਕਰਨ ਲੱਗਾ ਅਤੇ ਉਨ੍ਹਾਂ ਦੇ ਪੈਰਾਂ ਵਿੱਚ ਡਿਗ ਪਿਆ। ਇਸ ਘਟਨਾ ਤੋਂ ਸੁਨੰਦਾ ਸ਼ਰਮਾ ਘਬਰਾ ਗਈ । ਜਿਵੇਂ ਹੀ ਨੌਜਵਾਨ ਨੇ ਉਨ੍ਹਾਂ ਨੂੰ ਛੂਹਿਆ ਉਹ ਜ਼ੋਰ ਨਾਲ ਚੀਕੀ ਅਤੇ ਭੱਜ ਕੇ ਸਟੇਜ ਦੇ ਪਿੱਛੇ ਚਲੀ ਗਈ । ਮਾਈਕ ਆਨ ਹੋਣ ਕਰਕੇ ਉਨ੍ਹਾਂ ਦੀ ਚੀਕਾਂ ਸਾਫ਼ ਸੁਣਾਈ ਦਿੱਤੀਆਂ, ਜਿਸ ਨਾਲ ਮਾਹੌਲ ਅਫ਼ਰਾ-ਤਫ਼ਰੀ ਵਿੱਚ ਬਦਲ ਗਿਆ। ਨੌਜਵਾਨ ਲਗਭਗ 2 ਮਿੰਟ ਤੱਕ ਸਟੇਜ ਉੱਤੇ ਰਿਹਾ ਅਤੇ ਸ਼ਾਹਰੁਖ ਖਾਨ ਦੇ ਸਿਗਨੇਚਰ ਸਟਾਈਲ ਵਿੱਚ ਬਾਹਾਂ ਫੈਲਾਅ ਕੇ ਸਟੂਡੈਂਟਸ ਵੱਲ ਦੇਖਣ ਲੱਗਾ।

ਆਵਾਜ਼ ਸੁਣਦਿਆਂ ਹੀ ਪੁਲਿਸ ਤੁਰੰਤ ਸਟੇਜ ਉੱਤੇ ਪਹੁੰਚ ਗਈ ਅਤੇ ਨੌਜਵਾਨ ਨੂੰ ਉੱਥੋਂ ਹਟਾਇਆ। ਬਾਊਂਸਰਾਂ ਨੇ ਵੀ ਉਸ ਨੂੰ ਫੜ ਕੇ ਸਟੇਜ ਤੋਂ ਹੇਠਾਂ ਉਤਾਰਿਆ ਅਤੇ ਬਾਅਦ ਵਿੱਚ ਪੁਲਿਸ ਦੇ ਹਵਾਲੇ ਕਰ ਦਿੱਤਾ। ਫਿਲਹਾਲ ਗਾਜ਼ੀਆਬਾਦ ਪੁਲਿਸ ਨੇ ਮੁਲਜ਼ਮ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਨੌਜਵਾਨ ਉਸੇ ਕਾਲਜ ਦਾ ਵਿਦਿਆਰਥੀ ਹੈ।

ਇਸ ਘਟਨਾ ਤੋਂ ਬਾਅਦ ਸੁਨੰਦਾ ਇੰਨੀ ਡਰ ਗਈ ਕਿ ਉਹ ਦੁਬਾਰਾ ਸਟੇਜ ਉੱਤੇ ਵਾਪਸ ਨਾ ਆਈ । ਹੇਠਾਂ ਮੌਜੂਦ ਲੋਕ ਉਨ੍ਹਾਂ ਨੂੰ ਵਾਪਸ ਬੁਲਾਉਂਦੇ ਰਹੇ, ਪਰ ਉਨ੍ਹਾਂ ਦੀ ਟੀਮ ਨੇ ਸ਼ੋਅ ਨੂੰ ਵਿਚਕਾਰ ਹੀ ਰੱਦ ਕਰਨ ਦਾ ਫੈਸਲਾ ਲੈ ਲਿਆ। ਸ਼ੋਅ ਰੱਦ ਹੋਣ ਦੇ ਐਲਾਨ ਤੋਂ ਬਾਅਦ ਵਿਦਿਆਰਥੀ ਨਿਰਾਸ਼ ਹੋ ਕੇ ਵਾਪਸ ਪਰਤ ਗਏ।

ਸੁਨੰਦਾ ਨੇ ਜਦੋਂ ਸਟੇਜ ਉੱਤੇ ਆ ਕੇ 2 ਤੋਂ 3 ਗੀਤ ਗਾ ਕੇ ਮਾਹੌਲ ਬਣਾਇਆ ਤਾਂ ਇਸੇ ਦੌਰਾਨ ਸਟੇਜ ਦੇ ਹੇਠਾਂ ਤੋਂ ਲੜਕੇ ਵੀਡੀਓ ਬਣਾਉਣ ਲੱਗੇ ਅਤੇ ਸੈਲਫੀਆਂ ਲੈਣ ਲੱਗੇ । ਸੁਨੰਦਾ ਦਾ ਧਿਆਨ ਗੀਤ ਗਾਉਂਦਿਆਂ ਨਾਲ-ਨਾਲ ਦਰਸ਼ਕਾਂ ਨੂੰ ਗੁਣਗੁਣਾਉਣ ਉੱਤੇ ਸੀ । ਇਸ ਵਿਚਕਾਰ ਇੱਕ ਨੌਜਵਾਨ ਸੁਰੱਖਿਆ ਦੀ ਨਜ਼ਰ ਤੋਂ ਬਚਦਾ ਹੋਇਆ ਸਟੇਜ ਉੱਤੇ ਪਹੁੰਚ ਗਿਆ।

ਸਟੇਜ ਉੱਤੇ ਆਉਂਦਿਆਂ ਹੀ ਨੌਜਵਾਨ ਤੇਜ਼ੀ ਨਾਲ ਸੁਨੰਦਾ ਵੱਲ ਵਧਿਆ ਅਤੇ ਉਨ੍ਹਾਂ ਦੇ ਨੇੜੇ ਪਹੁੰਚ ਗਿਆ। ਨੌਜਵਾਨ ਨੇ ਸੁਨੰਦਾ ਨੂੰ ਛੂਹਣ ਦੀ ਕੋਸ਼ਿਸ਼ ਕੀਤੀ। ਉਹ ਉਨ੍ਹਾਂ ਦੇ ਪੈਰਾਂ ਵੱਲ ਤੇਜ਼ੀ ਨਾਲ ਡਿਗਿਆ, ਜਿਸ ਨਾਲ ਸੁਨੰਦਾ ਡਰ ਗਈ ਅਤੇ ਡਰ ਕੇ ਉਸ ਦੀ ਚੀਕ ਨਿਕਲ ਗਈ। ਸੁਨੰਦਾ ਦੀ ਚੀਕ ਸੁਣਦਿਆਂ ਹੀ ਸੁਰੱਖਿਆ ਅਲਰਟ ਹੋ ਗਈ ਅਤੇ ਘੇਰਾ ਬਣਾ ਕੇ ਗਾਇਕਾ ਨੂੰ ਲੈ ਗਈ।

ਸ਼ੋਅ ਸ਼ੁਰੂ ਹੋਣ ਤੋਂ ਪਹਿਲਾਂ ਸੁਨੰਦਾ ਕਾਫੀ ਐਕਸਾਈਟਡ ਨਜ਼ਰ ਆਈ । ਉਨ੍ਹਾਂ ਨੇ ਖੁਦ ਵੀਡੀਓ ਸ਼ੇਅਰ ਕਰ ਕਿਹਾ ਸੀ ਕਿ ਮੈਂ ਅੱਜ ਗਾਜ਼ੀਆਬਾਦ ਵਿੱਚ ਸ਼ੋਅ ਹੈ । ਇਸ ਤੋਂ ਬਾਅਦ ਉਹ ਸਟੇਜ ਉੱਤੇ ਆਉਣ ਤੋਂ ਬਾਅਦ ਆਖਣ ਲੱਗੀ ਕਿ ਅੱਜ ਮੈਂ ਗਾਜ਼ੀਆਬਾਦ ਵਿੱਚ ਆਈ ਹਾਂ ਅਤੇ ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ ਕਿ ਗਾਜ਼ੀਆਬਾਦ ਵਾਲੇ ਮੇਰੇ ਨਾਲ ਨਾ ਗੁਣਗੁਣਾਉਣ। ਸੁਨੰਦਾ ਨੇ ਕਿਹਾ ਕਿ ਅੱਜ ਦਾ ਸ਼ੋਅ ਨੈਕਸਟ ਲੈਵਲ ਦਾ ਹੋਣ ਵਾਲਾ ਹੈ।






## ...ਮੇਰੇ ਅਨੁਭਵ ਮੇਰੇ ਤਜ਼ਰਬੇ...

# ਜ਼ਰੂਰੀ ਕੀ ਹੈ ਅਪਣੀ ਖ਼ੁਸ਼ੀ ਜਾਂ ਘਰ ਦੀ ਖ਼ੁਸ਼ਹਾਲੀ...??



ਹਾਲਾਤ ਹੀ ਏਸੇ ਨੇ। ਸਮਾਂ ਹੀ ਏਸਾ ਹੈ।ਆਦਮੀ ਨਹੀਂ ਚਾਹੁੰਦੇ ਉਹਨਾਂ ਦੀ ਪਤਨੀ ਤੇ ਕੋਈ ਉਂਗਲ ਚੁੱਕੇ ਤੇ ਔਰਤਾ ਸੋਚਦੀਆਂ ਨੇ ਉਹਨਾਂ ਦੇ ਮਰਦ ਦੀ ਸੋਚ ਛੋਟੀ ਹੈ ਉਹ ਉਸ ਦੀ ਤਰੱਕੀ ਤੋ ਸੜਦਾ ਹੈ। ਗੱਲਾਂ ਬਾਤਾਂ ਬਹੁਤ ਛੋਟੀਆਂ ਨੇ ਪਰ ਅਰਥਾਂ ਪੱਖੋ ਬਹੁਤ ਵੱਡੀਆਂ ਤੇ ਗੰਭੀਰ ਨੇ ਚਿੰਤਾ ਦਾ ਵਿਸ਼ਾ ਨੇ।ਘਰ ਟੁੱਟ ਰਹੇ ਨੇ।ਕਈ ਜ਼ਿੰਦਗੀਆਂ ਬਰਬਾਦ ਹੋ ਰਹੀਆਂ ਨੇ। ਬੱਚਿਆਂ ਦਾ ਬਚਪਨ ਰੁਲ ਰਿਹਾ ਹੈ ਮਾਪਿਆਂ ਦੀ ਖਹਿਬੜ ਬਾਜੀ ਵਿੱਚ।ਹੁਣ ਸਵਾਲ ਇਹ ਪੈਦਾ ਹੁੰਦਾ ਕਿ ਆਖਰ ਕਾਰਨ ਹੈ ਕੀ। ਮੱਹਤਵ ਕਾਂਸ਼ੀ ਹੋਣਾ ਕੋਈ ਬੁਰਾ ਨਹੀਂ ਪਰ ਲੋੜੋ ਵੱਧ ਤਾ ਹਰ ਚੀਜ਼ ਮਾੜੀ ਹੈ ਨਾ। ਹਰ ਚੀਜ਼ ਦੀ ਇੱਕ ਹੱਦ ਹੈ। ਸ਼ਾਇਦ ਮੇਰੇ ਖਿਆਲ ਤੁਹਾਡੇ ਖਿਆਲਾ ਨਾਲ ਮੇਲ ਨਾ ਖਾਣ ਪਰ ਜਰੂਰੀ ਤਾ ਨਹੀਂ ਹਰ ਖੁਆਬ ਸੱਚ ਕੀਤਾ ਜਾਵੇ ਹਰ ਖਿਆਲ ਨੇਪੜੇ ਚਾੜਿਆ ਜਾਵੇ ।ਜਿੱਤਣ ਦੀ ਦੌੜ ਕਈ ਵਾਰੀ ਕਈ ਭਿਆਨਕ ਹਾਦਸਿਆਂ ਨੂੰ ਜਨਮ ਦੇ ਜਾਦੀ ਹੈ ।ਮੱਛੀ ਪੱਥਰ ਚੱਟ ਕੇ ਹੀ ਮੁੜਦੀ ਹੈ ਪਰ ਕੀ ਜਰੂਰੀ ਹੈ ਪੱਥਰ ਚੱਟਣਾ ਜੇ ਪਹਿਲਾਂ ਹੀ ਕੋਈ ਅਗਾਹ ਕਰ ਰਿਹਾ ਸਾਨੂੰ।ਕਈ ਵਾਰੀ ਮਨ ਮਾਰਨਾ ਸਮਝੌਤਾ ਕਰਨਾ, ਪੈਂਦਾ ਹੋਏ ਗੰਭੀਰ ਹਾਲਾਤਾਂ ਨੂੰ ਬਦਲਣ ਲਈ ਜ਼ਰੂਰੀ ਹੁੰਦਾ ਪਰ ਅਸੀਂ ਸਿਰਫ਼ ਖੁਦ ਬਾਰੇ ਸੋਚਦੇ ਹਾ। ਹੁਣ ਸੋਚਣ ਦੀ ਗੱਲ ਤਾ ਇਹ ਹੈ ਕੀ ਮਰਦ ਹਮੇਸ਼ਾ ਹੀ ਗਲਤ ਹੈ ਕੀ ਹਰ ਥਾ ਉਹ ਹੀ ਜ਼ਿੰਮੇਵਾਰ ਹੈ ਔਰਤ ਦੀ ਮਾੜੀ ਦਸ਼ਾ ਲਈ, ਨਹੀਂ ਅਸਲ ਵਿੱਚ ਇਸ ਤਰ੍ਹਾਂ ਹੈ ਨਹੀਂ ਪਰ ਉਸ ਤੇ ਲੇਬਲ ਲਗਾ ਦਿੱਤਾ ਗਿਆ ਹੁਣ ਉਹ ਵੀ ਕੀ ਕਰੇ। ਵਿਸ਼ਾ ਗੰਭੀਰ ਹੈ ਪਰ ਅਸੀਂ ਇਤਨੇ ਮਸਰੂਫ਼ ਹਾ ਸੋਚਣ ਦਾ ਸਮਾਂ ਹੀ ਨਹੀਂ ਕੰਨੋ ਕੱਚੇ ਹੋ ਦੁਨੀਆਂ ਦਾਰਾਂ ਦੇ ਬਣਾਏ ਲੇਬਲਾ ਨਾਲ ਹੀ ਸਤੁੰਸ਼ਟ ਹਾ।ਮਰਦ ਹੈ ਹੀ ਬੁਰਾ ਕਿਉਂ।ਅਪਣੇ ਪਿਤਾ ਵੱਲ ਧਿਆਨ ਮਾਰੋ ਪਿਉ ਦਾਦਾ ਭਰਾ ਕੀ ਸਭ ਇੱਕੋ ਜਿਹੇ ਨਹੀਂ ਨਾ ਫਿਰ ਪਤੀ ਵਿਚਾਰੇ ਦੀਆਂ ਮਜ਼ਬੂਰੀਆਂ ਕਿਉ ਨਹੀ ਸਮਝਦਿਆਂ ਔਰਤਾਂ। ਪਤੀ ਦੁਸ਼ਮਣ ਨਹੀਂ ਹੈ ਤੁਹਾਡਾ।ਉਸ ਦੀ ਸਲਾਹ ਵੀ ਜਰੂਰੀ ਹੈ।ਦੋਸਤ ਸਹੀ ਅਰਥਾਂ ਵਿੱਚ ਉਹੀ ਹੈ। ਪੜਾਈ ਕੀ ਸਿਰਫ਼ ਨੌਕਰੀ ਕਰਨ ਲਈ ਕੀਤੀ ਜਾਂਦੀ ਹੈ ।ਅਗਰ ਪੜੀ ਲਿਖੀ ਔਰਤ ਕੰਮ ਨਹੀਂ ਕਰਦੀ ਭਾਵ ਨੌਕਰੀ ਤਾ ਔਰਤ ਸਮਾਜ ਹੀ ਉਸ ਨੂੰ ਭਾਵ ਘਰ ਰਹਿਣ ਵਾਲੀ ਔਰਤ ਨੂੰ ਅਨਪੜ ਸਮਝ ਰਿਹਾ।ਜੇ ਘਰ ਦੀ ਮਾਲੀ ਹਾਲਤ ਵਧੀਆ ਪਤੀ ਚੰਗਾ ਕਮਾਉਦਾ ਫਿਰ ਨੌਕਰੀ ਜਰੂਰੀ ਨਹੀਂ ਕੀ ਸਿਰਫ ਨੌਕਰੀ ਲਈ ਪੜਾਈ ਕੀਤੀ ਜਾਂਦੀ ਹੈ। ਨਹੀਂ।ਪੜੀ ਲਿਖੀ ਲੜਕੀ ਅਪਣੇ ਬੱਚਿਆਂ ਦੀ ਪਰਵਰਿਸ਼ ਵਧੀਆ ਤਰੀਕੇ ਨਾਲ ਕਰ ਸਕਦੀ ਹੈ ਘਰ ਬੈਠੀ ਹੀ ਘਰ ਨੂੰ ਸੰਭਾਲ ਸਕਦੀ ਹੈ ਵਧੀਆ ਮੈਨੇਜ ਕਰ ਸਕਦੀ ਹੈ।ਪਰ ਅਫਸੋਸ ਅੱਜ ਦੀਆਂ ਧੀਆਂ ਭੈਣਾਂ ਘਰਾਂ ਦੀਆਂ ਜ਼ਿੰਮੇਵਾਰੀਆਂ ਨੌਕਰਾਂ ਸਿਰ ਸੁੱਟ ਤਿਆਰ ਹੋ ਬਾਹਰ ਨੂੰ ਦੌੜਣ ਨੂੰ ਤਰਜੀਹ ਦੇ ਰਹੀਆਂ ਨੇ।ਘਰ ਬਿਰਧ ਤੜਫਦੇ ਨੇ ਇੱਕਲੇ ਪਰ ਉਹ ਧਿਆਨ ਨਹੀਂ ਦੇ ਪਾਉਂਦੀਆਂ ਉਹਨਾਂ ਨੂੰ ਅਪਣੀ ਪਰਾਈਵੈਸੀ ,ਇਡੀਪੈਡਸ ਜ਼ਿਆਦਾ ਜਰੂਰੀ ਹੈ।ਪਤੀ ਜੇ ਰੋਕੇ ਤਾ ਗੱਲ ਕਿੱਥੇ ਦੀ ਕਿੱਥੇ ਪਹੁੰਚ ਦੀ ਹੈ ਮਰਦ ਤੇ ਇਲਜਾਮ ਇਹ ਵੀ ਆ ਜਾਦੈ ਕਿ ਉਹ ਔਰਤ ਨੂੰ ਕਦੀ ਬਰਾਬਰੀ ਦਾ ਹੱਕ ਦੇਣਾ ਹੀ ਨਹੀਂ ਚਾਹੁੰਦਾ ਇੰਝ ਉਸ ਦੇ ਸਵੈਮਾਣ ਦੀ ਹੱਤਕ ਹੈ।ਕੀ ਬੱਚਿਆਂ ਨੂੰ ਨੌਕਰਾਂ ਦੇ ਸਿਰ ਤੇ ਛੱਡ ਖੁਦ ਸੁਰਖ਼ਰੂ ਹੋਣਾ ਸਹੀ ਹੈ।ਕੀ ਬੁੱਢੇ ਮਾਪਿਆਂ ਦਾ ਰੁਲਣਾ ਜਾਇਜ ਹੈ ਕੀ ਏਨਾ ਹਾਲਾਤਾਂ ਚ ਨੌਕਰੀ ਜਰੂਰੀ ਹੈ। ਕਿੰਨੀਆਂ ਵਾਰਦਾਤਾਂ ਅਸੀਂ ਸੁਣਦੇ ਵੇਖਦੇ ਹਾਂ।ਪਰ ਅਸੀਂ ਸਭ ਨਜਰ ਅੰਦਾਜ਼ ਕਰ ਪੱਲਾ ਝਾੜ ਬਹਾਨੇ ਬਣਾ ਅੱਗੇ ਹੋ ਤੁਰਦੇ ਹਾਂ। ਕਿੱਥੋਂ ਤੱਕ ਜਾਇਜ਼ ਹੈ ਇਹ ਇੱਕ ਔਰਤ ਲਈ। ਔਰਤ ਘਰ ਦਾ ਥੰਮ ਹੁੰਦੀ ਏ ਤੇ ਜਦੋਂ ਥੰਮ ਤਿੜਕ ਜਾਣ ਤਾ ਹੌਲੀ ਹੌਲੀ ਛੱਤ ਦਾ ਡਿੱਗਣਾ ਲਾਜਮੀ ਹੂੰਦਾ।ਜਦੋਂ ਲਾਵਾ ਲਈਆ ਜਾਂਦੀਆਂ ਨੇ ਤਾ ਔਰਤ ਪਤੀ ਦੇ ਮਗਰ ਤੁਰਦੀ ਹੈ ਇਸ ਗੱਲ ਨੂੰ ਕਦੀ ਸੋਚਿਆ ਕਿਉਂ।ਇਹ ਤਾ ਆਦਿ ਕਾਲ ਤੋਂ ਜਦੋ ਤੋ ਵਿਆਹ ਪ੍ਰਥਾਵਾ ਬਣੀਆਂ ਉਦੋਂ ਤੋ ਹੀ ਚੱਲਿਆ ਆ ਰਿਹਾ।ਘਰ ਦਾ ਮੁਖੀਆ ਪਤੀ ਜਾ ਮਰਦ ਹੀ ਮੰਨਿਆ ਜਾਦੈ ਤੇ ਉਸ ਨੂੰ ਪਰਮੇਸ਼ਰ ਰੂਪ ਜਾਣ ਉਸ ਦੀ ਆਗਿਆ ਚ ਰਹਿਣਾ ਗ੍ਰਹਿਣੀ ਦਾ ਧਰਮ ਸੀ ।ਇਸ ਦਾ ਮਤਲਬ ਅਧੀਨ ਗੀ ਹਰਗੀਜ ਨਹੀਂ ਸੀ। ਇਹ ਤਾ ਇੱਕ ਨਿਰਮਲ ਭਉ ਹੈ।ਹੰਕਾਰ ਛੱਡ ਅਪਣੀ ਹੱਦਬੰਦੀ ਵਿੱਚ ਰਹਿ ਕੇ ਅਪਣੇ ਫਰਜਾ ਦੀ ਪੂਰਤੀ ਹੈ।ਭਾਵ ਇੱਕ ਐਡਸਟਮੈਂਟ ਮਰਦ ਬਾਹਰ ਦੇ ਸਾਰੇ ਕੰਮ ਸੰਭਾਲਦਾ ਸੀ ਤੇਔਰਤ ਨੂੰ ਸੁਰੂ ਤੋਂ ਹੀ ਘਰ ਦੀ ਜ਼ੁਮੇਵਾਰੀ ਨਿਭਾਉਣ ਨੂੰ ਮਿਲੀ ਸੀ ਕਿਉਂਕਿ ਉਸ ਚ ਮਮਤਾ ਵਿਦਮਾਨ ਜ਼ਿਆਦਾ ਹੁੰਦੀ ਹੈ ਮਰਦ ਦੇ ਮੁਕਾਬਲੇ। ਪਰ ਔਰਤ ਨੂੰ ਜਿੰਨੇ ਅਧੀਕਾਰ ਤੇ ਖੁੱਲ ਜ਼ਿਆਦਾ ਮਿਲੀ ਇਹ ਮੂਲੋਂ ਹੀ ਅਪਣੇ ਪੰਥ ਤੋ ਖੁੰਝ ਗਈ ਹੈ।

ਅੱਗੇ ਜੁਲਮ ਔਰਤ ਤੇ ਹੁੰਦੇ ਸੀ ਹੁਣ ਮਰਦ ਦਾ ਨਿਸਕਾਰ ਹੋ ਰਿਹਾ। ਗੁਜਰਾਤ ਵਿੱਚ ਪੀੜਤ ਮਰਦਾ ਨੇ ਇੱਕ ਐਸੋਸੀਏਸ਼ਨ ਬਣਾਈ ਹੈ ਜਿਸ ਵਿੱਚ ਔਰਤਾਂ ਵੱਲੋਂ ਸਤਾਏ ਸਾਰੇ ਮਰਦ ਸਾਮਿਲ ਨੇ। ਦੁੱਖ ਹੁੰਦਾ ਜਦੋਂ ਇਹੀ ਦੇਵੀ ਅਪਣਾ ਰੂਪ ਗਵਾ ਰਹੀ ਹੈ ਵੇਖ ਕੇ।ਸਾਡੇ ਖਾਣ-ਪੀਣ ਦਾ ਵੀ ਸਾਡੇ ਉੱਤੇ ਸਾਡੇ ਸੁਭਾਅ ਤੇ ਬਹੁਤ ਅਸਰ ਹੋ ਰਿਹਾ। ਜਿਸ ਤਰ੍ਹਾਂ ਦਾ ਅਸੀਂ ਖਾ ਰਹੇ ਹਾ ਉਸ ਤਰ੍ਹਾਂ ਦਾ ਹੀ ਸੁਭਾਅ ਬਣ ਰਿਹਾ। ਔਰਤਾਂ ਹਰ ਤਰ੍ਹਾਂ ਦਾ ਨਸ਼ਾ ਕਰ ਰਹੀਆਂ ਨੇ।ਮਰਦ ਦੇ ਬਰਾਬਰ ਬੈਠ ਹਰ ਨਸ਼ਾ ਕਰ ਰਹੀ ਹੈ॥ਲੋੜ ਹੁਣ ਸੋਚਣ ਦੀ ਹੈ।ਘਰ ਬੈਠਣ ਦਾ ਮਤਲਬ ਹਰਗੀਜ ਕੈਦ ਨਾ ਲਵੋ। ਹਾਂ ਦੁਨੀਆਂ ਰੰਗ ਬਰੰਗੀ ਹੈ ਮੰਨਦੀ ਹਾ ਪਰ ਜਰੂਰੀ ਤਾ ਨਹੀਂ ਹਰ ਰੰਗ ਬੇਰੰਗਾ ਭਾਵ ਕੱਚਾ ਹੀ ਹੋਵੇ ।ਹਰ ਤਰ੍ਹਾਂ ਦੇ ਲੋਗ ਨੇ।ਚੰਗੇ ਮਾੜੇ ਹਰ ਤਰ੍ਹਾਂ ਦੇ। ਘਰ ਨੂੰ ਸੰਭਾਲਣਾ ਵੀ ਜ਼ਰੂਰੀ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਨੂੰ ਦਾਜ ਦੀ ਪਟਾਰੀ ਵਿੱਚ ਕਾਗਜ ਉੱਪਰ ਤਿੰਨ ਭੱਭੇ ਲਿਖ ਕੇ ਦਿੱਤੇ ਸਨ। ਜਿੰਨਾ ਦਾ ਭਾਵ ਸੀ

ਭਲਾ ਜੀ,ਭਾਣਾ ਜੀ,ਭੁੱਲੀ ਜੀ।

ਭਲਾ ਜੀ ਦਾ ਅਰਥ...ਸੱਚਬਚਨ ਭਾਵ ਆਪਸੀ ਰਜ਼ਾਮੰਦੀ ਹਰ ਗੱਲ ਚ

ਭਾਣਾ ਜੀ...ਭਾਵ ਰਜਾ ਚ ਰਹਿਣਾ

ਭੁੱਲੀ ਜੀ ਭਾਵ...ਗਲਤੀ ਨੂੰ ਸਵਿਕਾਰਨਾ

ਅਰਥ ਬਹੁਤ ਡੂੰਘਾਈ ਰੱਖਦੇ ਨੇ।ਇਹੀ ਖੁਸਹਾਲ ਜੀਵਨ ਦਾ ਰਾਜ ਨੇ।

ਗ੍ਰਹਿਸਥ ਜੀਵਨ ਵਿੱਚ ਇਹਨਾਂ ਸ਼ਬਦਾਂ ਦੀ ਬਹੁਤ ਅਹਿਮੀਅਤ ਹੈ ਪਰ ਧੀ ਤਾ ਕੀ ਮਾਪੇ ਵੀ ਭੁੱਲ ਰਹੇ ਨੇ। ਮਾਪਿਆਂ ਦਾ ਇਹ ਕਹਿਣਾ ਕਿ ਤੂੰ ਪੜੀ ਲਿਖੀ ਹੈ ਨੌਕਰੀ ਨਾ ਕਰਨਾ ਤਾ ਕਿੱਲੇ ਨਾਲ ਜਾਨਵਰ ਦੇ ਬੱਝਣ ਵਾਂਗ ਹੈ ਤੂੰ ਜਰੂਰ ਕਰ ਨੌਕਰੀ ਘਰ ਨਹੀਂ ਬਹਿਣਾ।ਘਰ ਲਈ ਨੌਕਰ, ਰੱਖ ਲੈ।ਇਹ ਹੱਲਾਸ਼ੇਰੀ ਘਰਾਂ ਨੂੰ ਵੱਸਣੋ ਵਾਂਝੇ ਕਰ ਰਹੀ ਹੈ।ਸੋ ਲੋੜ ਧਿਆਨ ਦੇਣ ਦੀ ਹੈ ਸਮਝਣ ਦੀ ਹੈ ਜੇ ਬਹੁਤ ਲੋੜ ਹੈ ਘਰ ਨਹੀਂ ਚੱਲ ਰਿਹਾ ਜ਼ਰੂਰੀ ਹੈ ਸਰਦਾ ਹੈ ਨੌਕਰੀ ਕਰਨ ਨਾਲ ਤਾ ਜ਼ਰੂਰ ਕਰੋ ਨਹੀਂ ਤਾ ਪਹਿਲ ਘਰ ਪਰਿਵਾਰ ਨੂੰ ਦਿਉ।ਔਰਤ ਦਾ ਪਹਿਲਾ ਧਰਮ ਇਹੀ ਹੈ।ਘਰ ਪਰਿਵਾਰ ਬੱਚਿਆਂ ਦੀ ਬਜ਼ੁਰਗਾਂ ਦੀ ਦੇਖਭਾਲ।ਸੋਚ ਬਦਲੋ ਨਜ਼ਰੀਆ ਬਦਲੋ ਤੇ ਘਰਾਂ ਨੂੰ ਸਵਰਗ ਬਣਾਉ

Naturedeep Kahlon

# ਅਸੀਂ ਸਿਰਫ਼ ਉਦੋਂ ਹੀ ਹੱਸਦੇ ਹਾਂ ਜਦੋਂ ਕੋਈ ਕਾਰਨ ਸਾਨੂੰ ਹੱਸਣ ਲਈ ਮਜ਼ਬੂਰ ਕਰਦਾ ਹੈ



ਕੋਈ ਚੁਟਕੁਲਾ ਸੁਣਾਇਆ ਜਾਂਦਾ ਹੈ, ਅਤੇ ਤੁਸੀਂ ਹੱਸਦੇ ਹੋ — ਕਿਉਂਕਿ ਚੁਟਕੁਲਾ ਤੁਹਾਡੇ ਅੰਦਰ ਇੱਕ ਤਰ੍ਹਾਂ ਦੀ ਉਤੇਜਨਾ ਪੈਦਾ ਕਰਦਾ ਹੈ। ਚੁਟਕੁਲੇ ਦਾ ਪੂਰਾ ਤੰਤਰ ਇਹ ਹੈ: ਕਹਾਣੀ ਇੱਕ ਦਿਸ਼ਾ ਵਿੱਚ ਚਲਦੀ ਹੈ ਅਤੇ ਅਚਾਨਕ ਇੱਕ ਮੋੜ ਲੈਂਦੀ ਹੈ; ਉਹ ਮੋੜ ਇੰਨਾ ਅਚਾਨਕ, ਇੰਨਾ ਤੇਜ ਹੁੰਦਾ ਹੈ ਕਿ ਤੁਸੀਂ ਉਸਦੀ ਕਲਪਨਾ ਵੀ ਨਹੀਂ ਕਰ ਸਕਦੇ ਸੀ।

ਉਤਸੁਕਤਾ ਵਧ ਜਾਂਦੀ ਹੈ ਅਤੇ ਤੁਸੀਂ ਪੰਚਲਾਈਨ ਦੀ ਉਡੀਕ ਕਰਦੇ ਹੋ। ਅਤੇ ਫਿਰ ਅਚਾਨਕ, ਜਿਸਦੀ ਤੁਸੀਂ ਉਮੀਦ ਕਰ ਰਹੇ ਸੀ ਉਹ ਆਉਂਦਾ ਹੀ ਨਹੀਂ — ਕੁਝ ਬਿਲਕੁਲ ਵੱਖਰਾ, ਕੁਝ ਬਹੁਤ ਹੀ ਬੇਤੁਕਾ ਅਤੇ ਹਾਸੇ ਵਾਲਾ ਸਾਹਮਣੇ ਆਉਂਦਾ ਹੈ, ਜੋ ਤੁਹਾਡੀਆਂ ਉਮੀਦਾਂ ਨੂੰ ਪੂਰਾ ਨਹੀਂ ਕਰਦਾ।

ਚੁਟਕੁਲਾ ਕਦੇ ਤਰਕਸੰਗਤ ਨਹੀਂ ਹੁੰਦਾ। ਜੇਕਰ ਚੁਟਕੁਲਾ ਤਰਕਸੰਗਤ ਹੋਵੇ ਤਾਂ ਉਹ ਆਪਣਾ ਹਾਸਾ ਗੁਆ ਦੇਵੇਗਾ ਕਿਉਂਕਿ ਫਿਰ ਤੁਸੀਂ ਉਸਦਾ ਪਹਿਲਾਂ ਹੀ ਅੰਦਾਜ਼ਾ ਲਗਾ ਲਵੋਗੇ। ਫਿਰ ਤੁਸੀਂ ਚੁਟਕੁਲਾ ਸੁਣਾਏ ਜਾਣ ਤੋਂ ਪਹਿਲਾਂ ਹੀ ਉਸਦੀ ਪੰਚਲਾਈਨ ਤੱਕ ਪਹੁੰਚ ਜਾਓਗੇ — ਕਿਉਂਕਿ ਉਹ ਇੱਕ ਤਰਕ ਜਾਂ ਸਧਾਰਨ ਗਣਿਤ ਵਰਗਾ ਹੋ ਜਾਵੇਗਾ। ਪਰ ਫਿਰ ਉਸ ਵਿੱਚ ਹਾਸਾ ਨਹੀਂ ਰਹੇਗਾ।

ਚੁਟਕੁਲਾ ਅਚਾਨਕ ਮੋੜ ਲੈਂਦਾ ਹੈ— ਇੰਨਾ ਅਚਾਨਕ ਕਿ ਉਸਦਾ ਅੰਦਾਜ਼ਾ ਲਗਾਉਣਾ ਲਗਭਗ ਅਸੰਭਵ ਹੁੰਦਾ ਹੈ। ਉਹ ਇੱਕ ਛਾਲ ਮਾਰਦਾ ਹੈ, ਇੱਕ ਕੁਅਾਂਟਮ ਲੀਪ — ਅਤੇ ਇਹੀ ਕਾਰਨ ਹੈ ਕਿ ਉਹ ਇੰਨਾ ਹਾਸਾ ਪੈਦਾ ਕਰਦਾ ਹੈ।

ਇਹ ਤੁਹਾਨੂੰ ਗੁਦਗੁਦਾਉਣ ਦਾ ਇੱਕ ਸੂਖਮ ਮਨੋਵਿਗਿਆਨਕ ਤਰੀਕਾ ਹੈ।

ਮੈਨੂੰ ਚੁਟਕਲੇ ਸੁਣਾਉਣੇ ਪੈਂਦੇ ਹਨ ਕਿਉਂਕਿ ਮੈਨੂੰ ਡਰ ਹੈ— ਤੁਸੀਂ ਸਾਰੇ ਧਾਰਮਿਕ ਲੋਕ ਹੋ। ਤੁਸੀਂ ਗੰਭੀਰ ਹੋ ਜਾਂਦੇ ਹੋ। ਮੈਨੂੰ ਤੁਹਾਨੂੰ ਗੁਦਗੁਦਾਉਣਾ ਪੈਂਦਾ ਹੈ ਤਾਂ ਜੋ ਕਦੇ-ਕਦੇ ਤੁਸੀਂ ਆਪਣੀ ਧਾਰਮਿਕਤਾ, ਆਪਣੇ ਸਾਰੇ ਦਰਸ਼ਨ, ਸਿਧਾਂਤ, ਪ੍ਰਣਾਲੀਆਂ ਭੁੱਲ ਜਾਓ— ਅਤੇ ਜ਼ਮੀਨ 'ਤੇ ਆ ਡਿੱਗੋ। ਮੈਨੂੰ ਤੁਹਾਨੂੰ ਵਾਰ-ਵਾਰ ਧਰਤੀ 'ਤੇ ਵਾਪਸ ਲਿਆਉਣਾ ਪੈਂਦਾ ਹੈ, ਨਹੀਂ ਤਾਂ ਤੁਸੀਂ ਹੋਰ ਜ਼ਿਆਦਾ ਗੰਭੀਰ ਹੁੰਦੇ ਜਾਓਗੇ ਅਤੇ ਗੰਭੀਰਤਾ ਇੱਕ ਕੈਂਸਰ ਵਾਂਗ ਵਧਣ ਵਾਲੀ ਚੀਜ਼ ਹੈ।

-ਓਸ਼ੋ

# ਕਮਜ਼ੋਰ ਕੌਣ ਹੁੰਦਾ...?

ਉਹ ਪਤੀ ਜੋ ਘਰ ਦੀ ਛੋਟੀ ਮੋਟੀ ਲੜਾਈ ਨੂੰ ਲੈ ਕੇ ਆਪਣੀ ਪਤਨੀ ਨੂੰ ਪੇਕੇ ਤੋਰ ਦੇਵੇ ਤੇ ਨਿੱਕੇ ਬੱਚਿਆਂ ਨੂੰ ਕੋਲ ਰੱਖ ਲਵੇ, ਪਤਨੀ ਦੇ ਕਹਿਣ 'ਤੇ ਵੀ ਨਾਲ ਨਾ ਤੋਰੇ। ਉਹ ਪਤਨੀ ਜੋ ਆਪਣੇ ਸੁੱਖ-ਅਰਾਮ ਦੀ ਜ਼ਿੰਦਗੀ ਲਈ ਆਪਣੇ ਬੱਚਿਆਂ ਦੀ ਜ਼ੁੰਮੇਵਾਰੀ ਕੱਲੇ ਪਤੀ 'ਤੇ ਛੱਡ ਜਾਵੇ। ਉਹ ਮਾਂ ਜੋ ਆਪਣੇ ਤੇ ਪੁੱਤਰ ਦੇ ਪਿਆਰ ਲਈ ਅਸੁਰੱਖਿਅਤ ਮਹਿਸੂਸ ਕਰਦੀ ਹੋਈ ਨੂੰਹ-ਪੁੱਤ ਦੇ ਆਪਸੀ ਰਿਸ਼ਤੇ ਨੂੰ ਖ਼ਰਾਬ ਕਰਨ ਦੀਆ ਕੋਸ਼ਸ਼ਾਂ ਕਰਦੀ ਰਹੇ। ਉਹ ਪਿਤਾ ਜੋ ਕਿਸੇ ਨਿੱਕੀ ਮੋਟੀ ਗੱਲ ਲਈ ਆਪਣੇ ਅਹਿਮ ਖ਼ਾਤਰ ਆਪਣੀ ਵਿਆਹੀ ਬੇਟੀ ਨੂੰ ਘਰ ਬਿਠਾਈ ਰੱਖੇ। ਉਹ ਮਾਪੇ ਜੋ ਆਪਣੇ ਸੁੱਖ ਅਰਾਮ ਵੱਲ ਕੇਂਦਰਤ ਹੋ ਕੇ ਬੱਚਿਆਂ ਦਾ ਧਿਆਨ ਨਾ ਕਰਨ ਤੇ ਹੋਰਾਂ ਨੂੰ ਕਹਿਣ ਕਿ ਅਸੀਂ ਬੱਚਿਆ ਨੂੰ ਅਜ਼ਾਦੀ ਦੇਣ 'ਚ ਵਿਸ਼ਵਾਸ ਰੱਖਦੇ ਹਾਂ। ਉਹ ਮਾਂ-ਪਿਓ ਜੋ ਆਪਣੀ ਬੇਟੀ ਦੀ ਕਮਾਈ ਖੁੱਸ ਜਾਣ ਦੇ ਡਰੋਂ ਉਸਨੂੰ ਅਵਿਵਾਹਿਤ ਰੱਖਣ ਦੇ ਲਈ ਹੋਰ ਬਹਾਨੇ ਘੜਦੇ ਰਹਿਣ। ਉਹ ਸਹੁਰੇ ਜੋ ਆਪਣੀ ਤੀਜੀ ਪੀੜ੍ਹੀ ਨੂੰ ਪਹਿਲ 'ਤੇ ਰੱਖਦੇ ਹੋਏ ਆਪਣੀ ਜਵਾਨ ਵਿਧਵਾ ਨੂੰਹ ਦੇ ਦੂਜੇ ਵਿਆਹ ਦੀ ਕਦੇ ਗੱਲ ਨਾ ਕਰਦੇ ਹੋਣ।

ਅਸਲ 'ਚ ਕਮਜ਼ੋਰ ਹਰ ਉਹ ਇਨਸਾਨ ਹੁੰਦਾ ਜੋ ਆਪਣੀਆਂ ਕਮੀਆਂ, ਬੁਰਾਈਆਂ ਤੇ ਪਰਦਾ ਪਾ ਕੇ ਕਿਸੇ ਦੂਜੇ ਨੂੰ ਮੁਸ਼ਕਲ 'ਚ ਪਾਈ ਰੱਖਦਾ ਏ ਤੇ ਇਸ ਸਭ ਦਾ ਕਿਸੇ ਤੀਜੇ ਤੇ ਦੋਸ਼ ਲਾਈ ਰੱਖਦਾ ਹੋਵੇ ਤੇ ਆਪਣੇ ਆਪ ਨੂੰ ਇਸ ਸਭ ਤੋਂ ਬਾਹਰ ਹੋਣ ਦੇ ਭਰਮ 'ਚ ਰੱਖਦਾ ਹੋਵੇ।

Amitoj Kaur

# ਭਿਆਨਕ ਹੜ੍ਹਾਂ ਨੇ ਬਹੁਤ ਤਬਾਹੀ...



ਸੰਨ 1979 ਵਿੱਚ ਅਸਾਮ ਵਿੱਚ ਆਏ ਭਿਆਨਕ ਹੜ੍ਹਾਂ ਨੇ ਬਹੁਤ ਤਬਾਹੀ ਮਚਾਈ ਸੀ। ਹਰ ਪਾਸੇ ਰੇਤਲੀ ਮਿੱਟੀ ਅਤੇ ਚਿੱਕੜ ਹੀ ਨਜ਼ਰੀਂ ਪੈਂਦਾ ਸੀ। 10ਵੀਂ ਜਮਾਤ ਦੀ ਪ੍ਰੀਖਿਆ ਦੇ ਕੇ ਵਿਹਲਾ ਹੋਇਆ ਜਾਧਵ 'ਮੋਲਾਈ' ਪਾਏਂਗ ਘੁੰਮਦਾ-ਘੁੰਮਦਾ ਬ੍ਰਹਮਪੁੱਤਰ ਨਦੀ ਦੇ ਕੰਡੇ ਅਰੁਣਾ ਸਪੋਰੀ ਟਾਪੂ 'ਤੇ ਪਹੁੰਚਿਆ, ਉਸਨੇ ਦੇਖਿਆ ਕਿ ਉੱਥੇ ਸੈਂਕੜੇ ਹੀ ਸੱਪ ਤੇ ਹੋਰ ਜਲ-ਜੀਵ ਤੜਪ-ਤੜਪ ਕੇ ਮਰ ਰਹੇ ਸਨ ਤੇ ਉਹਨਾਂ ਜੀਵਾਂ ਦੀਆਂ ਲਾਸ਼ਾਂ ਨਾਲ ਸਾਰਾ ਟਾਪੂ ਸ਼ਮਸ਼ਾਨ ਬਣਿਆ ਪਿਆ ਸੀ, ਕਿਤੇ ਵੀ ਪੈਰ ਰੱਖਣ ਲਈ ਥਾਂ ਨਹੀਂ ਸੀ। ਇਸ ਦਰਦਨਾਕ ਸਮੂਹਿਕ ਮੌਤ ਦੇ ਦ੍ਰਿਸ਼ ਨੇ ਜਾਧਵ ਦੇ ਕਿਸ਼ੋਰ ਮਨ ਨੂੰ ਹਿਲਾ ਕੇ ਰੱਖ ਦਿੱਤਾ।

ਪਿੰਡ ਪਹੁੰਚ ਕੇ ਉਸਨੇ ਆਪਣੇ ਵੱਡੇ ਬਜ਼ੁਰਗਾਂ ਨੂੰ ਪੁੱਛਿਆ ਕਿ ਜੇਕਰ ਇਨ੍ਹਾਂ ਸੱਪਾਂ ਵਾਂਗ ਇੱਕ ਦਿਨ ਅਸੀਂ ਵੀ ਮਰ ਗਏ ਤਾਂ ਉਹ ਕੀ ਕਰਨਗੇ? ਉਸਦੀ ਗੱਲ ਸੁਣ ਕੇ ਬਜ਼ੁਰਗ ਹੱਸੇ, ਉਹਨਾਂ ਉਸਦੀ ਗੱਲ ਨੂੰ ਮਜ਼ਾਕ ਹੀ ਸਮਝਿਆ ਪਰ 16 ਸਾਲਾਂ ਦੇ ਜਾਦਵ ਨੇ ਠਾਣ ਲਈ ਕਿ ਉਹ ਬੰਜਰ ਹੋ ਗਏ ਇਸ ਟਾਪੂ ਨੂੰ ਮੁੜ ਹਰਿਆ ਭਰਿਆ ਕਰ ਕੇ ਹੀ ਦਮ ਲਵੇਗਾ।

ਹਜ਼ਾਰਾਂ ਬੇਜਾਨ ਜੀਵਾਂ ਦੀਆਂ ਤੇਜਹੀਨ ਤੇ ਮੁਰਦਾ ਅੱਖਾਂ ਨੇ ਜਾਧਵ ਨੂੰ ਕਈ ਰਾਤਾਂ ਤੱਕ ਸੌਣ ਨਾ ਦਿੱਤਾ। ਉਸਦੇ ਪਿੰਡ ਦੇ ਇੱਕ ਸਿਆਣੇ ਬੰਦੇ ਨੇ ਚਰਚਾ ਕਰਦਿਆਂ ਪਰੇਸ਼ਾਨ ਜਾਧਵ ਨੂੰ ਕਿਹਾ ਕਿ ਜਦੋਂ ਰੁੱਖ ਹੀ ਨਹੀਂ ਉੱਗ ਰਹੇ ਤਾਂ ਨਦੀ ਦੇ ਰੇਤਲੇ ਕੰਢਿਆਂ 'ਤੇ ਜੀਵਾਂ ਨੂੰ ਹੜ੍ਹਾਂ ਵੇਲੇ ਬਚਣ ਲਈ ਆਸਰਾ ਕਿੱਥੇ ਮਿਲੇਗਾ? ਜੰਗਲਾਂ ਤੋਂ ਬਿਨਾਂ ਇਨ੍ਹਾਂ ਨੂੰ ਭੋਜਨ ਕਿੱਥੋਂ ਮਿਲੇਗਾ? ਇਹ ਗੱਲ ਜਾਧਵ ਦੇ ਮਨ 'ਤੇ ਪੱਥਰ ਦੀ ਲਕੀਰ ਵਾਂਗ ਉੱਕਰ ਗਈ ਕਿ ਜਾਨਵਰਾਂ ਨੂੰ ਬਚਾਉਣ ਲਈ ਰੁੱਖ ਲਗਾਉਣੇ ਪੈਣਗੇ। ਅਗਲੇ ਹੀ 50 ਬੀਜ ਅਤੇ 25 ਬਾਂਸ ਦੇ ਦਰੱਖਤਾਂ ਲੈ ਕੇ ਉਹ ਨਦੀ ਦੇ ਰੇਤਲੇ ਕੰਢੇ 'ਤੇ ਲਗਾਉਣ ਲਈ ਨਿਕਲ ਪਿਆ।

ਇਹ ਅੱਜ ਤੋਂ 47 ਸਾਲ ਪਹਿਲਾਂ ਦੀ ਗੱਲ ਹੈ। ਉਹ ਦਿਨ ਸੀ ਅਤੇ ਅੱਜ ਦਾ ਦਿਨ ਹੈ, ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇਨ੍ਹਾਂ 47 ਸਾਲਾਂ ਵਿੱਚ, ਜਾਧਵ ਨੇ ਕੀ ਕਰਾਮਾਤ ਕਰ ਵਖਾਈ ਹੈ, ਉਸਨੇ ਬਿਨਾਂ ਜੰਗਲਾਤ ਮਹਿਕਮੇ ਅਤੇ ਸਰਕਾਰੀ ਸਹਾਇਤਾ ਦੇ 1,360 ਏਕੜ ਤੋਂ ਵੱਧ ਜਗ੍ਹਾ ਵਿੱਚ ਜੰਗਲ ਖੜ੍ਹਾ ਕਰ ਦਿੱਤਾ ਹੈ।

ਕੀ ਤੁਸੀਂ ਭਰੋਸਾ ਕਰੋਗੇ ਕਿ ਇੱਕ ਇੱਕਲੇ ਆਦਮੀ ਦੁਆਰਾ ਲਗਾਏ ਗਏ ਜੰਗਲ ਵਿੱਚ, 5 ਬੰਗਾਲ ਟਾਈਗਰ, 100 ਤੋਂ ਵੱਧ ਹਿਰਨ, ਜੰਗਲੀ ਸੂਰ, 150 ਜੰਗਲੀ ਹਾਥੀਆਂ ਦਾ ਝੁੰਡ, ਇੱਕ ਸਿੰਗ ਵਾਲੇ ਗੈਂਡੇ ਅਤੇ ਹੋਰ ਅਨੇਕਾਂ ਹੀ ਜੰਗਲੀ ਜਾਨਵਰ ਵੱਸ ਰਹੇ ਹਨ, ਹਾਂ ਸੱਚ, ਉਹ ਸੱਪ ਵੀ ਜਿਨ੍ਹਾਂ ਨੇ ਇਸ ਹਿੰਮਤੀ ਨਾਇਕ ਨੂੰ ਜਨਮ ਦਿੱਤਾ।

ਜੰਗਲ ਦਾ ਖੇਤਰਫਲ ਇੰਨਾ ਸੌਖਿਆਂ ਨਹੀਂ ਵਧਿਆ, ਇਹਦੇ ਲਈ ਜਾਦਵ ਆਪਣੀ ਧੁਨ ਵਿੱਚ ਰੋਜ਼ ਸਵੇਰੇ 9 ਵਜੇ ਇੱਕਲਾ ਮੋਢਿਆਂ ਤੇ ਬੂਟਿਆਂ ਵਾਲਾ ਝੋਲਾ ਟੰਗ ਕੇ ਪੰਜ-ਸੱਤ ਕਿਲੋਮੀਟਰ ਸਾਈਕਲ ਚਲਾਉਣ ਤੋਂ ਬਾਅਦ, ਨਦੀ ਪਾਰ ਕਰਕੇ, ਦੂਜੇ ਪਾਸੇ ਬੂਟੇ ਲਗਾ ਕੇ ਫਿਰ ਸ਼ਾਮ ਢਲੇ ਦੁਬਾਰਾ ਨਦੀ ਪਾਰ ਕਰਕੇ ਅਤੇ ਘਰ ਪਹੁੰਚਣ ਲਈ ਪੰਜ-ਸੱਤ ਕਿਲੋਮੀਟਰ ਸਾਈਕਲ ਚਲਾਉਂਦੇ ਰਹੇ ਹਨ। ਉਹ ਇੱਕਲੇ ਹੀ ਬੂਟੇ ਲਗਾਉਂਦੇ, ਉਨ੍ਹਾਂ ਦੀ ਸੰਭਾਲ ਕਰਦੇ ਅਤੇ ਉਨ੍ਹਾਂ ਨੂੰ ਪਾਣੀ ਵੀ ਦਿੰਦੇ। ਉਨ੍ਹਾਂ ਪਿੰਡਾਂ ਵਿੱਚੋਂ ਲਾਲ ਕੀੜੀਆਂ ਵੀ ਇਕੱਠੀਆਂ ਕੀਤੀਆਂ ਅਤੇ ਉਨ੍ਹਾਂ ਨੂੰ ਲਗਾਏ ਜਾ ਰਹੇ ਜੰਗਲ ਵਿਚਲੇ ਸੈਂਡ ਬਾਰ (ਚਿੱਕੜ) ਵਿੱਚ ਛੱਡ ਦਿੱਤਾ।

ਉਨ੍ਹਾਂ ਧਿਆਨ ਰੱਖਿਆ ਕਿ ਲਗਾਏ ਜਾਣ ਵਾਲੇ ਰੁੱਖਾਂ ਵਿੱਚ ਹਰ ਤਰ੍ਹਾਂ ਦੇ ਰੁੱਖ ਹੋਣ ਜਿਵੇਂ ਕਟਹਲ, ਗੁਲਮੋਹਰ, ਅਨਾਨਾਸ, ਬਾਂਸ, ਸਾਲ, ਸਾਗਵਾਨ, ਸੀਤਾਫਲ, ਅੰਬ, ਬੋਹੜ, ਸ਼ਹਿਤੂਤ, ਜਾਮੁਣ, ਆੜੂ ਅਤੇ ਹੋਰ ਅਲੱਗ-ਅਲੱਗ ਔਸ਼ਧੀ ਪੌਦੇ।

ਇਹ ਜੰਗਲ ਅਸਾਮ ਦੇ ਜੋਰਹਾਟ, ਅਸਾਮ ਦੇ ਕੋਕੀਲਾਮੁਖ ਦੇ ਨੇੜੇ ਮਾਜੁਲੀ ਟਾਪੂ 'ਤੇ ਸਥਿਤ ਹੈ, ਅਤੇ ਹੁਣ ਇਸਦਾ ਨਾਮ ਜਾਧਵ 'ਮੋਲਾਈ' ਪਾਏਂਗ ਤੋਂ ਪ੍ਰੇਰਿਤ ਹੋ ਕੇ ਮੋਲਾਈ ਜੰਗਲ ਰੱਖ ਦਿੱਤਾ ਗਿਆ ਹੈ।

ਆਪਣਾ ਪਰਿਵਾਰ ਚਲਾਉਣ ਲਈ ਉਨ੍ਹਾਂ ਨੇ ਗਾਵਾਂ ਤੇ ਬੱਕਰੀਆਂ ਪਾਲੀਆਂ ਹੋਈਆਂ ਹਨ। ਕਈ ਵਾਰ ਸ਼ੇਰਾਂ ਦੁਆਰਾ ਉਨ੍ਹਾਂ ਦੇ ਘਰੇਲੂ ਜਾਨਵਰਾਂ ਨੂੰ ਜੋ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਜ਼ਰੀਆ ਹਨ, ਖਾ ਲਏ ਜਾਣ ਤੋਂ ਬਾਅਦ ਵੀ, ਜੰਗਲੀ ਜਾਨਵਰਾਂ ਲਈ ਉਨ੍ਹਾਂ ਦੀ ਹਮਦਰਦੀ ਬਰਕਰਾਰ ਰਹੀ। ਉਨ੍ਹਾਂ ਦਾ ਕਹਿਣਾ ਸੀ ਕਿ ਸ਼ੇਰਾਂ ਨੇ ਮੇਰਾ ਨੁਕਸਾਨ ਕੀਤਾ ਕਿਉਂਕਿ ਜੰਗਲ ਵਿੱਚ ਉਹ ਆਪਣੀ ਭੁੱਖ ਮਿਟਾਉਣ ਤੋਂ ਅਸਮਰੱਥ ਸਨ। ਤੁਸੀਂ ਜੰਗਲਾਂ ਨੂੰ ਤਬਾਹ ਕਰੋਗੇ ਤਾਂ ਉਹ ਤੁਹਾਨੂੰ ਤਬਾਹ ਕਰਨਗੇ।

ਬਹੁਤ ਹੈਰਾਨੀ ਵਾਲੀ ਅਤੇ ਮੰਦਭਾਗੀ ਗੱਲ ਹੈ ਕਿ ਇਸ ਅਸੰਭਵ ਕੰਮ ਨੂੰ ਸੱਚ ਕਰ ਦਿਖਾਉਣ ਵਾਲੇ ਇਸ ਸਾਧਕ ਤੋਂ ਮਹਿਜ ਪੰਦਰਾਂ ਕੁ ਸਾਲ ਪਹਿਲਾਂ ਤੱਕ ਦੇਸ਼ ਬਿਲਕੁਲ ਅਣਜਾਣ ਸੀ।

ਪਹਿਲੀ ਵਾਰ ਉਹ 2010 ਵਿੱਚ ਰਾਸ਼ਟਰੀ ਪੱਧਰ 'ਤੇ ਸੁਰਖੀਆਂ ਵਿੱਚ ਆਏ ਜਦੋਂ ਵਾਇਲਡ ਫੋਟੋਗ੍ਰਾਫਰ ਅੰਮ੍ਰਿਤ ਨਾਥ ਨੇ ਉਨ੍ਹਾਂ 'ਤੇ ਇੱਕ ਦਸਤਾਵੇਜ਼ੀ ਫਿਲਮ, 'ਠਹਏ ੌਲਓਿ ਢੋਰੲਸਟ' ਬਣਾਈ। ਇਹ ਫਿਲਮ ਦੇਸ਼ ਦੀਆਂ ਨਾਮੀ ਯੂਨੀਵਰਸਿਟੀਆਂ ਵਿੱਚ ਦਿਖਾਈ ਗਈ ਸੀ। ਦੂਜੀ ਫਿਲਮ ਆਰਤੀ ਸ਼੍ਰੀਵਾਸਤਵ ਦੀ 'ਢੋਰੲਸਟਨਿਗ ਲ਼ਿਡੲ' ਹੈ ਜਿਸ ਵਿੱਚ ਜਾਧਵ ਦੇ ਜੀਵਨ ਦੇ ਅਣਛੂਹੇ ਪਹਿਲੂਆਂ ਅਤੇ ਸਮੱਸਿਆਵਾਂ ਨੂੰ ਦਰਸਾਇਆ ਗਿਆ ਹੈ। ਤੀਜੀ ਫਿਲਮ 'ਢੋਰੲਸਟ_ੌਨ' ਸੀ ਜਿਸਨੂੰ ਵਿਦੇਸ਼ਾਂ ਵਿੱਚ ਵੀ ਬਹੁਤ ਪ੍ਰਸ਼ੰਸਾ ਮਿਲੀ। ਉਸ ਤੋਂ ਬਾਅਦ ਅਨੇਕਾਂ ਹੀ ਦਸਤਾਵੇਜ਼ੀ ਫ਼ਿਲਮਾਂ ਉਨ੍ਹਾਂ ਦੇ ਜੀਵਨ ਅਤੇ ਕੰਮ 'ਤੇ ਬਣ ਚੁੱਕੀਆਂ ਹਨ। ਇੱਥੋਂ ਤੱਕ ਕਿ 'ੌਟਿੰਨਓਲ ਘੲੋਗਰੳਪਹਿਚ ਅਤੇ ਸ਼ੋਨੇ ਭਭਛ ੌਰਟਹ ਛਹੳਨਨੲਲ ਵੀ ਉਨ੍ਹਾਂ ਬਾਰੇ ਵਿਸਤਾਰ ਵਿੱਚ ਦਸਤਾਵੇਜ਼ੀ ਫਿਲਮਾਂ ਬਣਾ ਚੁੱਕੇ ਹਨ।

2015 ਮਹਾਮਹਿਮ 'ਰਾਸ਼ਟਪਤੀ' ਵੱਲੋਂ ਦੇਸ਼ ਦੇ ਚੌਥੇ ਸਭ ਤੋਂ ਵੱਡੇ ਨਾਗਰਿਕ ਸਨਮਾਨ 'ਪਦਮ ਸ਼੍ਰੀ' ਨਾਲ ਸਨਮਾਨਿਤ ਹੋਣ ਵਾਲੇ ਜਾਧਵ, ਅਜੇ ਵੀ ਅਸਾਮ ਵਿੱਚ ਬਾਂਸ ਦੀ ਬਣੀ ਇੱਕ ਕਮਰੇ ਤੋਂ ਛੋਟੀ ਜਿਹੀ ਝੌਂਪੜੀ ਵਿੱਚ ਆਪਣੀ ਪੁਰਾਣੀ ਰੁਟੀਨ ਵਿੱਚ ਮਗਨ ਹਨ।

ਤਮਾਮ ਸਰਕਾਰੀ ਯਤਨਾਂ ਅਤੇ ਰੁੱਖ ਲਗਾਉਣ ਦੇ ਨਾਮ 'ਤੇ ਲੱਖਾਂ ਕਰੋੜਾਂ ਰੁਪਏ ਖਰਚ ਕੇ ਪੌਦੇ ਖਰੀਦਣ ਦੇ ਬਾਵਜੂਦ ਵੀ ਜੰਗਲਾਤ ਵਿਭਾਗ ਅਤੇ ਵਾਤਾਵਰਣ ਪ੍ਰੇਮੀ ਸੰਸਥਾਵਾਂ ਉਹ ਮੁਕਾਮ ਹਾਸਲ ਨਹੀਂ ਕਰ ਸਕੀਆਂ ਜੋ ਇੱਕਲੇ ਵਿਅਕਤੀ ਦੀ ਇੱਛਾ ਸ਼ਕਤੀ ਨੇ ਕਰ ਵਖਾਇਆ।

ਵਣ-ਪੁਰਸ਼ ਜਾਧਵ 'ਮੋਲਾਈ' ਪਾਏਂਗ ਦੇ ਜਜ਼ਬੇ ਨੂੰ ਸਲਾਮ

-ਮੀਤ ਅਨਮੋਲ

# ਪ੍ਰੀਤਿ ਸਪਰੂ ਵਾਲੀ "ਯਾਰੀ ਜੱਟ ਦੀ"

## ਮੈਂ ਸ਼ਾਇਦ ਪੰਜ ਵਾਰੀ ਵੇਖੀ ਹੋਣੀ ਏ...



ਤਿੰਨ ਵੇਰ ਅਮ੍ਰਿਤਸਰ ਸਿਨਮੇਂ ਵਿੱਚ ਅਤੇ ਦੋ ਵਾਰ ਵੀ.ਸੀ.ਆਰ ਤੇ..ਸ਼ੀਸ਼ੇ ਮੂਹਰੇ ਆਪਣੀ ਥਾਂ ਮੈਨੂੰ ਹਮੇਸ਼ਾਂ ਓਹੀ ਖਲੋਤੀ ਨਜਰ ਆਉਂਦੀ..!

ਐਸਾ ਜਨੂੰਨ ਕੇ ਵਾਲ਼,ਗੁੱਤ,ਜੁੱਤੀ,ਸੂਟ,ਸਟਾਈਲ,ਬੋਲਣ ਨੱਚਣ ਗਾਉਣ..ਸਾਰਾ ਕੁਝ ਬੱਸ ਉਂਝ ਦਾ ਹੀ ਕਰਿਆ ਕਰਦੀ..!

ਮੈਨੂੰ ਲੱਗਾ ਕੇ ਕਾਲਜ ਦੇ ਫੈਂਸੀ ਡ੍ਰੇਸ ਅਤੇ ਮਿਸ ਨਖਰੇ ਦੇ ਮੁਕਾਬਲੇ ਵਿੱਚ ਮਿਲਿਆ ਪਹਿਲਾ ਇਨਾਮ ਵੀ ਓਸੇ ਦੀ ਰੀਸ ਕਰਕੇ ਹੀ ਜਿੱਤਿਆ ਗਿਆ ਸੀ..!

ਮੇਰੀ ਭੂਆ ਵਿਆਹ ਮਗਰੋਂ ਇੱਕ ਸਾਲ ਦੇ ਅੰਦਰ ਅੰਦਰ ਏਨੀ ਭਾਰੀ ਹੋ ਗਈ ਕੇ ਪਛਾਣ ਵਿੱਚ ਨਾ ਆਇਆ ਕਰੇ..!

ਉਸ ਬਾਰੇ ਹੁੰਦੀ ਖੁਸਰ ਫੁਸਰ ਅਕਸਰ ਕੰਨੀ ਪੈਂਦੀ ਰਹਿੰਦੀ..

ਕਈ ਆਖਦੀਆਂ ਅਖ਼ੇ ਨਿਆਣਾ ਜੰਮਣ ਮਗਰੋਂ ਤੀਵੀਂ ਅਕਸਰ ਹੀ ਭਾਰੀ ਹੋ ਜਾਂਦੀ ਏ..!

ਆਪਣੇ ਬਾਰੇ ਵੀ ਇੰਝ ਸੋਚਦੀ ਰਹਿੰਦੀ..ਕੀ ਮੈਂ ਵੀ ਇੰਝ ਦੀ ਹੀ ਹੋ ਜਾਵਾਂਗੀ?

ਹੁਣ ਹਰ ਪਾਸੇ ਹੁੰਦੀਆਂ ਸਿਫਤਾਂ..ਰੰਗ ਰੂਪ..ਸੁਹੱਪਣ ਨਖਰਾ ਅਦਾਵਾਂ ਬਾਹਰੀ ਦਿੱਖ..ਕੀ ਸਭ ਕੁਝ ਇੱਕ ਸਾਲ ਵਿੱਚ ਹੀ ਖਤਮ ਹੋ ਜਾਵੇਗਾ..!

ਮਨ ਵਿੱਚ ਹਮੇਸ਼ਾਂ ਉਧੇੜ ਬੁਣ ਚੱਲਦੀ ਰਹਿੰਦੀ..ਅੱਬਲ ਤੇ ਛੇਤੀ ਵਿਆਹ ਹੀ ਨਹੀਂ ਕਰਵਾਉਣਾ ਤੇ ਜੇ ਕਰਵਾ ਵੀ ਲਿਆ ਤਾਂ ਨਿਆਣਾ ਨੀ ਕਰਨਾ!

ਜੇ ਕਿਸੇ ਜਿਆਦਾ ਜ਼ੋਰ ਪਾਇਆ ਤਾਂ ਇੱਕ ਮੁੰਡਾ ਜੰਮ ਹੱਥ ਖੜੇ ਕਰ ਦੇਣੇ..!

ਪਰ ਸਾਰਾ ਕੁਝ ਧਰਿਆ ਧਰਾਇਆ ਹੀ ਰਹਿ ਗਿਆ ਤੇ ਪਤਾ ਹੀ ਨਾ ਲੱਗਾ ਜਦੋਂ ਹਸਪਤਾਲ ਪਈ ਨੂੰ ਹੋਸ਼ ਆਇਆ ਤਾਂ ਕੋਲ ਇੱਕ ਨਿੱਕਾ ਜਿਹਾ ਜੀ ਪਿਆ ਸੀ..ਕੋਲ ਫਿਰਦੀ ਨਰਸ ਨੂੰ ਸਵਾਲ ਕੀਤਾ ਮੁੰਡਾ ਕੇ ਕੁੜੀ?

ਉਸਦਾ ਜਵਾਬ ਸੁਣ ਸਾਰੇ ਸੁਫ਼ਨੇ ਢਹਿ ਢੇਰੀ ਹੋ ਗਏ ਲੱਗੇ..ਹੁਣ ਮੁੰਡੇ ਲਈ ਇੱਕ ਚਾਂਸ ਹੋਰ ਲੈਣਾ ਪਊ..ਦੁੱਧ ਚੁੰਗਾਉਣਾ,ਪੋਤੜੇ ਬਦਲਣੇ ਹੋਰ ਵੀ ਕਿੰਨਾ ਕੁਝ...।

ਸ਼ੀਸ਼ੇ ਵਾਲੀ ਸੋਹਣੀ ਜਿਹੀ ਫਿਲਮੀਂ ਪ੍ਰੀਤੀ ਸਪਰੂ ਮੈਨੂੰ ਆਪਣੇ ਆਪ ਤੇ ਹੱਸਦੀ ਹੋਈ ਲੱਗੀ...।

ਮੈਨੂੰ ਆਪਣੇ ਆਪ ਨਾਲ ਨਫਰਤ ਜਿਹੀ ਹੋ ਗਈ..ਉਹ ਰੋਂਦੀ ਤਾਂ ਵੀ ਨਾ ਚੁੱਕਿਆ ਕਰਦੀ..ਯਾਦ ਏ ਜਦੋਂ ਨਰਸਾਂ ਆਖਿਆ ਆਪਣਾ ਦੁੱਧ ਚੁੰਗਾਉਣਾ ਪੈਣਾ..ਤਾਂ ਸਾਫ ਨਾਂਹ ਕਰ ਦਿੱਤੀ! ਇੰਝ ਲੱਗਾ ਕਿਸੇ ਨੇ ਸੁਫਨਿਆਂ ਦੇ ਸਤਵੇਂ ਆਸਮਾਨ ਤੋਂ ਹੇਠਾਂ ਪਟਕ ਦਿੱਤਾ ਹੋਵੇ...!

ਖੈਰ ਸਮਾਂ ਆਪਣੀ ਚਾਲੇ ਤੁਰਦਾ ਗਿਆ..ਮੇਰੇ ਸੁਭਾਅ ਵਿੱਚ ਵੀ ਕਿੰਨਾ ਫਰਕ ਆ ਗਿਆ ਸੀ..ਗੱਲ ਗੱਲ ਤੇ ਗੁੱਸਾ ਆ ਜਾਂਦਾ..ਆਪਣੀ ਮਾਂ ਨਾਲ ਵੀ ਲੜ ਪਿਆ ਕਰਦੀ..ਮੈਨੂੰ ਚੰਗੀ ਥਾਂ ਨਹੀਂ ਵਿਆਹਿਆ...!

ਪਰ ਨਾਲਦਾ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਸੀ..ਰੰਗ ਦਾ ਪੱਕਾ ਜਰੂਰ ਸੀ ਪਰ ਸੁਬਾਹ ਦਾ ਏਦਾਂ ਕੇ ਭਾਵੇਂ ਘਿਓ ਦਾ ਘੜਾ ਵੀ ਕਿਓਂ ਨਾ ਡੁੱਲ ਜਾਵੇ..ਮੱਥੇ ਵੱਟ ਨਾ ਪਾਉਣਾ!

ਮੇਰੀ ਧੀ ਨੇ ਵੀ ਸ਼ਾਇਦ ਮੇਰਾ ਸੁਭਾ ਪਾ ਲਿਆ ਸੀ..ਕਦੇ ਵੀ ਨਾ ਰੋਂਦੀ..ਬਸ ਆਰਾਮ ਨਾਲ ਪਈ ਰਹਿੰਦੀ..ਆਪੇ ਹੱਸ ਪੈਂਦੀ..ਭੁੱਖੀ ਵੀ ਹੁੰਦੀ ਤਾਂ ਵੀ ਚੁੱਪ ਚਾਪ ਮੇਰੇ ਵੱਲ ਵੇਖਦੀ ਰਹਿੰਦੀ..ਅਖੀਰ ਉਸ ਨਾਲ ਮੋਹ ਜਿਹਾ ਪੈਣਾ ਸ਼ੁਰੂ ਹੋ ਗਿਆ!

ਏਨੇ ਵਰ੍ਹਿਆਂ ਮਗਰੋਂ ਜਦੋਂ ਅਮ੍ਰਿਤਸਰ ਇੱਕ ਹੋਟਲ ਵਿੱਚ ਵਿਆਹ ਤੇ ਪ੍ਰੀਤੀ ਸਪਰੂ ਦਿਸ ਪਈ ਤਾਂ ਕੋਈ ਖਾਸ ਹੈਰਾਨੀ ਨਾ ਹੋਈ..ਹੁਣ ਉਸਨੂੰ ਮਿਲਣ ਦੀ ਖਿੱਚ ਜਿਹੀ ਵੀ ਜਾਂਦੀ ਰਹੀ...

ਪਹਿਲੀ ਨਜ਼ਰੇ ਪਛਾਣੀ ਨਾ ਗਈ..ਫ਼ਿਲਮ ਵਿੱਚ ਦਿਸਦੀ ਦੁਨੀਆ ਅਤੇ ਅਸਲ ਜਿੰਦਗੀ ਵਿੱਚ ਕਿੰਨਾ ਫਰਕ ਹੁੰਦਾ..ਅੱਜ ਪਤਾ ਲੱਗਾ..ਸੁਣ ਰਖਿਆ ਸੀ ਕੇ ਕੈਮਰਿਆਂ ਦੀਆਂ ਤਕਨੀਕਾਂ ਨਾਲ ਬੰਦੇ ਨੂੰ ਪਤਲਾ ਵਿਖਾ ਦਿੱਤਾ ਜਾਂਦਾ ਏ..!

ਅਚਾਨਕ ਨਜਰ ਪਈ...

ਮਾਂ ਮਾਸੀਆਂ ਦਾ ਕਿਸੇ ਗਲੋਂ ਹਾਸਾ ਨਹੀਂ ਸੀ ਬੰਦ ਹੋ ਰਿਹਾ...

ਕੋਲ ਗਈ ਤਾਂ ਪਤਾ ਲੱਗਾ ਕੇ ਇੱਕ ਪਰਿਵਾਰ ਮੇਰੇ ਰਿਸ਼ਤੇ ਵੱਲੋਂ ਪੁੱਛਦਾ ਸੀ...

ਮੁੰਡਾ ਬਾਹਰੋਂ ਸੀ ਸ਼ਾਇਦ ਏ..ਜਦੋਂ ਪਤਾ ਲੱਗਾ ਕੇ ਦੋ ਬੱਚਿਆਂ ਦੀ ਮਾਂ ਏ ਤਾਂ ਸ਼ਰਮਿੰਦੇ ਹੋਏ ਮੁੜ ਕਿਧਰੇ ਵੀ ਨਾ ਦਿਸੇ...!

ਅਖੀਰ ਵਿੱਚ ਸਿਰਫ ਏਨੀ ਗੱਲ..

ਅਸਲ ਜਿੰਦਗੀ ਫ਼ਿਲਮਾਂ ਵਾਲੇ ਸਨਸਨੀ ਖੇਜ ਮੋੜਾਂ ਨਾਲੋਂ ਬਹੁਤ ਹੀ ਜਿਆਦਾ ਵੱਖਰੀ ਹੁੰਦੀ ਏ..

ਇਹ ਕਹਾਣੀ ਅੱਗੇ ਜਾ ਕੇ ਕਿਹੜਾ ਰੂਪ ਅਖਤਿਆਰ ਕਰੇਗੀ...।

ਇਹ ਸਭ ਕੁਝ ਇਸ ਗੱਲ ਤੇ ਨਿਰਭਰ ਕਰਦਾ ਏ ਕੇ ਤੁਹਾਡੇ ਲੜ ਲੱਗਾ ਇਨਸਾਨ ਕਿਸ ਬਿਰਤੀ ਦਾ ਮਾਲਕ ਏ..

ਜਾਂ ਤੇ ਉਹ ਤੁਹਾਡੇ ਮੁਤਾਬਿਕ ਢਲ ਜਾਵੇਗਾ ਤੇ ਜਾਂ ਫੇਰ ਤੁਹਾਨੂੰ ਉਸ ਮੁਤਾਬਿਕ ਢਲਣਾ ਪਵੇਗਾ...।

ਮੇਰੀ ਖੁਸ਼ਕਿਸਮਤੀ ਇਹ ਰਹੀ ਕੇ ਅਨੇਕਾਂ ਟੋਇਆਂ ਟਿੱਬਿਆਂ ਦੌਰਾਨ ਵੀ ਹਮੇਸ਼ਾਂ ਅਜਾਦ ਫਿਜ਼ਾ ਵਿੱਚ ਪਰਵਾਜ਼ ਕਰਦੀ ਹੋਈ ਇਸ ਮਰਜੀ ਦੀ ਮਾਲਕ ਤੇ ਕਦੀ ਵੀ ਕਿਸੇ ਤਰਾਂ ਦਾ ਕੋਈ ਪ੍ਰੈਸ਼ਰ ਨਹੀਂ ਪਾਇਆ ਗਿਆ..ਆਪਣੀ ਤੋਰੇ ਤੁਰਦੀ ਗਈ!

ਜਾਂਦਿਆਂ ਜਾਂਦਿਆਂ ਇੱਕ ਹੋਰ ਗੱਲ..

ਜ਼ਰੂਰੀ ਨਹੀਂ ਕੇ ਨਿਆਣੇ ਜੰਮਣ ਤੋਂ ਬਾਅਦ ਬਾਹਰੀ ਸਰੂਪ ਹਮੇਸ਼ਾਂ ਬੇਢੱਬੇ ਹੀ ਹੋ ਜਾਂਦੇ ਹੋਣ..

ਕਈ ਵੇਰ ਤੁਹਾਡੇ ਅੰਦਰੋਂ ਨਿੱਕਲੀਆਂ ਹੱਡ ਮਾਸ ਦੀਆਂ ਇਹ ਖੂਬਸੂਰਤ ਬੋਟੀਆਂ ਤੁਹਾਨੂੰ ਸਰੀਰਕ ਅਤੇ ਮਾਨਸਿਕ ਦੋਹਾਂ ਰੂਪਾਂ ਵਿੱਚ ਅਗੇ ਨਾਲੋਂ ਹੋਰ ਵੀ ਮਜਬੂਤ ਅਤੇ ਖੂਬਸੂਰਤ ਬਣਾ ਦਿੰਦੀਆਂ ਨੇ..!

ਸੋ ਦੋਸਤੋ ਚਾਹੇ ਕਿਸੇ ਰੂਪ ਵਿੱਚ ਵੀ ਹੋਵੋ..ਆਪਣੇ ਆਪ ਨਾਲ ਪਿਆਰ ਕਰਨਾ ਸਿੱਖੋ..ਫੇਰ ਕਿਸੇ ਐਰੇ ਗੈਰੇ ਦੀ ਹਿੰਮਤ ਨਹੀਂ ਕੇ ਤੁਹਾਡੇ ਤੇ ਕਿੰਤੂ-ਪ੍ਰੰਤੂ ਕਰ ਸਕੇ!



ਹਰਪ੍ਰੀਤ ਸਿੰਘ ਜਵੰਦਾ

# ਮੇਰੇ ਜੁੱਤੇ...



ਕਿੰਨੇ ਹੀ ਦਿਨਾਂ ਤੋਂ ਇੰਤਜ਼ਾਰ ਕਰ ਰਿਹਾ ਸਾਂ ਉਹਨਾਂ ਦੇ ਫੋਨ ਦਾ ਅਤੇ ਜਦੋਂ ਇੰਟਰਵਿਊ ਲਈ ਫੋਨ ਆਇਆ ਤਾਂ ਕਿਤੇ ਜਾ ਕੇ ਸੁੱਖ ਦਾ ਸਾਹ ਮਿਲਿਆ ਪਰ ਇੰਟਰਵਿਊ ਦਾ ਸਮਾਂ ਅਗਲੇ ਦਿਨ ਦਾ ਮਿਲਿਆ ਇਹੀ ਗੱਲ ਨੇ ਮੈਨੂੰ ਥੋੜੀ ਜਿਹੀ ਪਰੇਸ਼ਾਨੀ ਵਿੱਚ ਪਾ ਦਿੱਤਾ ..

ਹੁਣ ਪਹਿਲਾਂ ਤਾਂ ਇਹ ਸੋਚ ਸੀ ਕਿ ਕੱਲ੍ਹ ਨੂੰ ਕਿਹੜੇ ਕੱਪੜੇ ਪਹਿਨ ਕੇ ਜਾਵਾਂ ..ਕਿਉਂਕਿ ਗਿਣਵੇਂ ਜਿਹਾ ਹੀ ਸਮਾਨ ਸੀ ਮੇਰੇ ਕੋਲ ਤਾਂ..ਜੋ ਹੱਥ ਵਿੱਚ ਆਇਆ ਉਸਨੂੰ ਪ੍ਰੈਸ ਕਰਕੇ ਰੱਖ ਦਿੱਤਾ ਅਤੇ ਯਾਦ ਆਇਆ ਫਿਰ ਪੈਰਾਂ ਦਾ ..ਕਿ ਬੂਟ ਤਾਂ ਕਾਫੀ ਪੁਰਾਣੇ ਹੋ ਗਏ ਨੇ ਅਤੇ ਉਹਨਾਂ ਨੂੰ ਜਦੋਂ ਅਲਮਾਰੀ ਵਿਚੋਂ ਕੱਢ ਕੇ ਸਾਫ ਕਰ ਰਿਹਾ ਸੀ ..ਤਾਂ ਉਹ ਸਮਾਂ ਯਾਦ ਆ ਗਿਆ ਜਦੋਂ ਇਹਨਾਂ ਨੂੰ ਪਹਿਲੀ ਵਾਰ ਪਹਿਨਿਆ ਸੀ..ਸ਼ਾਇਦ ਲਗਭਗ ਤਿੰਨ ਵਰ੍ਹੇ ਹੋ ਗਏ ..

ਮੇਰੇ ਭੂਰੇ ਰੰਗ ਦੇ ਬੂਟ ..ਬਾਪੂ ਪਤਾ ਨਹੀਂ ਕਿਧਰੋਂ ਖਰੀਦ ਕੇ ਲਿਆਇਆ ਸੀ ਇੰਨੇ ਸੋਹਣੇ ਬੂਟ.....ਹਰ ਵਾਰ ਸੋਚਣਾ ਕਿ ਇਕ ਹੋਰ ਜੋੜੀ ਲੈ ਲਵਾਂਗਾ ਪਰ ਘਰ ਦੇ ਖਰਚਿਆਂ ਵਿੱਚ ਵਾਰੀ ਹੀ ਨਹੀਂ ਆਈ ਪਰ ਸ਼ੁਕਰ ਹੈ ਕਦੇ ਇਹਨਾਂ ਨੇ ਮੇਰਾ ਸਾਥ ਨਹੀਂ ਛੱਡਿਆ ਸੀ..ਅਗਰ ਰੱਬ ਨੇ ਚਾਹਿਆ ਤਾਂ ਕੱਲ੍ਹ ਵਾਲੀ ਨੌਕਰੀ ਮੈਨੂੰ ਮਿਲ ਜਾਊਗੀ ਤਾਂ ਮੈਂ ਵੀ ਬਾਪੂ ਦਾ ਹੱਥ ਵਟਾ ਲਊਂ ..ਅਤੇ ਇਕ ਜੋੜੀ ਜੁੱਤੀਆਂ ਦੀ ਵੀ ਲੈ ਲਵਾਂਗਾ.... ਸਾਫ ਤਾਂ ਹੋ ਗਏ ਹੁਣ ਪਾ ਕੇ ਵੇਖਦਾ ਕਿੰਝ ਲੱਗਦੇ ਨੇ...

ਜਦੋਂ ਪੈਰ ਵਿੱਚ ਜੁੱਤੀ ਪਾਈ ਤਾਂ ਸੱਜੇ ਪੈਰ ਦਾ ਅੰਗੂਠਾ ਬਾਹਰ ਨਿਕਲ ਆਇਆ ..ਸਾਰੀ ਹੀ ਸਿਲਾਈ ਖਰਾਬ ਹੋ ਚੁੱਕੀ ਸੀ ਤੇ ਇੰਨੀ ਰਾਤ ਨੂੰ ਨਾ ਹੀ ਕੋਈ ਮੋਚੀ ਨੇ ਮਿਲਣਾ ਸੀ ..ਮੈਂ ਕਿਹਾ ਕੀ ਗੱਲ ਭੂਰਿਆ? ਆਪਾਂ ਤਾਂ ਇੰਨੀਆਂ ਵਾਟਾਂ ਤਹਿ ਕੀਤੀਆਂ ਨੇ.. ਮੈਂ ਕਿਸੇ ਖਾਸ ਮੌਕੇ ਤੇਰੇ ਨਾਲ ਹੀ ਤੁਰਿਆ..ਅਤੇ ਹੱਸ ਪਿਆ ਕਿ ਕੱਲ੍ਹ ਵੇਖ ਲਵਾਂਗਾ ..ਸਵੇਰੇ-ਸਵੇਰੇ ਮੋਚੀ ਤੋਂ ਠੀਕ ਕਰਵਾ ਆਪਣੇ ਰਾਹ ਵੱਲ ਨੂੰ ਤੁਰ ਪਵਾਂਗਾ। ਅਗਲੇ ਦਿਨ ਕਿੰਨੀ ਹੀ ਦੇਰ ਮੋਚੀ ਨੂੰ ਵੇਖਦਾ ਰਿਹਾ ਪਰ ਜਦੋਂ ਤੱਕ ਉਹਨੇ ਆਉਣਾ ਸੀ ...

ਮੇਰਾ ਇੰਟਰਵਿਊ ਲਈ ਪਹੁੰਚਣਾ ਜਰੂਰੀ ਸੀ..ਰੱਬ ਦਾ ਨਾਮ ਲੈ ਮੈਂ ਆਪਣੇ ਰਾਹ ਵੱਲ ਨੂੰ ਤੁਰ ਪਿਆ। ਮੇਰੀ ਮਿਹਨਤ ਦਾ ਫਲ ਮਿਲਿਆ ਅਤੇ ਮੇਰੇ ਪਹਿਨਾਵੇ ਨੂੰ ਵੇਖਣ ਬਜਾਏ ਉਹਨਾਂ ਮੇਰੇ ਗਿਆਨ ਦਾ ਮੁੱਲ ਪਾਇਆ। ਆਉਂਦੇ ਹੋਇਆ ਮੈਂ ਆਪਣੇ ਭੂਰੇ ਨੂੰ ਸਿਲਾਈ ਕਰਵਾਈ ਅਤੇ ਆਖਿਆ ਹੁਣ ਤੂੰ ਠੀਕ ਹੀ ਰਹੀ ਅਜੇ ਤੇਰੀ ਬਹੁਤ ਜਰੂਰਤ ਹੈ ਬਾਅਦ ਵਿੱਚ ਇਕ ਹੋਰ ਜੋੜਾ ਲਵਾਂਗਾ ਪਰ ਤੂੰ ਅੱਧ ਵਿਚਕਾਰ ਸਾਥ ਨਾ ਛੱਡੀ।ਮਾਲਕ ਦੀ ਕਿਰਪਾ ਨਾਲ ਮਹੀਨਾ ਸੋਹਣਾ ਲੰਘ ਗਿਆ ਅਤੇ ਪਹਿਲੀ ਤਨਖਾਹ ਵੀ ਮਿਲ ਗਈ...ਸੋਚਿਆ ਘਰ ਆਉਂਦਿਆਂ ਇਕ ਜੁੱਤੀਆਂ ਦਾ ਜੋੜਾ ਖਰੀਦਦਾ ਜਾਵਾਂਗਾ ।

ਘਰ ਵਾਪਸੀ ਆਉਂਦਿਆਂ ਬੱਸ ਖਰਾਬ ਹੋ ਗਈ ਅਤੇ ਪੰਦਰਾਂ ਵੀਹ ਕੁ ਮਿੰਟਾਂ ਦਾ ਰਾਹ ਲਈ ਮੈਂ ਪੈਦਲ ਚੱਲਣ ਦਾ ਹੀ ਸੋਚਿਆ ਕਿ ਜੁੱਤੀਆਂ ਦੀ ਦੁਕਾਨ ਕੋਲ ਹੀ ਹੈ ....ਸੜਕ ਪਾਰ ਹੀ ਕਰਨ ਲੱਗਾ ਸੀ ਕਿ ਅਚਾਨਕ ਕੁਝ ਪੈਰ ਦੇ ਵਿੱਚ ਚੁੱਭ ਗਿਆ ..ਨੇੜੇ ਹੀ ਪੌੜੀਆਂ ਵੇਖ ਮੈਂ ਬੈਠ ਗਿਆ ਅਤੇ ਆਪਣੇ ਪੈਰਾਂ ਤੋਂ ਭੂਰੇ ਨੂੰ ਉਤਾਰਿਆ ਅਤੇ ਆਖਿਆ ਕੀ ਗੱਲ ਭੂਰੇ ਉਹ ਸਾਹਮਣੇ ਤੱਕ ਤਾਂ ਜਾਣਾ ਸੀ ਇੱਥੇ ਕਿਉਂ ਰੁਕਵਾਇਆ? ਇੰਨੇ ਨੂੰ ਨਾਲ ਪੌੜੀਆਂ 'ਤੇ ਬੈਠੇ ਮੁੰਡੇ ਨੇ ਪੁੱਛਿਆ,"ਕੀ ਹੋਇਆ ਵੀਰ ਜੀ?" ਮੈਂ ਜਦੋਂ ਉਸ ਵੱਲ ਤੱਕਿਆ ਤਾਂ ਉਹ ਕਿਤਾਬਾਂ ਹੱਥ ਵਿੱਚ ਫੜ੍ਹੀ ਬੈਠਾ ਸੀ।

ਮੈਂ ਆਖਿਆ," ਕੁਝ ਨਹੀਂ ਨਿੱਕੇ ਬਸ ਮੇਰੇ ਭੂਰੇ ਮਤਲਬ ..ਮੇਰੇ ਜੁੱਤੇ ..ਸਾਥ ਜਿਹਾ ਛੱਡਣ ਨੂੰ ਆਖਦੇ ..ਪਰ ਵੇਖੀ ਮੈਂ ਇਹਨਾਂ ਨੂੰ ਇੰਝ ਕਰਨ ਨਹੀਂ ਦੇਣਾ ..ਆਖਰ ਮੇਰੇ ਬਾਪੂ ਜੀ ਨੇ ਦਿੱਤੇ ਸੀ ਮੈਨੂੰ ਜਨਮਦਿਨ 'ਤੇ " । ਮੇਰੀ ਗੱਲ ਸੁਣ ਉਹ ਥੋੜ੍ਹਾ ਜਿਹਾ ਭਾਵੁਕ ਜਿਹਾ ਹੋ ਗਿਆ ਅਤੇ ਆਖਣ ਲੱਗਾ,"ਬਿਲਕੁਲ ਵੀਰੇ,ਜਿਵੇਂ ਮੈਂ ਆਪਣੇ ਜੁੱਤਿਆਂ ਦਾ ਸਾਥ ਨਹੀਂ ਛੱਡਿਆ "।

ਉਹ ਖੜ੍ਹਾ ਹੋ ਕੇ ਆਪਣੇ ਜੁੱਤੇ ਵਿਖਾਉਣ ਲੱਗ ਪਿਆ.. ਉਸਦੇ ਇਕ ਪੈਰ ਦੇ ਜੁੱਤੇ ਦਾ ਤਲਾ ਸਾਰਾ ਅਲੱਗ ਹੋਇਆ ਪਿਆ ਸੀ ਅਤੇ ਮੈਨੂੰ ਉਹਦੀਆਂ ਪੈਰਾਂ ਦੀਆਂ ਉਂਗਲਾਂ ਵਿਖਾਈ ਦੇ ਰਹੀਆਂ ਸਨ ..ਇਉਂ ਜਾਪਦਾ ਸੀ ਕਿ ਕਿਸੇ ਸਮੇਂ ਉਹਨਾਂ ਦਾ ਰੰਗ ਕਾਲਾ ਹੋਵੇਗਾ ..ਜੋ ਹੁਣ ਤੱਕ ਸਲੇਟੀ ਰੰਗ ਦੇ ਹੋ ਚੁੱਕੇ ਸਨ। ਆਪਣੇ ਪੈਰਾਂ ਵਿਚੋਂ ਖੁੱਭੀ ਉਸ ਸੂਲ ਨੂੰ ਕੱਢਦੇ ਹੋਏ ਮੈਂ ਉਸ ਬਾਰੇ ਜਾਨਣ ਦੀ ਕੋਸ਼ਿਸ਼ ਕਰ ਰਿਹਾ ਸੀ।

ਉਸਨੇ ਆਖਿਆ ਮੈਂ ਇਥੇ ਨਾਲਦੇ ਸਕੂਲ ਵਿੱਚ ਹੀ ਸੱਤਵੀਂ ਜਮਾਤ ਵਿੱਚ ਪੜ੍ਹਦਾ ਸੀ.. ਬਾਪੂ ਜੀ ਤਿੰਨ ਸਾਲ ਪਹਿਲਾਂ ਹੀ ਗੁਜਰ ਗਏ ..ਮਾਂ ਘਰਾਂ ਦੇ ਨਿੱਕੇ ਮੋਟੇ ਕੰਮ ਕਰ ਸਾਡੇ ਘਰ ਦਾ ਖਰਚਾ ਚਲਾਉਂਦੀ ਹੈ... ਦੋ ਭੈਣਾਂ ਦਾ ਮੈਂ ਇਕਲੌਤਾ ਭਰਾ ਹਾਂ...ਇਸ ਵਾਰ ਫੀਸ ਦਾ ਇੰਤਜ਼ਾਮ ਨਹੀਂ ਹੋ ਪਾਇਆ ਤਾਂ ਮੈਂ ਲੋਕਾਂ ਦੇ ਘਰ ਜਾ ਕੇ ਬੱਚਿਆਂ ਨੂੰ ਟਿਊਸ਼ਨ ਦੇ ਰਿਹਾ। ਉਹਦੀਆਂ ਗੱਲ੍ਹਾਂ ਸੁਣ ਮੈਂ ਹੈਰਾਨ ਜਿਹਾ ਰਹਿ ਗਿਆ... ਮੈਂ ਉਹਦੇ ਪੈਰਾਂ ਨੂੰ ਚੁੱਕ ਆਪਣੇ ਹੱਥਾਂ ਨਾਲ ਉਸਦਾ ਨਾਪ ਲੈ ਲਿਆ ....ਸਾਹਮਣੇ ਵਾਲੀ ਦੁਕਾਨ ਤੋਂ ਉਸ ਲਈ ਜੁੱਤੀਆਂ ਦੀ ਜੋੜੀ ਲੈ ਆਇਆ ..ਅਤੇ ਜਦੋਂ ਦੇਣ ਲਈ ਹੱਥ ਵਧਾਇਆ ਤਾਂ ਉਸਨੇ ਲੈਣ ਤੋਂ ਸਾਫ ਇਨਕਾਰ ਕਰਦੇ ਹੋਏ ਆਖਿਆ ਕਿ ਬਾਪੂ ਨੇ ਮੁਫਤ ਦੀ ਚੀਜ਼ਾਂ ਲੈਣ ਤੋਂ ਮਨਾਹੀ ਕੀਤੀ ਸੀ।

ਮੈਂ ਉਹਦੇ ਜਜ਼ਬੇ ਤੋਂ ਬਹੁਤ ਹੈਰਾਨ ਸੀ..ਫਿਰ ਮੈਂ ਇਹ ਆਖਿਆ," ਅਗਰ ਮੈਂ ਤੇਰੀ ਇਕ ਪ੍ਰੀਖਿਆ ਲਵਾਂ, ਤਾਂ ਕੀ ਮੈਂ ਤੈਨੂੰ ਇਹ ਇਨਾਮ ਵਜੋਂ ਦੇ ਸਕਦਾ? ਕਿਉਂਕਿ ਫਿਰ ਤਾਂ ਇਹ ਤੇਰੀ ਮਿਹਨਤ ਦਾ ਫਲ ਹੋਵੇਗਾ।" ਇਹ ਸੁਣ ਉਹਨੇ ਵੀ ਸਹਿਮਤੀ ਪ੍ਰਗਟਾਈ। ਨਿਯਮ ਅਨੁਸਾਰ ਮੈਂ ਦਸ ਪ੍ਰਸ਼ਨ ਪੁੱਛਣੇ ਸੀ ਅਤੇ ਆਖਿਆ ਜੇਕਰ ਕੋਈ ਸੱਤ ਸਹੀ ਹੋਣਗੇ ਤਾਂ ਇਹ ਜੁੱਤੇ ਤੇਰੇ। ਮੈਂ ਇੱਕ ਇੱਕ ਕਰਕੇ ਪ੍ਰਸ਼ਨ ਪੁੱਛਦਾ ਗਿਆ ਅਤੇ ਉਹ ਉੱਤਰ ..ਕੁੱਲ ਨੌ ਪ੍ਰਸ਼ਨਾਂ ਦੇ ਉੱਤਰ ਉਸਨੇ ਸਹੀ ਦਿੱਤੇ..ਉਹਨੂੰ ਜੇਤੂ ਆਖ ਜਦੋਂ ਮੈਂ ਉਸਨੂੰ ਉਹਦਾ ਇਨਾਮ ਦਿੱਤਾ ਤਾਂ ਉਹ ਬਹੁਤ ਖੁਸ਼ ਹੋਇਆ ...ਅਤੇ ਮੈਂ ਆਪਣੇ ਭੂਰੇ ਨਾਲ ਘਰ ਵੱਲ ਨੂੰ ਤੁਰ ਪਿਆ।

ਗੁਰਦੀਪ ਕੌਰ

# -ਫਿੱਕੀ ਜ਼ਿੰਦਗੀ 'ਚ ਰੰਗ-



ਵਹੁਟੀ ਦੇ ਜ਼ੋਰ ਪਾਣ 'ਤੇ ਸਰਪੰਚ ਸ਼ਿੰਗਾਰਾ ਸਿਉਂ ਨੇ ਬੀਬੀ ਨਾਮੋ ਦਾ ਬੂਹਾ ਆ ਖੜਕਾਇਆ ਤੇ ਆਪਣੀ ਨੇਕ ਸਲਾਹ ਉਹਦੇ ਅੱਗੇ ਰੱਖੀ।

" ਬੇਬੇ! ਤੇਰੀ ਬਹੂ ਮਿੰਦਰ ਨੂੰ ਨਵੀਂ ਖੁੱਲ੍ਹੀ ਆਂਗਨਵਾੜੀ 'ਚ ਹੈਲਪਰ ਨਾ ਰੱਖਵਾ ਦੇਈਏ?"

"ਲੈ ਪੁੱਤ ਹੋਰ ਕੀ ਚਾਹੀਦਾ। ਅੰਨਾ ਕੀ ਭਾਲੇ ਦੋ ਅੱਖਾਂ। ਮਾੜੀ ਮੋਟੀ ਸਲਾਈ ਕਰਦੀ ਉਹਦੇ ਨਾਲ ਤਾਂ ਦਾਲ ਸਬਜੀ-ਦਾਲ ਹੀ ਮਸਾਂ ਆਂਦੀ"

ਮਾਂ-ਪਿਓ ਬਾਹਰੀ ਮਿੰਦਰ ਨੇ 10ਵੀਂ ਕੀਤੀ ਤਾਂ 5 ਸਾਲ ਪਹਿਲਾਂ ਇਸ ਪਿੰਡ 'ਚ ਵਿਆਹੀ ਆਈ ਸੀ। ਸ਼ੈਲ ਛਬੀਲਾ ਸੀ ਛਿੰਦਾ ਇਹਦਾ ਘਰ ਵਾਲਾ। ਉਹਨੇ 12 ਪੜ੍ਹਕੇ ਬਿਜਲੀ ਦਾ ਕੋਰਸ ਕਰ ਲਿਆ ਸੀ ।ਨੌਕਰੀ ਨਾ ਮਿਲਣ ਕਰਕੇ ਠੇਕੇਦਾਰ ਨਾਲ ਨਵੇਂ ਘਰਾਂ 'ਚ ਫਿਟਿੰਗ ਦਾ ਕੰਮ ਕਰਦਾ ਸੀ। ਉਂਜ ਵੀਂ ਇਧਰ-ਉਧਰ ਥੋੜਾ ਕਰਕੇ ਕਮਾ ਲੈਂਦਾ। ਮਿੰਦਰ ਵੀ ਪਿੰਡ ਦੇ ਟੇਲਰ ਕੋਲੋਂ ਤਰਪਾਈਆਂ, ਪੌਂਚਿਆਂ ਦਾ ਕੰਮ ਲਿਆ ਕੇ ਕਰਦੀ। ਸੱਸ, ਜੌੜੇ ਪੋਤਾ-ਪੋਤੀ ਨੂੰ ਕੁਛੜੋਂ ਨਾ ਲਾਂਦੀ ।ਸੋਹਣੀ ਸੁੱਖ ਦੀ ਰੋਟੀ ਖਾਂਦਾ ਸੀ ਟੱਬਰ।

ਛਿੰਦਾ ਇਕ ਮਹੀਨੇ ਮਿੰਦਰ ਲਈ ਤੇ ਦੂਜੇ ਮਹੀਨੇ ਆਪਣੇ ਬੱਚਿਆਂ ਤੇ ਮਾਂ ਲਈ ਨਵੇਂ ਕੱਪੜੇ ਲੈਕੇ ਆਂਦਾ।

" ਹੁਣ ਨਾ ਲੈਕੇ ਆਇਆ ਕਰੋ। ਬਹੁਤ ਹੋ ਗਏ ਹੁਣ ਸਾਰੇ ਰੰਗਾਂ ਦੇ ਸੋਹਣੇ ਸੋਹਣੇ ਸੂਟ"

"ਇਹਨਾਂ ਸੋਹਣੇ ਰੰਗਾਂ 'ਚ ਤੇਰਾ ਹੁਸਨ ਹੋਰ ਵੀ ਨਿਖਰਦਾ, ਮੇਰੀ ਮਿੰਦਰੋ"

6 ਮਹੀਨੇ ਪਹਿਲਾਂ ਬਿਜਲੀ ਦੇ ਇਕ ਝਟਕੇ ਨੇ ਛਿੰਦੇ ਦੀ ਜਾਨ ਲੈ ਲਈ। ਸੱਭ ਕੁੱਝ ਉਥਲ ਪੁਥਲ ਹੋ ਗਿਆ।ਰੋਟੀ ਦੇ ਸੰਧੇ ਪੈ ਗਏ।

ਹੁਣ ਮਿੰਦਰ ਜਾਣ ਲੱਗੀ ਆਂਗਨਵਾੜੀ। ਉਹਦੇ ਆਸ ਪਾਸ ਦੀਆਂ ਤਾਹਨੇ ਕਸਦੀਆਂ

"6 ਮਹੀਨੇ ਨੀ ਹੋਏ ਖਸਮ ਮਰੇ ਨੂੰ।

ਵੇਖੋ ਤਾਂ ਸਹੀਂ ਕਿਵੇਂ ਰੰਗ ਬਰੰਗੇ ਸੂਟ ਪਾ ਪਾ ਨਿਕਲਦੀ"

"ਕੀ ਕਰਾਂ ਤਾਈ! ਉਹ ਹਰ ਰੰਗ ਦੇ ਸੂਟ ਈ ਐਨੇ ਸੁਆ ਕੇ ਦੇ ਗਿਆ ਲੱਗਦਾ ਸਾਰੀ ਉਮਰ ਨੀ ਮੁਕਣੇ। ਉਹਨੂੰ ਫਿੱਕੇ ਰੰਗਾਂ ਦੇ ਸੂਟ ਨੀ ਚੰਗੇ ਲਗਦੇ ਸੀ। ਉਹ ਮੈਨੂੰ ਇਹਨਾਂ ਰੰਗਾਂ ਚ ਦਿਸਦਾ"।

ਹਰਜੀਤ ਸੈਣੀ

ਪੰਜਾਬ ਸਟਾਰ
www.punjabstar.com

# ਭਾਰਤ ਦੀ ਕਮਿਊਨਿਸਟ ਲਹਿਰ, ਅਤੀਤ, ਵਰਤਮਾਨ 'ਤੇ ਭਵਿੱਖ



ਭਾਰਤ ਦੀ ਕਮਿਊਨਿਸਟ ਲਹਿਰ ਨੂੰ ਸ਼ੁਰੂ ਹੋਇਆਂ 100 ਸਾਲ ਤੋਂ ਉੱਪਰ ਹੋ ਚੁੱਕੇ ਹਨ। ਇਸਦੇ ਆਗੂਆਂ/ ਵਰਕਰਾਂ ਦੀ ਤੀਜੀ ਪੀੜੀ ਚੱਲ ਰਹੀ ਹੈ ਪਰ ਅੱਜ ਵੀ ਬੁੱਢੇ ਵਾਰੇ ਇਸਨੂੰ ਬੜੀ ਤਰਸਯੋਗ ਹਾਲਤ ਚੋਂ ਲੰਘਣਾ ਪੈ ਰਿਹਾ ਹੈ ਇਸ ਦੀਆਂ ਧੀਆਂ(ਕਮਿਊਨਿਸਟ ਪਾਰਟੀਆਂ) ਦੀ ਗਿਣਤੀ ਤਾਂ ਸ਼ਾਇਦ ਹੋ ਜਾਵੇ, ਪਰ ਇਸਦੀਆਂ ਪੋਤੀਆਂ /ਦੋਹਤੀਆਂ ਦੀ ਗਿਣਤੀ ਸ਼ਾਇਦ ਇਹਨਾਂ ਦੇ ਮਾਂ ਪਿਉ ਵੀ ਨਾ ਕਰ ਸਕਣ, ਉਹ ਵੀ ਆਪਣੇ ਵਾਰਸਾਂ ਨੂੰ ਸ਼ਾਇਦ ਹੀ ਪਛਾਣ ਸਕਣ, ਕਿਉਕਿ ਅਜੇ ਤੱਕ ਕੋਈ ਡੀ. ਐਨ. ਏ ਪਰਖਣ ਵਾਲੀ ਮਸੀਨ ਵੀ ਨਹੀਂ ਬਣੀ ਜਿਹੜੀ ਆਪਣੇ "ਇਨਕਲਾਬੀ ਲਾਣੇ "ਵਿੱਚੋਂ ਆਪਣੇ ਅਸਲੀ ਵਾਰਸ ਦੀ ਪਛਾਣ ਕਰ ਸਕੇ, ਪੜਨ ਸੁਣਨ ਨੂੰ ਇਹ ਗੱਲ ਕਿਸੇ "ਇਨਕਲਾਬੀ " ਨੂੰ ਵਿਅੰਗ ਲੱਗ ਸਕਦੀ ਹੈ, ਪਰ ਇਹ ਕੌੜੀ ਸਚਾਈ ਹੈ ਜਿਸਨੂੰ ਹਰ ਸੁਹਿਰਦ, ਚਿੰਤਨਸਿਲ ਕਮਿਊਨਿਸਟ ਨੂੰ ਸਵਿਕਾਰ ਕਰਨਾ ਹੀ ਪੈਣਾ ਹੈ !ਕਮਿਊਨਿਸਟ ਲਹਿਰ ਦੇ ਪਿਤਾਮਾ ਕਾਮਰੇਡ ਕਾਰਲ ਮਾਰਕਸ ਨੇ ਕਿਹਾ ਸੀ "ਵਿਗਿਆਨ ਦੇ ਦਵਾਰ ਤੇ ਨਰਕ ਦੇ ਪ੍ਰਵੇਸ਼ ਵਾਂਗ ਇਹ ਮੰਗ ਰੱਖੀ ਜਾਣੀ ਚਾਹੀਦੀ ਹੈ "ਇੱਥੇ ਆਵੋ ਦਿਲ ਨੂੰ ਕਰੜਾ ਕਰਕੇ, ਇੱਥੇ ਕਿਸੇ ਦਾ ਕੁੱਝ ਨਾ ਸੰਵਰੇ ਡਰਕੇ, ਭਾਰਤ ਦੀ ਕਮਿਊਨਿਸਟ ਲਹਿਰ ਦਾ ਜਨਮ ਭਾਵੇਂ 1920 ਵਿੱਚ ਹੋ ਗਿਆ ਸੀ ਪਰ ਅਸਲ ਵਿੱਚ 1935 ਤੱਕ ਵੀ ਪਾਰਟੀ ਕੋਲ ਕੋਈ ਗੁੰਦਵਾ ਢਾਂਚਾ ਹੀ ਨਹੀਂ ਸੀ ਤੇ ਨਾ ਕੋਈ ਇਨਕਲਾਬੀ ਪ੍ਰੋਗਰਾਮ ਸੀ, 1935 ਵਿੱਚ ਜਾਕੇ ਆਰਜੀ ਕੇਂਦਰੀ ਕਮੇਟੀ ਦਾ ਗਠਨ ਹੋ ਸਕਿਆ ਅਤੇ 1936 ਵਿੱਚ ਕਾਮਰੇਡ ਪੀ. ਸੀ. ਜੋਸ਼ੀ ਨੂੰ ਜਨਰਲ ਸਕੱਤਰ ਚੁਣਿਆ ਗਿਆ, ਜਿਸਦੀ ਅਗਵਾਈ ਵਿੱਚ ਪਾਰਟੀ ਉੱਪਰ ਸੱਜਾ ਪੱਖ ਭਾਰੂ ਰਿਹਾ ! ਪਾਰਟੀ ਦੀ ਪਹਿਲੀ ਕਾਂਗਰਸ ਮਈ ਜੂਨ 1943 ਨੂੰ ਹੋਈ ਪਰ ਕੋਈ ਠੋਸ ਪ੍ਰੋਗਰਾਮ ਫਿਰ ਵੀ ਨਾ ਬਣ ਸਕਿਆ, ਸਿਰਫ ਮਤਿਆਂ ਨਾਲ ਹੀ ਡੰਗ ਟਪਾਈ ਹੁੰਦੀ ਰਹੀ, ਇਸ ਸਮੇਂ ਦੂਰਾਨ ਵੱਡੀ ਗਲਤੀ ਇਹ ਹੋਈ ਕਿ ਦੂਜੀ ਸੰਸਾਰ ਜੰਗ ਦੂਰਾਨ ਰੂਸ ਦੀ ਪਾਰਟੀ ਪਿੱਛੇ ਲੱਗਕੇ ਬਰਤਾਨਵੀ ਸਾਮਰਾਜ ਕਰ ਦਿੱਤੀ, ਤੀਜੀ ਗਲਤੀ ਫਿਰਕੂ ਅਧਾਰ ਉੱਤੇ ਪਾਕਿਸਤਾਨ ਬਣਨ ਦੀ ਹਮਾਇਤ ਕਰਨੀ ਸੀ ਇਹ ਤਾਂ ਇਥੋਂ ਤੱਕ ਚਲੀ ਗਈ ਕੇ ਵੱਖਰੇ ਸਿੱਖ ਰਾਜ ਦੀ ਹਮਾਇਤ ਵਿੱਚ ਕਾਮਰੇਡ ਜੀ ਅਧਿਕਾਰੀ ਦੁਆਰਾ "ਸਿੱਖ ਦੇਸ਼ ਭੂਮੀਆ" ਨਾਮ ਦਾ ਥੀਸੀਸ ਛਾਪ ਕੇ ਵੱਖਰੇ ਸਿੱਖ ਰਾਜ ਦੀ ਮੰਗ ਕਰ ਦਿੱਤੀ, ਜੋ ਬਾਅਦ ਵਿੱਚ ਵਾਪਿਸ ਲੈਕੇ ਗਲਤੀ ਮੰਨਣੀ ਪਈ ਅਤੇ ਇਸ ਫੈਸਲੇ ਨਾਲ ਪਾਰਟੀ ਦੀ ਸਿਧਾਂਤਕ ਕਮਜ਼ੋਰੀ ਜੱਗ ਜਾਹਰ ਹੋ ਗਈ, 15 ਅਗਸਤ 1947 ਨੂੰ ਮਿਲੀ ਆਜ਼ਾਦੀ ਦੇ ਸਵਾਲ ਤੇ ਫਿਰ ਟੱਪਲਾ ਖਾਧਾ ਅਤੇ ਪਾਰਟੀ ਫਿਰ ਖੱਬੀ ਮਾਰਕੇਬਾਜੀ ਦਾ ਸ਼ਿਕਾਰ ਹੋਕੇ ਦੋ ਧੜਿਆਂ ਵਿੱਚ ਵੰਡੀ ਗਈ,, ਕਾਫੀ ਨੁਕਸਾਨ ਹੋਇਆ ! 1951 ਵਿੱਚ ਪਾਰਟੀ ਆਗੂਆਂ ਦਾ ਇੱਕ ਚਾਰ ਮੇਂਬਰੀ ਵਫਦ ਭਰਾਤਰੀ ਸਲਾਹ ਮਸਵਰੇ ਲਈ ਰੂਸ ਗਿਆ ਅਤੇ ਕਾ. ਸਟਾਲਿਨ ਦੀ ਅਗਵਾਈ ਵਾਲੇ ਰੂਸੀ ਡੇਲੀਗੇਸਨ ਨਾਲ ਲੰਬੇ ਸਲਾਹ ਮਸਵਰੇ ਦੇ ਅਧਾਰ ਤੇ ਪਾਰਟੀ ਪ੍ਰੋਗਰਾਮ ਦਾ ਖਰੜਾ ਤਿਆਰ ਕੀਤਾ ਜਿਸਨੂੰ 1951 ਵਿਚ ਹੋਈ ਪਾਰਟੀ ਕਾਂਗਰਸ ਵਿੱਚ ਪਾਸ ਕੀਤਾ, ਇਨਕਲਾਬ ਦੇ ਪੜਾਅ, ਦਿਸ਼ਾ, ਸਟੇਟ ਤੇ ਸਟੇਟ ਦੇ ਖਾਸੇ ਅਤੇ ਜਮਾਤੀ ਬਣਤਰ ਬਾਰੇ ਪਹਿਲੀ ਵਾਰ ਮੂਲ ਰੂਪ ਵਿੱਚ ਠੋਸ ਪ੍ਰੋਗਰਾਮ ਹੋਂਦ ਵਿੱਚ ਆਇਆ ਜਿਹੜਾ ਭਾਰਤ ਦੀਆਂ ਹਾਲਾਤਾਂ ਅਨੁਸਾਰ ਬਿਲਕੁਲ ਢੁੱਕਵਾ ਸੀ, ਇਸਦੇ ਅਧਾਰ ਤੇ ਲੜੀਆਂ 1952 ਦੀਆਂ ਚੋਣਾਂ ਸਮੇਂ ਪਾਰਟੀ ਦੂਜੀ ਵੱਡੀ ਪਾਰਟੀ ਬਣ ਕੇ ਉਭਰੀ, (ਇਸਦੇ ਪਿੱਛੇ ਪਾਰਟੀ ਵੱਲੋਂ ਲੜੇ ਗਏ ਤਲਿੰਗਾਨਾ ਤੇ ਪੈਪਸੂ ਮੁਜਾਰਾ ਘੋਲ ਦਾ ਵੱਡਾ ਯੋਗਦਾਨ ਸੀ )ਪਰੰਤੂ 1954 ਵਿੱਚ ਕਾ. ਸਟਾਲਿਨ ਦੀ ਮੌਤ ਤੋਂ ਬਾਅਦ ਰੂਸ ਦੀ ਸੱਤਾ ਤੇ ਕਾਬਜ ਹੋਈ ਖਰੁਸਚੋਵ ਜੁੰਡਲੀ ਨੇ "ਪੂਰਅਮਨ ਸਹਿਹੋਂਦ, ਪੂਰਅਮਨ ਮੁਕਾਬਲਾ, ਪੁਰ ਅਮਨ ਤਬਦੀਲੀ" ਦਾ ਸੋਧਵਾਦੀ ਸਿਧਾਂਤ ਲੈ ਆਂਦਾ ਅਤੇ ਸਾਥੀ ਸਟਾਲਿਨ ਵਿਰੁੱਧ ਕੂੜ ਪ੍ਰਚਾਰ ਵਿੱਢ ਦਿੱਤਾ ਅਤੇ ਸੀ ਪੀ ਆਈ ਵਿੱਚ ਭਾਰੂ ਗਰੁੱਪ ਇਸ ਕੂੜ ਪ੍ਰਚਾਰ ਦਾ ਸ਼ਿਕਾਰ ਹੋ ਗਿਆ ਭਾਵੇਂ ਪਾਰਟੀ ਵਿਚਲੇ ਇਨਕਲਾਬੀਆਂ ਨੇ ਇਸਦਾ ਵਿਰੋਧ ਕੀਤਾ ! 1956 ਤੋਂ ਬਾਅਦ ਪਾਰਟੀ ਲੀਡਰਸਿਪ ਨੇ ਸਿਰਫ ਚੋਣਾਂ ਰਾਹੀਂ ਪੁਨਰ ਅਮਨ ਤਬਦੀਲੀ ਤੇ ਚੱਲਣ ਵੱਲ ਵਧਣਾ ਸ਼ੁਰੂ ਕਰ ਦਿੱਤਾ ਅਤੇ ਕਾਂਗਰਸ ਨਾਲ ਸਹਿਯੋਗ ਕਰਨ ਦਾ ਰਾਹ ਆਖਤਿਆਰ ਕਰ ਲਿਆ, ਕੌਮਾਂਤਰੀ ਪੱਧਰ ਤੇ ਚੀਨ ਦੀ ਕਮਿਊਨਿਸਟ ਪਾਰਟੀ ਇਸ ਸੋਧਵਾਦੀ ਲਾਇਨ ਦਾ ਡੱਟਵਾ ਵਿਰੋਧ ਕਰ ਰਹੀ ਸੀ, ਪਰ ਬਦਕਿਸਮਤੀ ਨੂੰ 1962 ਵਿੱਚ ਚੀਨ ਨਾਲ ਸਰਹੱਦੀ ਵਿਵਾਦ ਨੂੰ ਲੈਕੇ ਜੰਗ ਹੋ ਗਈ, ਚੀਨ ਪ੍ਰਤੀ ਸਹੀ ਸਟੈਂਡ ਲੈਣ ਦੇ ਸਵਾਲ ਤੇ ਪਾਰਟੀ ਵੰਡੀ ਗਈ ਅਤੇ ਪਹਿਲਾਂ ਤੋਂ ਹੀ ਚੱਲ ਰਿਹਾ ਅੰਤਰ ਪਾਰਟੀ ਘੋਲ ਸਿਖਰ ਤੇ ਪੁੱਜ ਗਿਆ, ਨਤੀਜੇ ਵਜੋਂ 1964 ਵਿੱਚ ਪਾਰਟੀ ਵਿੱਚ ਫੁੱਟ ਪੈ ਗਈ, ਸੋਧਵਾਦੀਆਂ ਨਾਲੋਂ ਤੋੜ ਵਿਛੋੜਾ ਕਰਕੇ ਇਨਕਲਾਬੀਆਂ ਨੇ ਸੀ ਪੀ ਆਈ (ਐਮ ) ਬਣਾ ਲਈ ਅਤੇ 1951 ਦੇ ਪ੍ਰੋਗਰਾਮ ਵਿੱਚ ਕੀਤੀਆਂ ਸੋਧਾਂ ਨੂੰ ਰੱਦ ਕਰਦੇ ਹੋਏ, ਇਨਕਲਾਬ ਦਾ ਪੜਾਅ ਲੋਕ ਜਮਹੂਰੀ ਮੰਨਦੇ ਹੋਏ, ਸਰਮਾਏਦਾਰੀ ਦਾ ਕਿਰਦਾਰ ਦੋਹਰਾ, ਤੇ ਸਾਮਰਾਜ ਦੀ ਭਿਆਲ ਮੰਨਿਆ ਅਤੇ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਮਜ਼ਦੂਰ ਕਿਸਾਨ ਏਕਤਾ ਦੇ ਅਧਾਰ ਤੇ ਮੋਰਚਾ ਉਸਾਰਕੇ ਗੈਰ ਪਾਰਲੀਮਾਨੀ ਘੋਲਾਂ ਤੇ ਮੁੱਖ ਟੇਕ ਮੰਨਿਆ ਪਰ ਇਹ ਪਾਰਟੀ ਤਾਂ ਜਮਾਂਦਰੂ ਹੀ ਸੋਧਵਾਦ ਪਟੜੀ ਚੜੀ ਹੋਈ ਸੀ, ਸੀ ਪੀ ਆਈ (ਐਮ ) ਅੰਦਰਲੇ ਕੁੱਝ ਆਗੂਆਂ ਖਾਸਕਰ ਚਾਰੂ ਮਜੂਮਦਾਰ, ਕਾਨੂੰ ਸਨਿਆਲ ਵਗੈਰਾ ਨੇ ਪਾਰਟੀ ਨੂੰ "ਨਵ ਸੋਧਵਾਦੀ " ਕਹਿਕੇ ਇਸਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ, ਫਰਵਰੀ ਤੋਂ ਅਪ੍ਰੈਲ 1965 ਵਿੱਚ ਚਾਰੂ ਮਜੂਮਦਾਰ ਨੇ ਅੱਠ ਲੇਖ ਲਿਖ ਕੇ ਸੀ ਪੀ ਐਮ ਦੀ ਲੀਡਰਸਿਪ ਨੂੰ ਵੰਗਾਰਿਆ, ਇਹਨਾਂ ਨੂੰ ਬਾਅਦ ਵਿੱਚ ਨਵ ਸੋਧਵਾਦ ਦੇ ਖਿਲਾਫ "ਅੱਠ ਲੇਖਾਂ ਦਾ ਸੰਗ੍ਰਹਿ " ਦਾ ਨਾਮ ਦਿੱਤਾ ਗਿਆ। 3 ਮਈ 1967 ਨੂੰ ਪੱਛਮੀ ਬੰਗਾਲ ਦੇ ਦਰਜਿਲਿੰਗ ਜ਼ਿਲੇ ਦੇ ਸਿਲੀਗੁੜੀ ਡਵੀਜਨ ਦੀ ਸਥਾਨਿਕ ਲੀਡਰਸਿਪ ਦੀ ਅਗਵਾਈ ਵਿੱਚ ਕਿਸਾਨਾਂ ਮਜ਼ਦੂਰਾਂ ਵੱਲੋਂ ਜਗੀਰਦਾਰਾਂ ਦੀਆਂ ਜਮੀਨਾਂ ਤੇ ਕਬਜ਼ਾ ਕਰਨ ਦਾ ਅਮਲ ਵਿੱਢ ਦਿੱਤਾ ਗਿਆ ਜਿਸਨੂੰ "ਜਮੀਨ ਹਲਵਾਹਕ" ਦਾ ਨਾਮ ਦਿੱਤਾ ਗਿਆ, 23 ਮਈ 1967 ਨੂੰ ਇਹਨਾਂ ਕਬਜਿਆਂ ਦੂਰਾਨ ਨਕਸਲਵਾੜੀ ਨਾਮ ਦੇ ਇੱਕ ਪਿੰਡ ਵਿੱਚ ਹੋਈ ਝੱਪਟ ਦੂਰਾਨ ਜਖਮੀ ਹੋਏ ਇੱਕ ਪੁਲਿਸ ਇੰਸਪੈਕਟਰ (ਸੋਨਮ ਵਾਂਗਚੀ) ਦੀ ਹਸਪਤਾਲ ਮੌਤ ਹੋ ਗਈ, 25 ਮਈ 1967 ਨੂੰ ਪੁਲਿਸ ਨੇ ਗੋਲੀਆਂ ਚਲਾਕੇ 7 ਔਰਤਾਂ ਤੇ 2 ਬੱਚਿਆਂ ਸਮੇਤ 11 ਲੋਕਾਂ ਨੂੰ ਸ਼ਹੀਦ ਕਰ ਦਿੱਤਾ ਇਸ ਘਟਨਾ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ ! ਇਸ ਘਟਨਾ ਤੋਂ ਹੀ ਨਕਸਲਵਾੜੀ ਲਹਿਰ ਦੀ ਸ਼ੁਰੂਆਤ ਹੋਈ ਜੋ ਅੱਜ ਵੀ ਵੱਖ ਵੱਖ ਰੂਪਾਂ ਵਿੱਚ ਦੇਸ਼ ਵਿੱਚ ਚੱਲ ਰਹੀ ਹੈ, ਇਸ ਘਟਨਾ ਦੀ ਕੁੱਖ ਵਿੱਚੋਂ ਜਨਮੀ ਨਵੀਂ ਪਾਰਟੀ ਸੀ ਪੀ ਆਈ (ਐਮ ਐਲ) ਨਕਸਲਵਾੜੀ ਦੇ ਨਾਮ ਨਾਲ ਜਾਣੀ ਗਈ ਤੇ ਜਾਂਦੀ ਹੈ, ਚੀਨ ਦੀ ਕਮਿਊਨਿਸਟ ਪਾਰਟੀ ਦੇ ਅਖ਼ਬਾਰ "ਪੀਪਲਜ ਡੇਲੀ" ਨੇ ਇਸ ਘਟਨਾ ਨੂੰ ਭਾਰਤ ਵਿੱਚ "ਬਸੰਤ ਦਾ ਧਮਾਕਾ" ਕਿਹਾ ਪਰ ਜਲਦੀ ਹੀ ਪਾਰਟੀ ਉੱਤੇ ਹਾਵੀ ਹੋਏ ਖੱਬੇ ਮਾਰਕੇਬਾਜ ਰੁਝਾਨ ਨਾਲ ਜੋ ਫੁੱਟਾਂ ਦੋਰ ਦੀ ਜੋ ਸ਼ੁਰੂਆਤ ਹੋਈ ਸੀ ਉਹ ਅੱਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਚੱਲ ਰਹੀ ਹੈ ਕੋਈ ਵੀ ਬੀਤੇ ਦੀ ਸਮੀਖਿਆ ਜਾ ਮੁਲਾਂਕਣ ਕਰਨ ਨੂੰ ਤਿਆਰ ਨਹੀਂ ਹਰ ਧਿਰ ਆਪਣੇ ਆਪ ਨੂੰ "ਇਨਕਲਾਬੀ " ਦੂਜੇ ਨੂੰ ਸੋਧਵਾਦੀ, ਆਰਥਿਕਤਾਵਾਦੀ ਜਾਂ ਅਰਾਜਕਤਾਵਾਦੀ ਕਹੀ ਜਾਂਦੀ ਹੈ, 5 5 ਬੰਦੇ "ਇਨਕਲਾਬੀ "ਗਰੁੱਪ ਬਣਾਈ ਬੈਠੇ ਹਨ ਸਾਰੇ ਆਪਣੇ ਆਪ ਨੂੰ "ਖਰੇ ਇਨਕਲਾਬੀ " ਦਾ ਠੱਪਾ ਲਾਈ ਬੈਠੇ ਹਨ ਦੇਸ਼ ਦੇ ਚਰਿੱਤਰ ਦੇ ਸਵਾਲ ਤੇ ਇਨਕਲਾਬ ਦੇ ਰਾਹ ਦੇ ਸਵਾਲ ਤੇ ਜਾਂ ਹੋਰ ਦੋਮ ਦਰਜੇ ਦੇ ਮੁੱਦਿਆਂ ਦੇ ਸਵਾਲ ਤੇ ਹਾਕਮ ਜਮਾਤਾਂ ਨਾਲ ਘੱਟ ਆਪਸ ਵਿੱਚ "ਸਿੰਗ " ਫਸਾ ਕੇ ਬਹਿਸਾਂ ਜਿਆਦਾ ਕਰਦੇ ਹਨ ਕਾਮਰੇਡ ਲੈਨਿਨ ਦੀ ਇੱਕ ਕਿਤਾਬ ਹੈ "ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ " ਹਰ ਗਰੁੱਪ ਉਸ ਕਿਤਾਬ ਨੂੰ ਆਪਣੇ ਪੱਖ ਵਿੱਚ ਭੁਗਤਾ ਲੈਂਦਾ ਹੈ ਚੋਣਾਂ ਲੜਨ ਵਾਲੇ ਕਹਿ ਦਿੰਦੇ ਹਨ ਦੇਖੋਂ ਜੀ ਲੈਨਿਨ ਨੇ ਕਦੋਂ ਕਿਹਾ ਹੈ ਚੋਣਾਂ ਨਾ ਲੜੋ ਉਸਨੇ ਤਾਂ ਆਪ ਚੋਣਾਂ ਲੜੀਆਂ ਸਨ ਤੇ ਬਾਈਕਾਟ ਵਾਲੇ ਕਹਿ ਦਿੰਦੇ ਹਨ ਲੈਨਿਨ ਨੇ ਤਾਂ ਪਾਰਲੀਮੈਂਟ ਨੂੰ "ਸੂਰਾਂ ਦਾ ਵਾੜਾ ਕਿਹਾ ਸੀ ਇਸ ਲਈ ਚੋਣਾਂ ਲੜਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ? ਇਹ ਦੋਵੇਂ ਧਰਾਵਾਂ ਅਸਲ ਵਿੱਚ ਹਾਲਾਤਾਂ ਨਾਲੋਂ ਮਸਲਿਆਂ ਨੂੰ ਤੋੜ ਕੇ ਦੇਖਦੀਆਂ ਹਨ ਸਾਥੀ ਲੈਨਿਨ ਨੇ ਕਿਹੜੀਆਂ ਹਾਲਾਤਾਂ ਦੇ ਵਿੱਚ ਚੋਣਾਂ ਲੜਨ ਤੇ ਬਾਈਕਾਟ ਕਰਨ ਨੂੰ ਕਿਹਾ ਹੈ ਇਸ ਗੱਲ ਨੂੰ ਅੱਖੋਂ ਪਰੋਖੇ ਕਰਦੀਆਂ ਹਨ 1905 ਵਿੱਚ ਲੈਨਿਨ ਦੀ ਪਾਰਟੀ ਨੇ ਚੋਣਾਂ ਦਾ ਬਾਈਕਾਟ ਕੀਤਾ ਤੇ ਵੱਡੀ ਪੱਧਰ ਤੇ ਲੋਕਾਂ ਨੇ ਬਾਈਕਾਟ ਵਿੱਚ ਹਿੱਸਾ ਲਿਆ,ਉਸ ਸਮੇਂ ਪਾਰਟੀ ਪੂਰੀ ਤਰਾਂ ਗੁਪਤ ਸੀ ਤੇ ਫਰਵਰੀ 1917 ਵਿੱਚ ਚੋਣਾਂ ਵਿੱਚ ਹਿੱਸਾ ਲਿਆ ਉਸ ਸਮੇਂ ਪਾਰਟੀ ਅਰਧ ਗੁਪਤ ਸੀ, ਆਪਣੇ ਭਾਰਤ ਵਿੱਚ ਚੋਣਾਂ ਵਿੱਚ ਭਾਗ ਲੈਣ ਵਾਲੀਆਂ ਸੀ ਪੀ ਆਈ, ਸੀ ਪੀ ਐਮ, ਪਾਸਲਾ ਤੇ ਲਿਬਰੇਸ਼ਨ ਧਿਰਾਂ ਚੋਣਾਂ ਵਿੱਚ ਭਾਗ ਲੈਂਦੀਆਂ ਹਨ ਤੇ ਆਪਣੇ ਆਪ ਨੂੰ ਪੂਰੀ ਤਰਾਂ ਸਟੇਟ ਦੇ ਸਾਹਮਣੇ ਖੁੱਲਾ ਕੀਤਾ ਹੋਇਆ ਹੈ ਜੋ ਪੂਰੀ ਤਰਾਂ ਗਲਤ ਹੈ ਦੂਜੇ ਪਾਸੇ ਬਾਈਕਾਟ ਵਾਲੀ ਧਿਰ ਦੀ ਨੁਮਾਇੰਦਗੀ ਕਰਨ ਵਾਲੀ ਧਿਰ ਸੀ ਪੀ ਆਈ (ਮਾਓਵਾਦੀ )ਹੈ ਜਿਸਨੇ ਆਪਣੇ ਆਪ ਨੂੰ ਪੂਰੀ ਤਰਾਂ ਗੁਪਤ ਰੱਖਿਆ ਹੋਇਆ ਹੈ ਤੇ ਹਥਿਆਰਬੰਦ ਸੰਘਰਸ਼ ਕਰਦੀ ਹੈ ਜਿਸ ਕਰਕੇ ਸਟੇਟ ਨੇ ਉਸਤੇ ਪਾਬੰਦੀ ਲਗਾ ਰੱਖੀ ਹੈ ਇਹ ਵੀ ਕੋਈ ਠੀਕ ਢੰਗ ਨਹੀਂ ਹੈ ਪਰ ਕੁੱਝ ਧਿਰਾਂ ਅਜਿਹੀਆਂ ਹਨ ਨਾ ਚੋਣਾਂ ਵਿੱਚ ਹਿੱਸਾ ਲੈਂਦੀਆਂ ਹਨ ਨਾ ਬਾਈਕਾਟ ਕਰਦੀਆਂ ਹਨ ਉਹ ਧਿਰਾਂ ਕਹਿੰਦੀਆਂ ਹਨ ਕਿ ਜਨਤਕ ਜਥੇਬੰਦੀਆਂ ਦੇ ਜਰੀਏ ਪਾਰਟੀ ਹੇਠਾਂ ਤੋਂ ਉਸਰੇਗੀ , ਉਹਨਾਂ ਦੀਆਂ ਜਨਤਕ ਜਥੇਬੰਦੀਆਂ ਨਾਲ ਜੇ ਗੱਲ ਕਰੋ ਤਾਂ ਕਹਿ ਦਿੰਦੀਆਂ ਹਨ ਕਿ ਸਾਡਾ ਸਿਆਸਤ ਨਾਲ ਕੋਈ ਸਬੰਧ ਨਹੀਂ, ਉਹਨਾ ਪਾਰਟੀਆਂ ਵੀ ਗੁਪਤਤਾ ਦੇ ਨਾਮ ਤੇ ਨਾ ਹੀ ਆਪਣੀਆਂ ਜਨਤਕ ਜਥੇਬੰਦੀਆਂ ਵਿੱਚ ਤੇ ਨਾ ਹੀ ਸਿੱਧੀ ਜਨਤਾ ਵਿੱਚ ਕੋਈ ਸਰਗਰਮੀ ਨਹੀਂ ਕਰਦੀਆਂ ਤੇ ਕਰੀਬ 50ਸਾਲ ਹੋ ਗਏ "ਨਾ ਨੌ ਮਣ ਤੇਲ ਹੋਊ ਤੇ ਨਾ ਰਾਧਾ ਨੱਚੂ " ਦੀ ਕਹਾਵਤ ਮੁਤਾਬਕ ਪਤਾ ਨੀ ਕਦੋਂ ਇਹ ਇਹ ਆਪਣੀ ਸਿਆਸਤ ਲੋਕਾਂ ਨੂੰ ਦੱਸਣਗੇ ਕਦੋਂ ਪਾਰਟੀ ਬਣਾਉਣਗੇ ਕਦੋਂ ਆਪਣਾ ਜੋ ਪ੍ਰੋਗਰਾਮ ਬਣਾਉਣਗੇ ਤੇ ਕਦੋਂ ਪਾਰਟੀ ਉਸਾਰੀ ਕਰਨਗੇ "ਰੱਬ " ਹੀ ਜਾਣਦਾ ਹੈ ਪਰ ਫਿਰ ਵੀ ਵੱਡਾ ਸਵਾਲ ਇਹ ਹੈ ਕਿ ਪਾਰਟੀ ਉਸਾਰੀ ਜੋ ਲੈਨਿਨਵਾਦੀ ਢੰਗ ਹੈ ਉਹ ਇਹ ਬਣਦਾ ਹੈ ਖੁੱਲੇ ਤੇ ਗੁਪਤ ਕਾਨੂੰਨੀ ਤੇ ਗੈਰ ਕਾਨੂੰਨੀ ਸਾਰੇ ਉਹ ਢੰਗ ਅਪਨਾਉਣੇ ਚਾਹੀਦੇ ਹਨ ਜਿਸ ਨਾਲ ਸਟੇਟ ਨਾਲ ਨਜਿੱਠਣ ਦੇ ਸਾਰੇ ਹਲਾਤਾਂ ਅਨੁਸਾਰ ਕਮਿਊਨਿਸਟ ਤਿਆਰ ਰਹਿਣ, ਕੁੱਝ ਹੱਦ ਤੱਕ ਬੇਸ਼ੱਕ ਸੀ ਪੀ ਆਈ (ਐਮ ਐਲ )ਨਿਊ ਡੈਮੋਕ੍ਰੇਸੀ ਇਸ ਲਾਇਨ ਤੇ ਅਮਲ ਕਰਦੀ ਹੈ ਪਰ ਉਸਦਾ ਕੱਮ ਵੀ ਪੰਜਾਬ ਤੇ ਆਂਧਰਾ ਪਰਦੇਸ ਤੋਂ ਬਿਨਾ ਕਿਤੇ ਜਿਆਦਾ ਪ੍ਰਭਾਵ ਨਹੀਂ, ਪਰ ਆਪਣੇ ਪ੍ਰੋਗਰਾਮ ਆਪਣੀ ਸਿਆਸਤ ਲੋਕਾਂ ਵਿੱਚ ਸਾਰੇ ਤਰੀਕਿਆਂ ਨਾਲ ਲਿਜਾਂਦੀ ਹੈ ਸਾਰੇ ਗਰੁੱਪਾਂ ਨੂੰ ਸਿਰ ਜੋੜਕੇ ਬੈਠਣਾ ਚਾਹੀਦਾ ਹੈ ਨਹੀਂ ਤਾਂ ਚੋਣਾਂ ਲੜਨ ਵਾਲਿਆਂ ਨੂੰ ਬਾਈਕਾਟ ਵਾਲੇ ਸੋਧਵਾਦੀ ਕਹੀ ਜਾਂਦੇ ਹਨ ਤੇ ਉਹ ਬਾਈਕਾਟ ਵਾਲਿਆਂ ਨੂੰ ਅਰਾਜਕਤਾਵਾਦੀ ਕਹੀ ਜਾਂਦੇ ਹਨ ਤੇ ਸਾਰਾ ਫਾਇਦਾ ਸਟੇਟ ਦੇ ਹੱਕ ਵਿੱਚ ਜਾ ਰਿਹਾ ਹੈ, ਕਿਉਕਿ ਸਾਰੇ ਚੋਣਾਂ ਲੜਨ ਵਾਲੇ ਇਹ ਗੱਲ ਜਾਣਦੇ ਹਨ ਤੇ ਮੰਨਦੇ ਵੀ ਹਨ ਜਿਵੇ ਕਿ ਮਾਰਕਸ ਐਂਗਲਜ ਨੇ ਪਰਿਸ ਕਮੀਊਨ ਦੀ ਘਟਨਾ ਤੋਂ ਬਾਅਦ ਕਿਹਾ ਸੀ ਕਿ ਹਾਕਮ ਜਮਾਤਾਂ ਕਦੇ ਵੀ ਸਾਂਤਮਈ ਢੰਗ ਤਰੀਕਿਆਂ ਨਾਲ ਸੱਤਾ ਨਹੀਂ ਤਿਆਗਦੀਆਂ ਉਹਨਾਂ ਨੂੰ ਹਥਿਆਰਾਂ ਦੇ ਜ਼ੋਰ ਨਾਲ ਹੀ ਲਾਹੁਣਾ ਪੈਂਦਾ ਹੈ, ਉਸ ਤੋਂ ਬਾਅਦ 1970 ਵਿੱਚ ਚਿੱਲੀ ਤੇ ਬਾਅਦ ਇੰਡੋਨੇਸ਼ੀਆ ਦੀਆਂ ਘਟਨਾਵਾਂ ਨੇ ਦੁਨੀਆ ਭਰ ਦੇ ਕਮਿਊਨਿਸਟਾਂ ਦੀਆਂ ਅੱਖਾਂ ਖੋਲ ਦਿੱਤੀਆਂ ਸਨ ਅੱਜ ਵੀ ਜੇ ਤੁਸੀਂ ਇਨਕਲਾਬ ਦਾ ਸੁਪਨਾ ਆਪਣੀਆਂ ਅੱਖਾਂ ਦੇ ਵਿੱਚ ਸੰਜੋਇਆ ਹੋਇਆ ਹੈ ਤਾਂ ਅੱਖਾਂ ਤੇ ਦਿਮਾਗ ਖੋਲ ਕੇ ਆਪਣੇ ਅੰਦਰ ਝਾਤੀ ਮਾਰੋ !ਫਟਵੇਬਾਜੀ ਬੰਦ ਕਰੋ ਸਿਰ ਜੋੜ ਕੇ ਬੈਠੋ ਆਤਮ ਚਿੰਤਨ ਦੀ ਲੋੜ ਹੈ ਆਪਣੇ ਆਪਣੇ ਘੁਰਨਿਆਂ (ਗਰੁੱਪਾਂ ) ਦੇ ਬਾਹਰ ਝਾਤ ਮਾਰੋ ਜੇ ਕਮਿਊਨਿਸਟ ਹੋ ਜੇ ਆਪਣੇ ਆਪ ਨੂੰ ਵਿਗਿਆਨਕ ਵਿਚਾਰਧਾਰਾ ਦੇ ਪੈਰੋਕਾਰ ਹੋਂ, ਅੱਜ ਕਮਿਊਨਿਸਟ ਇਨਕਲਾਬੀ ਪਾਰਟੀ ਸੀ ਪੀ ਆਈ (ਮਾਓਵਾਦੀ ) ਤੇ ਫਾਂਸੀਵਾਦੀਆਂ ਨੇ ਪੂਰਾ ਸੂਰਾ ਹਮਲਾ ਵਿਢਿਆ ਹੋਇਆ ਹੈ ਹਰ ਰੋਜ ਖਬਰਾਂ ਆਉਂਦੀਆਂ ਹਨ ਇੰਨੇ ਨਕਸਲੀ ਮੁਕਾਬਲੇ ਵਿੱਚ ਮਾਰੇ ਗਏ, ਯਾਰ ਰੱਖੋ ਜਦੋਂ ਫਾਸੀਵਾਦੀ ਵੱਢਾਂਗਾ ਕਰਨ ਤੇ ਆਉਂਦੇ ਹਨ ਉਹ "ਸੋਧਵਾਦੀ ਜਾਂ ਇਨਕਲਾਬੀ "ਨਹੀਂ ਦੇਖਦੇ ਬੱਸ ਕਮਿਊਨਿਸਟ ਸ਼ਬਦ ਨਾਮ ਨਾਲ ਲੱਗਣਾ ਹੀ ਕਾਫੀ ਹੈ ਇੰਡੋਨੇਸ਼ੀਆ ਤੇ ਜਰਮਨੀ ਦੀਆਂ ਉਦਾਹਰਨਾਂ ਸਾਡੇ ਸਾਰਿਆਂ ਦੇ ਸਾਹਮਣੇ ਹਨ ਬਾਹਰਮੁਖੀ ਹਾਲਾਤ ਕਮਿਊਨਿਸਟ ਇਨਕਲਾਬੀ ਲਹਿਰ ਵਾਸਤੇ ਬਹੁਤ ਵਧੀਆ ਹਨ 2008 ਤੋਂ ਲੈਕੇ ਸੰਸਾਰ ਸਮਰਾਜੀ ਪ੍ਰਬੰਧ ਆਰਥਿਕ ਸੰਕਟ ਦੇ ਵਿੱਚ ਫਸਿਆ ਹੋਇਆ ਹੈ ਸਾਡਾ ਦੇਸ਼ ਭਾਰਤ ਸੰਸਾਰ ਸਮਰਾਜੀ ਪ੍ਰਬੰਧ ਡਾ ਇੱਕ ਅੰਗ ਹੈ ਕਿਸਾਨ ਅੰਦੋਲਨ ਨੇ ਲੋਕਾਂ ਸਾਹਮਣੇ ਇੱਕ ਮਾਡਲ ਪੇਸ਼ ਕੀਤਾ ਹੈ ਹੁਣ ਜਿੰਮੇਵਾਰੀ ਕਮਿਊਨਿਸਟ ਇਨਕਲਾਬੀਆਂ ਦੀ ਹੈ ਉਹ ਇਸਨੂੰ ਕਿੰਨੇ ਵਧੀਆ ਤਰੀਕੇ ਨਾਲ ਲੋਕ ਲਹਿਰ ਬਣਾਕੇ ਆਪਣੇ ਪੱਖ ਵਿੱਚ ਜਿੱਤਦੇ ਹਨ।

ਡਾ. ਗੁਰਤੇਜ ਸਿੰਘ ਖੀਵਾ, ਮੋ.7901886210

# ਜਰਖੜ ਹਾਕੀ ਅਕੈਡਮੀ ਦੇ ਚੋਣ ਟਰਾਇਲਾਂ ਨੂੰ ਭਰਵਾਂ ਹੁੰਗਾਰਾ

## 250 ਤੋਂ ਵੱਧ ਖਿਡਾਰੀਆਂ ਨੇ ਦਿੱਤੇ ਟਰਾਇਲ




ਲੁਧਿਆਣਾ 2 ਅਪ੍ਰੈਲ (ਰਘਬੀਰ ਸਿੰਘ ਕਾਹਲੋਂ): ਜਰਖੜ ਹਾਕੀ ਅਕੈਡਮੀ ਦੇ ਸਾਲ 2026 --27 ਵਰ੍ਹੇ ਦੇ ਚੋਣ ਟਰਾਇਲ ਅੱਜ ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਲੁਧਿਆਣਾ ਵਿਖੇ ਹੋਏ । ਜਿਸ ਵਿੱਚ ਇੰਨਾ ਚੋਣ ਟਰਾਇਲਾਂ ਨੂੰ ਭਰਵਾਂ ਹੁੰਗਾਰਾ ਮਿਲਿਆ। ਪੰਜਾਬ ਭਰ ਵਿੱਚੋਂ 250 ਤੋਂ ਵੱਧ ਖਿਡਾਰੀਆਂ ਨੇ ਚੋਣ ਟਰਾਇਲਾਂ ਵਿੱਚ ਹਿੱਸਾ ਲਿਆ।

ਚੋਣ ਟਰਾਇਲਾਂ ਦੀ ਪ੍ਰਕਿਰਿਆ ਤੋਂ ਬਾਅਦ 50 ਹੁਨਰਮੰਦ ਖਿਡਾਰੀਆਂ ਦੀ ਚੋਣ ਕੀਤੀ ਗਈ। ਅੰਡਰ 17 ਸਾਲ ਵਰਗ ਵਿੱਚ 132 ਖ਼ਿਡਾਰੀ ਚੋਣ ਟਰਾਇਲਾਂ ਦੇਣ ਲਈ ਪੁੱਜੇ ਜਦ ਕਿ ਅੰਡਰ 14 ਵਿੱਚ 48 ਖਿਡਾਰੀ ਅਤੇ ਅੰਡਰ 19 ਸਾਲ ਵਰਗ ਵਿੱਚ 52 ਖਿਡਾਰੀ ਚੋਣ ਟਰਾਇਲਾਂ ਲਈ ਪੁੱਜੇ। ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਹਨਾਂ ਚੁਣੇ ਗਏ ਖਿਡਾਰੀਆਂ ਨੂੰ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਚੋਣ ਟਰਾਇਲਾਂ ਦੀ ਪ੍ਰਕਿਰਿਆ ਵਿੱਚੋਂ ਵੀ ਨਿਕਲਣਾ ਪਵੇਗਾ ਜੋ ਕਿ ਟਰਾਇਲ ਅਗਲੇ ਮਹੀਨੇ ਹੋਣ ਦੀ ਸੰਭਾਵਨਾ ਹੈ। ਖੇਡ ਵਿੰਗਾਂ ਵਿੱਚ ਚੁਣੇ ਗਏ ਖਿਡਾਰੀਆਂ ਨੂੰ ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਖਾਣ ਪੀਣ ਅਤੇ ਰਹਿਣ ਸਹਿਣ ਦੀਆਂ ਸਹੂਲਤਾਂ ਮੁਹਈਆ ਕੀਤੀਆਂ ਜਾਣਗੀਆਂ। ਗਰਮੀਆਂ ਵਿੱਚ ਬੱਚਿਆਂ ਲਈ ਏਸੀ ਦੀ ਸਹੂਲਤ ਵੀ ਹੋਵੇਗੀ। ਇਹ ਚੁਣੇ ਗਏ ਖਿਡਾਰੀ ਜਿੱਥੇ ਪੰਜਾਬ ਰਾਜ ਸਕੂਲ ਖੇਡਾਂ ਵਿੱਚ ਜ਼ਿਲ੍ਹਾ ਪੱਧਰ ਤੇ ਸਿੱਧੀ ਪ੍ਰਤਿਨਿਧਤਾ ਕਰਨਗੇ ਉਥੇ ਹਾਕੀ ਇੰਡੀਆ ਵੱਲੋਂ ਕਰਵਾਈ ਜਾਂਦੀ ਅਕੈਡਮੀ ਚੈਂਪੀਅਨਸ਼ਿਪ ਵਿੱਚ ਵੀ ਕੌਮੀ ਪੱਧਰ ਤੇ ਖੇਡਣ ਦਾ ਵੀ ਮੌਕਾ ਮਿਲੇਗਾ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਜਨਰਲ ਸਕੱਤਰ ਅਤੇ ਮੁਖ ਕੋਚ ਗੁਰਸਤਿੰਦਰ ਸਿੰਘ ਪ੍ਰਗਟ, ਹਰਮੀਤ ਸਿੰਘ, ਪਰਮਜੀਤ ਸਿੰਘ ਪੰਮਾ ਗਰੇਵਾਲ, ਸੁਰਿੰਦਰ ਸਿੰਘ ਛਿੰਦਾ ਚਾਹਲ, ਮਨਜਿੰਦਰ ਸਿੰਘ ਇਆਲੀ, ਸ਼ਿੰਗਾਰਾ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸਾਤਵਿਕ-ਚਿਰਾਗ ਨੇ ਏਸ਼ੀਆ ਚੈਂਪੀਅਨਸ਼ਿਪ 'ਚੋਂ ਨਾਂ ਵਾਪਸ ਲਿਆ

## ਸਾਤਵਿਕ ਨੇ ਮੋਢੇ ਦੀ ਸੱਟ ਕਾਰਨ ਫ਼ੈਸਲਾ ਕੀਤਾ




ਭਾਰਤ ਦੀ ਸਟਾਰ ਬੈਡਮਿੰਟਨ ਜੋੜੀ ਸਾਤਵਿਕ ਸਾਈਰਾਜ ਰੰਕੀਰੈੱਡੀ ਅਤੇ ਚਿਰਾਗ ਸ਼ੈੱਟੀ ਨੇ ਮੋਢੇ ਦੀ ਸੱਟ ਕਾਰਨ ਬੈਡਮਿੰਟਨ ਏਸ਼ੀਆ ਚੈਂਪੀਅਨਸ਼ਿਪ 'ਚੋਂ ਨਾਂ ਵਾਪਸ ਲੈ ਲਿਆ ਹੈ। ਕੋਚ ਤਨ ਕਿਮ ਹੇਰ ਨੇ ਪੁਸ਼ਟੀ ਕੀਤੀ ਕਿ ਸਾਤਵਿਕ ਹਾਲੇ ਵੀ ਦਰਦ ਮਹਿਸੂਸ ਕਰ ਰਿਹਾ ਹੈ, ਜਿਸ ਕਾਰਨ ਉਹ ਇਸ ਹਫ਼ਤੇ ਨਹੀਂ ਖੇਡ ਸਕੇਗਾ। ਇਹ ਜੋੜੀ 2023 ਦੀ ਚੈਂਪੀਅਨ ਸੀ ਅਤੇ ਉਸ ਦੇ ਹਟਣ ਨਾਲ ਭਾਰਤ ਨੂੰ ਵੱਡਾ ਝਟਕਾ ਲੱਗਾ ਹੈ। ਹੁਣ ਭਾਰਤੀ ਚੁਣੌਤੀ ਦੀ ਅਗਵਾਈ ਲੈਅ ਵਿੱਚ ਚੱਲ ਰਹੇ ਲਕਸ਼ੈ ਸੇਨ ਅਤੇ ਤਜਰਬੇਕਾਰ ਪੀ ਵੀ ਸਿੰਧੂ ਕਰਨਗੇ। ਭਾਰਤ ਪਿਛਲੇ 61 ਸਾਲਾਂ ਤੋਂ ਇਸ ਮਹਾਦੀਪੀ ਮੁਕਾਬਲੇ ਵਿੱਚ ਸਿੰਗਲਜ਼ ਖ਼ਿਤਾਬ ਦੀ ਉਡੀਕ ਕਰ ਰਿਹਾ ਹੈ। ਸਾਲ 1965 ਵਿੱਚ ਦਿਨੇਸ਼ ਖੰਨਾ ਨੇ ਆਖ਼ਰੀ ਵਾਰ ਪੁਰਸ਼ ਸਿੰਗਲਜ਼ ਵਿੱਚ ਸੋਨ ਤਗ਼ਮਾ ਜਿੱਤਿਆ ਸੀ। ਆਲ ਇੰਗਲੈਂਡ ਚੈਂਪੀਅਨਸ਼ਿਪ ਦਾ ਉਪ ਜੇਤੂ ਲਕਸ਼ੈ ਸੇਨ ਆਪਣੇ ਪਹਿਲੇ ਮੈਚ ਵਿੱਚ ਹਾਂਗਕਾਂਗ ਦੇ ਲੀ ਚਿਊਕ ਯੀਊ ਨਾਲ ਭਿੜੇਗਾ। ਇਸੇ ਤਰ੍ਹਾਂ ਯੂਰੋਪੀਅਨ ਦੌਰੇ ਤੋਂ ਬਾਅਦ ਵਾਪਸੀ ਕਰ ਰਹੀ ਸਿੰਧੂ ਮਲੇਸ਼ੀਆ ਦੀ ਵੋਂਗ ਲਿੰਗ ਚਿੰਗ ਖ਼ਿਲਾਫ਼ ਕੋਰਟ 'ਤੇ ਉਤਰੇਗੀ।










